
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ

VOL - 5 ISSUE - 43
February 1, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਦੀ 8ਵੀਂ ਸਾਲਾਨਾ ਬਰਸੀ 29 ਜਨਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪੂਰਨ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀਆਂ ਦੇਣ ਲਈ ਅਹਿਮ ਸ਼ਖਸੀਅਤਾਂ ਅਤੇ ਦੂਰੋਂ ਨੇੜਿਓਂ ਸੰਗਤਾਂ ਭਾਰੀ ਗਿਣਤੀ ਵਿਚ ਪਹੁੰਚੀਆਂ।

**ਰਿਪੋਰਟ ਅਤੇ ਤਸਵੀਰਾਂ ਲਈ ਦੇਖੋ 'ਅੰਬੇਦਕਰ ਟਾਈਮਜ਼'**

# ਪੰਜਾਬੀਆਂ ਦੀ ਚੁੱਪ ਨੇ ਸਿਆਸੀ ਮਾਹਿਰਾਂ ਨੂੰ ਪਾਇਆ ਭੰਬਲਭੂਸੇ 'ਚ

**ਜਲੰਧਰ (ਬਿਊਰੋ)–** ਪੰਜਾਬ 'ਚ ਪਹਿਲੀ ਵਾਰ ਹੋ ਰਹੇ ਤਿਕੋਣੇ ਮੁਕਾਬਲਿਆਂ ਅਤੇ ਲੋਕਾਂ ਦੀ ਚੁੱਪੀ ਨੇ ਸਿਆਸੀ ਮਾਹਿਰਾਂ ਨੂੰ ਅਜਿਹਾ ਭੰਬਲਭੂਸੇ 'ਚ ਪਾਇਆ ਹੈ ਕਿ ਉਨ੍ਹਾਂ ਦੇ ਸਿਆਸੀ ਦਾਅਵੇ ਵੀ 'ਪਾਰੇ' ਵਾਂਗ ਡੋਲਣ ਲੱਗੇ ਹਨ। ਕਿਸੇ ਇਕ ਧਿਰ ਦੇ ਹੱਕ 'ਚ ਹਵਾ ਨਾ ਬਣਨ ਕਾਰਨ ਇਹ ਚੋਣ ਇਕ ਤਰ੍ਹਾਂ ਨਾਲ ਬੁਝਾਰਤ ਬਣੀ ਹੋਈ ਹੈ ਤੇ ਨਿੱਤ ਬਦਲਦੇ ਸਿਆਸੀ ਹਾਲਾਤ ਨੇ ਚੋਣਾਂ ਦੀ ਇਸ ਬੁ-ਝਾਰਤ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਨਰਿ-ੰਦਰ ਮੋਦੀ, ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਸਮੇਤ ਹੋਰ ਕੇਂਦਰੀ ਲੀਡਰਸ਼ਿਪ ਵੱਲੋਂ ਲਗਾਤਾਰ ਰੈਲੀਆਂ ਕਰਕੇ ਅਕਾਲੀ-ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਹਵਾ ਬਣ-ਾਉਣ ਦੇ ਕੀਤੇ ਜਾ ਰਹੇ ਯਤਨਾਂ, ਕੁੱਲ ਹਿੰਦ ਕਾਂਗਰਸ ਦੇ ਪ੍ਰਧਾਨ ਸ੍ਰੀ ਰਾਹੁਲ ਗਾਂਧੀ ਵਲੋਂ ਸਾਹ-ਸੱਤ ਹੀਣ ਹੋਈ ਕਾਂਗਰਸ 'ਚ ਨਵੀਂ ਰੂਹ ਫੂਕਣ ਦੀ ਕੀਤੀ ਜਾ ਰਹੀ ਕੋਸ਼ਿਸ਼ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਤੀਸਰੇ ਬਦਲ ਵਜੋਂ ਸਥਾਪਤੀ ਲਈ ਲਾਏ ਜਾ ਰਹੇ ਟਿੱਲ ਨੇ ਬੇਸ਼ੱਕ ਸੂਬੇ ਦਾ ਸਿਆਸੀ ਮਾਹੌਲ ਗਰਮਾ ਦਿੱਤਾ ਹੈ ਪਰ ਇਸ ਦੇ ਬਾਵਜੂਦ ਊਠ ਕਿਸ ਕਰਵਟ ਬੈਠੇਗਾ ਬਾਰੇ ਸਿਆਸੀ ਮਾਹਿਰ ਕਿਆਸ ਲਗਾਉਣ ਤੋਂ ਕੰਨੀ ਕਤਰਾ ਰਹੇ ਹਨ।




### ਕਾਂਗਰਸ ਨੇ ਖੇਡਿਆ ਆਖਰੀ ਪੱਤਾ

ਪਿਛਲੇ 10 ਸਾਲਾਂ ਤੋਂ ਸੱਤਾ ਤੋਂ ਦੂਰ ਰਹੀ ਕਾਂਗਰਸ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਪੇਸ਼ ਕਰਕੇ ਸੱਤਾ 'ਤੇ ਕਾਬਜ਼ ਹੋਣ ਲਈ ਆਪਣਾ ਆਖਰੀ ਪੱਤਾ ਵੀ ਖੋਲ੍ਹ ਦਿੱਤਾ ਹੈ। ਵੈਸੇ ਕੈਪਟਨ ਅਮਰਿੰਦਰ ਸਿੰਘ ਨੂੰ ਪਹਿਲਾਂ ਹੀ ਕਾਂਗਰਸ ਦੇ ਸੰਭਾਵੀ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਸੀ ਪਰ ਹਾਈਕਮਾਨ ਵੱਲੋਂ ਕੀਤੀ ਜਾ ਰਹੀ ਟਾਲ-ਮਟੋਲ ਕਾਰਨ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਰਹੇ ਸਨ ਤੇ ਕੈਪਟਨ ਖੁਦ ਵੀ ਇਸ ਸਬੰਧੀ ਸਥਿਤੀ ਸਪੱਸ਼ਟ ਕਰਨ ਲਈ ਕਾਹਲੇ ਸਨ ਤੇ ਹੁਣ ਜਦੋਂ ਰਾਹੁਲ ਗਾਂਧੀ ਵਲੋਂ ਇਸ ਸਬੰਧੀ ਐਲਾਨ ਕਰ ਦਿੱਤਾ ਗਿਆ ਹੈ ਤਾਂ ਉਨ੍ਹਾਂ ਲਈ ਇਹ ਚੋਣ 'ਜੰਗ' ਜਿੱਤਣੀ ਵੱਕਾਰ ਦਾ ਸਵਾਲ ਬਣ ਗਈ ਹੈ। ਕਿਉਂਕਿ ਪਹਿਲਾਂ ਹੀ ਦੋ ਦਰਜਨ ਦੇ ਕਰੀਬ ਸੀਟਾਂ 'ਤੇ ਬਾਗੀਆਂ ਦੇ ਵਿਰੋਧ ਦਾ ਸਾਹਮਣਾ ਕਰ ਰਹੀ ਕਾਂਗਰਸ ਨੂੰ ਹੁਣ ਆਪਣੇ ਵੋਟ ਬੈਂਕ ਦੇ ਤੀਸਰੀ ਧਿਰ ਆਮ ਆਦਮੀ ਪਾਰਟੀ ਵੱਲ ਖਿਸਕਣ ਦਾ ਡਰ ਵੀ ਸਤਾਉਣ ਲੱਗਾ ਹੈ ਪਰ ਇਸ ਸਭ ਦੇ ਬਾਵਜੂਦ ਕਾਂਗਰਸ ਲਈ ਨਵਜੋਤ ਸਿੰਘ ਸਿੱਧੂ ਸੰਜੀਵਨੀ ਬੂਟੀ ਸਾਬਤ ਹੋ ਰਹੇ ਹਨ। **(ਬਾਕੀ ਸਫਾ 5 ਤੇ)**

# ਰਾਸ਼ਟਰਪਤੀ ਟਰੰਪ ਨੂੰ ਝਟਕਾ : ਮੁਸਲਮਾਨ ਪ੍ਰਵਾਸੀਆਂ ਸਬੰਧੀ ਫ਼ੈਸਲੇ 'ਤੇ ਅਦਾਲਤ ਨੇ ਲਾਈ ਰੋਕ

## ਅਮਰੀਕਾ ਵਿਚ 7 ਮੁਸਲਿਮ ਦੇਸ਼ਾਂ ਦੇ ਸ਼ਰਨਾਰਥੀਆਂ ਦੇ ਦਾਖ਼ਲੇ 'ਤੇ ਲਾਈ ਸੀ ਪਾਬੰਦੀ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ 'ਚ ਮੁਸਲਿਮ ਦੇਸ਼ਾਂ ਤੋਂ ਲੋਕਾਂ ਦੇ ਆਉਣ 'ਤੇ ਪਾਬੰਦੀ ਲਗਾਉਣ ਦੇ ਰਾਸ਼ਟਰਪਤੀ ਟਰੰਪ ਦੇ ਹੁਕਮ ਤੋਂ ਬਾਅਦ ਉੱਥੇ ਅਦਾਲਤ ਨੇ ਰੋਕ ਲਗਾ ਦਿੱਤੀ ਹੈ। ਅਮਰੀਕਾ 'ਚ ਫਸੇ ਸ਼ਰਨਾਰਥੀਆਂ ਲਈ ਇਹ ਫੈਸਲਾ ਇਕ ਵੱਡੀ ਰਾਹਤ ਹੈ। ਉੱਥੇ ਰਾਸ਼ਟਰਪਤੀ ਟਰੰਪ ਨੇ ਇਸ ਫੈਸਲੇ ਦੀ ਸਾਰੇ ਪਾਸੇ ਅਲੋਚਨਾ ਹੋ ਰਹੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਇਸ ਫੈਸਲੇ ਦਾ ਵਿਰੋਧ ਤਾਂ ਹੋ ਹੀ ਰਿਹਾ ਹੈ, ਅਮਰੀਕਾ 'ਚ ਲੋਕ ਇਸਦੇ ਖਿਲਾਫ ਸੜਕਾਂ 'ਤੇ ਉੱਤਰ ਆਏ ਹਨ। ਪਿੱਛਲੇ ਹਫਤੇ ਹੀ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੀ ਸਹੁੰ ਲੈਣ ਵਾਲੇ ਟਰੰਪ ਦੇ ਇਸ ਫੈਸਲੇ ਦੇ ਵਿਰੋਧ 'ਚ ਪੂਰੇ ਅਮਰੀਕਾ 'ਚ ਪ੍ਰਦਰਸ਼ਨ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਸਨਿ-ਚਰਵਾਰ ਸ਼ਾਮ ਨੂੰ ਇਕ ਫੈਡਰਲ ਜੱਜ ਨੇ ਰਾਸ਼ਟਰਪਤੀ ਟਰੰਪ ਦੇ ਹੁਕਮ 'ਤੇ ਰੋਕ ਲਗਾਉਂਦੇ ਹੋਏ ਹੁਕਮ ਦਿੱਤਾ ਕਿ ਅਮਰੀਕਾ ਦੇ ਹਵਾਈ ਅੱਡੇ 'ਤੇ ਫਸੇ ਸ਼ਰਨਾਰਥੀਆਂ ਤੇ ਦੂਸਰੇ ਲੋਕਾਂ ਨੂੰ ਉਨ੍ਹਾਂ ਦੇ ਦੇਸ਼



ਭੇਜਿਆ ਜਾਵੇ। ਬਰੂਕਲਿਨ ਦੇ ਫੈਡਰਲ ਡਿਸਟ੍ਰਿਕਟ ਜੱਜ ਐਨ.ਐਮ. ਡੋਨਲੀ ਨੇ ਆਪਣੇ ਹੁਕਮ 'ਚ ਕਿਹਾ ਕਿ ਯਾਤਰੀਆਂ ਨੂੰ ਉਨ੍ਹਾਂ ਦੇ ਘਰ ਭੇਜਣ 'ਤੇ ਉਨ੍ਹਾਂ ਨੂੰ ਬਹੁਤ ਨੁਕਸਾਨ ਹੋਵੇਗਾ।

**ਮੁਸਲਮਾਨਾਂ 'ਤੇ ਰੋਕ ਨਹੀਂ**

ਅਮਰੀਕਾ ਦੇ ਰਾਸ਼ਟਰਪਤੀ ਵਲੋਂ ਮੁਸਲਮਾਨਾਂ ਦੇ 7 ਦੇਸ਼ਾਂ 'ਤੇ ਰੋਕ ਲਾਉਣ ਸਬੰਧੀ ਦਿੱਤੇ ਫੈਸਲੇ ਦੇ ਹੋ ਰਹੇ ਵਿਰੋਧ ਕਾਰਨ ਉਸ ਨੇ ਆਪਣਾ ਬਚਾਅ ਕਰਦਿਆਂ ਕਿਹਾ ਕਿ ਇਸ ਫੈਸਲੇ ਨਾਲ ਬਹੁਤ ਬਾਖੂਬੀ ਢੰਗ ਨਾਲ ਸਾਰੀ ਕਾਰਵਾਈ ਹੋ ਰਹੀ ਹੈ ਅਤੇ ਇਸਦਾ ਮਤਲਬ ਮੁਸਲਮਾਨਾਂ 'ਤੇ ਰੋਕ ਲਗਾਉਣਾ ਨਹੀਂ ਹੈ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਹ ਮੁਸਲਮਾਨਾਂ 'ਤੇ ਬਲਕਿ ਕੁੱਝ ਪ੍ਰਮੁੱਖ ਦੇਸ਼ਾਂ 'ਤੇ ਰੋਕ ਲਗਾਈ ਗਈ ਹੈ। ਅੱਜ ਵਾਈਟ ਹਾਉਸ ਵੱਲੋਂ ਰਾਸ਼ਟਰਪਤੀ ਦਾ ਬਚਾਅ ਕਰਦਿਆਂ ਕਿਹਾ ਕਿ ਇਹ ਕੋਈ ਨਵਾਂ ਜਾਂ ਅਚਾਨਕ ਲਿਆ **(ਬਾਕੀ ਸਫਾ 5 ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538


SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets




INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS


ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਮਾਇਆਵਤੀ ਵੱਲੋਂ ਮਹਿਲ ਕਲਾਂ ਵਿਖੇ ਕੀਤੀ ਗਈ ਮਹਾਂ ਰੈਲੀ

## 70 ਸਾਲਾਂ 'ਚ ਕਾਂਗਰਸ ਅਤੇ ਭਾਜਪਾ ਨੇ ਦਲਿਤਾਂ ਦਾ ਵਿਕਾਸ ਨਹੀਂ ਸਗੋਂ ਵਿਨਾਸ਼ ਕੀਤਾ-ਮਾਇਆਵਤੀ








**ਮਹਿਲ ਕਲਾਂ/ ਬਰਨਾਲਾ (ਕੁਲਵੰਤ ਸਿੰਘ ਟਿੱਬਾ)–** ਬਹੁਜਨ ਸਮਾਜ ਪਾਰਟੀ ਦੇ ਹਲਕਾ ਮਹਿਲ ਕਲਾਂ ਤੋਂ ਉਮੀਦਵਾਰ ਡਾ: ਮੱਖਣ ਸਿੰਘ ਦੇ ਹੱਕ ਵਿੱਚ ਸਥਾਨਕ ਅਨਾਜ ਮੰਡੀ ਵਿਖੇ ਹੋਈ ਮਹਾਂ ਰੈਲੀ ਨੇ ਪਿਛਲੇ ਸਮੇਂ ਵਿੱਚ ਹੋਈਆਂ ਸਾਰੀਆਂ ਚੋਣ ਰੈਲੀਆਂ ਦੇ ਸਾਰੇ ਰਿਕਾਰਡ ਤੋੜ ਦਿੱਤੇ। ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਹੋਏ ਇਸ ਸਮਾਗਮ ਵਿੱਚ ਲੋਕਾਂ ਦੇ ਜਨ ਸਮੂਹ ਨੂੰ ਸੰਬੋਧਨ ਕਰਦਿਆਂ ਬਸਪਾ ਦੀ ਰਾਸ਼ਟਰੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਨੇ ਕਿਹਾ ਕਿ ਸਾਡੀ ਪਾਰਟੀ ਸਾਰੀਆਂ ਸੀਟਾਂ ਤੇ ਪੂਰੀ ਤਿਆਰੀ ਨਾਲ਼ ਲੜ ਰਹੀ ਹੈ। ਅਸੀਂ ਸਾਰੇ ਆਦਿਵਾਸੀਆਂ ਦੀ ਸਥਿਤੀ ਵਿੱਚ ਕੋਈ ਅੰਤਰ ਨਹੀਂ ਆਇਆ। ਇਹਨਾਂ ਵਰਗਾਂ ਨਾਲ਼ ਅੱਜ ਤੱਕ ਅਨਿਆਂ ਹੁੰਦਾ ਆ ਰਿਹਾ ਹੈ। ਬਾਬਾ ਸਾਹਿਬ ਦੁਆਰਾ ਦਿੱਤੇ ਅਧਿਕਾਰਾਂ ਨੂੰ ਇੱਕ ਸਾਜਿਸ਼ ਦੇ ਤਹਿਤ ਖਤਮ ਕੀਤਾ ਜਾ ਰਿਹਾ ਹੈ। ਪ੍ਰਾਈਵੇਟ ਸੈਕਟਰ ਵਿੱਚ ਰਾਖਵਾਂਕਰਣ ਦਿੱਤੇ ਵਗੈਰ ਹੀ ਉਦਯੋਗਪਤੀਆਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਐਸ ਸੀ, ਐਸ ਟੀ ਵਰਗਾਂ ਦੀ ਰਿਜਰਵੇਸ਼ਨ ਦੇ ਖਿਲਾਫ ਮਾਮਲਾ ਸੁਪਰੀਮ ਕੋਰਟ ਵਿੱਚ ਲਿਜਾਇਆ ਗਿਆ। ਸੁਪਰੀਮ ਕੋਰਟ ਨੇ ਤਰੱਕੀ ਵਿੱਚ ਰਿਜਰਵੇਸ਼ਨ ਤੇ ਕਈ ਰੋਕਾਂ ਲਗਾ ਦਿੱਤੀਆਂ। ਮੈਂ ਕਾਗਰਸ ਦੀ ਸਰਕਾਰ ਨੂੰ ਕਿਹਾ ਕਿ ਇਸ ਮਾਮਲੇ ਤੇ ਸੰਸਦ ਵਿੱਚ ਸੰਸੋਧਨ ਬਿਲ ਲਿਆਂਦਾ ਜਾਵੇ ਪਰ ਕਾਂਗਰਸ ਨੇ ਇਸ ਕੋਈ ਧਿਆਨ ਨਹੀਂ ਦਿੱਤਾ। ਸਾਡੀ ਪਾਰਟੀ ਨੇ ਜੋਰ ਲਗਾਇਆ ਤਾਂ ਇਹ ਰਾਜ ਸਭਾ ਵਿੱਚ ਤਾਂ ਪਾਸ ਹੋ ਗਿਆ ਪਰ ਲੋਕ ਸਭਾ ਵਿੱਚ ਕਾਂਗਰਸ ਦੀ ਮਿਲੀ ਭੁਗਤ ਕਾਰਨ ਪਾਸ ਨਹੀਂ ਹੋ ਸਕਿਆ। ਅੱਜ ਸਥਿਤੀ ਇਹ ਹੈ ਕਿ ਰਿਜਰਵੇਸ਼ਨ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੱਚਰ ਕਮੇਟੀ ਦੀ ਰਿਪੋਰਟ ਅਨੁਸਾਰ ਘੱਟ ਗਿਣਤੀਆਂ ਦੀ ਸਥਿਤੀ ਵੀ ਕਾਫੀ ਖਰਾਬ ਹੈ।ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਬੇਰੁਜਗਾਰੀ, ਗਰੀਬੀ ਤੇ ਮਹਿੰਗਾਈ ਵਧ ਰਹੀ ਹੈ।

ਦੇਸ਼ ਵਿੱਚ ਕੁੱਝ ਗਿਣੇ ਚੁਣੇ ਵਿਅਕਤੀਆਂ ਦੇ ਵਿਕਾਸ ਦੀ ਬਜਾਏ ਗਰੀਬਾਂ ਦੇ ਵਿਕਾਸ ਦੀ ਜਰੂਰਤ ਹੈ। ਪੰਜਾਬ ਵਿੱਚ ਜਿਆਦਾ ਸੱਤਾ ਕਾਂਗਰਸ, ਅਕਾਲੀ ਤੇ ਬੀਜੇਪੀ ਕੋ਼ਲ ਰਹੀ ਹੈ। ਇਹ ਪਾਰਟੀਆਂ ਗਰੀਬਾਂ ਨੂੰ ਮੁੱਖ ਰੱਖਕੇ ਆਪਣੀਆਂ ਨੀਤੀਆਂ ਨਹੀਂ ਤਿਆਰ ਕਰਦੀਆਂ। ਪਿੰਡਾਂ ਵਿੱਚ ਵਸਣ ਵਾ਼ਲੇ ਲੋਕਾਂ ਦੀ ਹਾਲਤ ਮਾੜੀ ਹੈ।

ਅਜਿਹੀ ਸਥਿਤੀ ਵਿੱਚ ਜੇਕਰ ਤੁਸੀਂ ਮਾੜੀਆਂ ਹਾਲਤਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਇਹਨਾਂ ਪਾਰਟੀਆਂ ਨੂੰ ਸੱਤਾ ਵਿੱਚ ਆਉਣ ਤੋਂ ਰੋਕਣਾ ਹੋਵੇਗਾ। ਉਹਨਾਂ ਕਿਹਾ ਕਿ ਬਸਪਾ ਐਸੀ ਪਾਰਟੀ ਹੈ ਜਿਸ ਕੋ਼ਲ ਅਮੀਰਾਂ ਤੇ ਉਦਯੋਗਪਤੀਆਂ ਦਾ ਫੰਡ ਨਹੀਂ ਆਉਂਦਾ। ਅਸੀਂ ਆਪਣੀ ਸਰਕਾਰ ਉੱਤਰ ਪ੍ਰਦੇਸ਼ ਵਿੱਚ ਬਣਨ ਤੇ ਪਿੰਡਾਂ ਦਾ ਵਿਕਾਸ ਵੱਲ ਧਿਆਨ ਦੇ ਕੇ ਬੇਘਰਿਆਂ ਨੂੰ ਦੋ ਦੋ ਕਮਰਿਆਂ ਦੇ ਮਕਾਨ ਬਣਾ ਕੇ ਦਿੱਤੇ। ਕਿਸੇ ਕਿਸਾਨ ਦੀ ਜਮੀਨ ਖੋਹਣ ਬਿਨਾਂ ਤਿੰਨ ਤਿੰਨ ਏਕੜ ਦੇ ਪੱਟੇ ਬੇਜਮੀਨਿਆਂ ਨੂੰ ਜਮੀਨ ਦਿੱਤੀ। ਬੇਰੁਜਗਾਰਾਂ ਨੂੰ ਰੁਜਗਾਰ ਦਿੱਤਾ।

ਉਹਨਾਂ ਕਿਹਾ ਕਿ ਸਾਡੀ ਸਰਕਾਰ ਨੇ ਸਰਬ ਸਮਾਜ ਨੂੰ ਮੁਖ ਰੱਖਦਿਆਂ ਹੋਇਆਂ ਸੁਰੱਖਿਆ ਦਿੱਤੀ ਅਤੇ ਗੁੰਡਿਆਂ ਨੂੰ ਉਹਨਾਂ ਦੀ ਅਸਲੀ ਜਗ੍ਹਾ ਜੇਲ੍ਹ ਵਿੱਚ ਭੇਜਿਆ। ਪੰਜਾਬ ਸਮੇਤ ਦੇਸ਼ ਦੇ ਕਈ ਸੂਬਿਆਂ ਵਿੱਚ ਕਿਸੇ ਦੀ ਐਫ ਆਈ ਆਰ ਵੀ ਨਹੀਂ ਲਿਖੀ ਜਾਂਦੀ। ਇਸ ਦਾ ਅੰਤ ਤੁਹਾਡੀ ਆਪਣੀ ਸਰਕਾਰ ਹੀ ਕਰ ਸਕਦੀ ਹੈ।

ਉਹਨਾਂ ਕਿਹਾ ਕਿ ਵੋਟ ਲੈਣ ਵਾਸਤੇ ਤਾਂ ਸਾਰੀਆਂ ਪਾਰਟੀਆਂ ਬਾਬਾ ਸਾਹਿਬ ਦਾ ਨਾਮ ਲੈਂਦੀਆਂ ਹਨ ਪਰ ਅਸਲ ਵਿੱਚ ਉਹ ਸਭ ਦਲਿਤ ਵਰਗ ਦੀਆਂ ਵਿਰੋਧੀ ਹਨ। ਉਹਨਾਂ ਕਿਹਾ ਕਿ ਉੱਤਰ ਪ੍ਰਦੇਸ਼ ਵਾਂਗ ਪੰਜਾਬ ਵਿੱਚ ਵੀ ਆਪਣੀ ਸਰਕਾਰ ਬਣਾਓ ਤਾਂ ਜੋ ਦੁੱਖਾਂ ਅਤੇ ਗੈਰ ਬਰਾਬਰੀ ਵਾ਼ਲੀ ਵਿਵਸਥਾ ਨੂੰ ਖਤਮ ਕੀਤਾ ਜਾ ਸਕੇ।

ਉਹਨਾਂ ਕਿਹਾ ਕਿ ਪੰਜਾਬ ਦੀ ਮੁੱਖ ਸਮੱਸਿਆ ਬੇਰੁਜਗਾਰੀ ਤੇ ਨਸ਼ੇ ਹਨ। ਉਹਨਾਂ ਕਿਹਾ ਕਿ ਜੇਕਰ ਸਾਡੀ ਪਾਰਟੀ ਜੇਕਰ ਪੰਜਾਬ ਵਿੱਚ ਸੱਤਾ ਵਿੱਚ ਆ ਜਾਂਦੀ ਹੈ ਤਾਂ ਨਸ਼ੇ ਦੇ ਧੰਦੇ ਨੂੰ ਜੜ ਤੋਂ ਖਤਮ ਕਰ ਦਿੱਤਾ ਜਾਵੇਗਾ ਅਤੇ ਨਸ਼ਿਆਂ ਦੇ ਸੁਦਾਗਰਾਂ ਨੂੰ ਪਕੜ ਕੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਆਖਰੀ ਸਮੇਂ ਤੇ ਵਿਰੋਧੀ ਪਾਰਟੀਆਂ ਆਪਣੀ ਹਵਾ ਬਣਾਉਣ ਲਈ ਮੀਡੀਆ ਦਾ ਸਹਾਰਾ ਲੈ ਕੇ ਗਲਤ ਪ੍ਰਚਾਰ ਕਰਦੀਆਂ ਹਨ ਇਹਨਾਂ ਦੇ ਬਹਿਕਾਵੇ ਵਿੱਚ ਨਹੀਂ ਆਉਣਾ।

ਉਹਨਾਂ ਕਿਹਾ ਕਿ ਬੀਜੇਪੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ 100 ਦਿਨਾਂ ਵਿੱਚ ਦੇਸ਼ ਦੇ ਬਾਹਰ ਪਏ ਪੈਸੇ ਨੂੰ ਦੇਸ਼ ਵਿੱਚ ਲਿਆ ਕੇ 15-15 ਲੱਖ ਰੁਪਿਆ ਹਰ ਇੱਕ ਦੇ ਖਾਤੇ ਵਿੱਚ ਪਾਉਣ ਦਾ ਵਾਅਦਾ ਕੀਤਾ ਸੀ ਪਰ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਬਿਲਕੁਲ ਚੁੱਪ ਹੋ ਗਏ ਹਨ। ਨੋਟਬੰਦੀ ਵੀ ਕਾਹ਼ਲੀ ਵਿੱਚ ਕੀਤੀ ਗਈ ਅਤੇ ਇਸਦੀ ਸੂਚਨਾ ਪਹਿਲਾਂ ਹੀ ਆਪਣੇ ਹਮਾਇਤੀਆਂ ਨੂੰ ਦੇ ਦਿੱਤੀ ਤਾਂ ਜੋ ਧੰਨਾ ਸੇਠਾਂ ਦਾ ਪੈਸਾ ਸੁਰੱਖਿਅਤ ਰੱਖਿਆ ਜਾ ਸਕੇ।

ਉਹਨਾਂ ਕਿਹਾ ਕਿ ਅਸੀਂ ਚੋਣ ਘੋਸ਼ਣਾ ਪੱਤਰ ਜਾਰੀ ਨਹੀਂ ਕਰਦੇ ਕਿਉਂਕਿ ਅਸੀਂ ਕਹਿਣ ਦੀ ਬਜਾਏ ਕਰ ਕੇ ਦਿਖਾਉਂਦੇ ਹਾਂ। ਉਹਨਾਂ ਕਿਹਾ ਕਿ ਜਿਹੜੇ ਵਿਅਕਤੀਆਂ ਨੂੰ ਪਾਰਟੀ ਦਾ ਟਿਕਟ ਮਿਲਿਆ ਹੈ ਉਹਨਾਂ ਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਭੇਜੋ।

ਹੋਰਨਾਂ ਤੋਂ ਇਲਾਵਾ ਸੂਬਾ ਇੰਚਾਰਜ ਪ੍ਰਕਾਸ਼ ਭਾਰਤੀ, ਸੂਬਾ ਸਕੱਤਰ ਗੁਰਮੇਲ ਸਿੰਘ ਚੰਧੜ, ਅਜੀਤ ਸਿੰਘ ਭੈਣੀ, ਡਾ: ਮੱਖਣ ਸਿੰਘ ਸ਼ੇਰਪੁਰ, ਕੁਲਵੰਤ ਸਿੰਘ ਟਿੱਬਾ, ਬਲਵਿੰਦਰ ਬਿੱਟਾ, ਸਰਬਜੀਤ ਸਿੰਘ, ਸੰਤ ਰਾਮ ਮੱਲ੍ਹੀਆਂ, ਜਗਦੀਪ ਗੋਗੀ, ਜੋਗਾ ਸਿੰਘ ਪਨੋਂਦੀਆਂ, ਕੁਲਦੀਪ ਸਿੰਘ ਸਰਦੂਲਗੜ੍ਹ ਆਦਿ ਆਗੂਆਂ ਨੇ ਵੀ ਲੋਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ।

## ਪੰਜਾਬ ਅੰਦਰ ਬਸਪਾ ਦੀ ਸਰਕਾਰ ਬਣਨ ਤੇ ਨਸ਼ਿਆ ਨੂੰ ਜੜ ਤੋਂ ਖਤਮ ਕਰਕੇ ਡਰੱਗ ਮਾਫੀਆ ਨੂੰ ਜੇਲ੍ਹਾਂ 'ਚ ਬੰਦ ਕੀਤਾ ਜਾਵੇਗਾ:- ਮਾਇਆਵਤੀ





**ਫਗਵਾੜਾ (ਬੀ ਕੇ ਰੱਤੂ)–** ਪੰਜਾਬ ਅੰਦਰ ਬਸਪਾ ਸਰਕਾਰ ਬਣਨ ਤੇ ਨਸ਼ਿਆ ਨੂੰ ਜੜਤੋ ਖਤਮ ਕਰਕੇ ਡਰੱਗ ਮਾਫੀਆ ਨੂੰ ਜੇਲ੍ਹਾਂ 'ਚ ਬੰਦ ਕਰਨ ਦਾ ਕੰਮ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ। ਉਕਤ ਵਿਚਾਰਾ ਦਾ ਪ੍ਰਗਟਾਵਾ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ ਨੇ ਫਗਵਾੜਾ ਦੀ ਦਾਣਾ ਮੰਡੀ ਵਿਖੇ ਰੱਖੀ ਗਈ ਚੋਣ ਰੈਲੀ ਦੇ ਰਿਕਾਰਡ ਤੋਡ ਇਕੱਠ ਨੂੰ ਸਬੋਧਨ ਕਰਦਿਆ ਕੀਤਾ। ਮਾਇਆਵਤੀ ਨੇ ਕਿਹਾ ਕੇਂਦਰ ਦੀ ਮੋਦੀ ਸਰਕਾਰ ਵਲੋ ਬਿਨ੍ਹਾਂ ਕਿਸੇ ਤਿਆਰੀ ਦੇ ਨੋਟਬੰਦੀ ਦੇ ਲਏ ਗਏ ਫੈਸਲੇ ਨਾਲ ਦੇਸ ਦੀ ਜਨਤਾ ਦਾ ਕਾਫੀ ਨੁਕਸਾਨ ਕੀਤਾ ਅਤੇ ਹਰ ਵਰਗ ਨੂੰ ਇਸ ਫੈਸਲੇ ਕਾਰਨ ਕਾਫੀ ਦਿੱਕਤਾ ਦਾ ਸਾਹਮਣਾ ਕਰਨਾ ਪਿਆ ਜਿਸ ਦੀ ਸਜਾ ਆਉਣ ਵਾਲੀਆ ਵਿਧਾਨ ਸਭਾ ਚੋਣਾ ਵਿੱਚ ਦੇਸ ਦੇ ਲੋਕ ਭਾਜਪਾ ਤੇ ਇਸ ਦੇ ਸਹਿਯੋਗੀ ਦਲਾ ਨੂੰ ਹਰਾਕੇ ਦੇਣਗੇ। ਨੋਟਬੰਦੀ ਕਰਨ ਤੋ ਪਹਿਲਾ ਹੀ ਕੇਦਰ ਦੀ ਮੋਦੀ ਸਰਕਾਰ ਨੇ ਪਾਰਟੀ ਆਗੂਆਂ ਅਤੇ ਪੂੰਜੀਪਤੀਆ ਦਾ ਕਾਲਾ ਧੰਨ ਸਫੇਦ ਕਰਵਾ ਲਿਆ ਸੀ । ਉਨ੍ਹਾਂ ਨੇ ਕਿਹਾ ਕਿ ਕੇਦਰ ਦੀ ਮੋਦੀ ਸਰਕਾਰ ਨੇ ਕੁਝ ਪੂੰਜੀਪਤੀਆ ਦਾ ਵਿਕਾਸ ਕਰਨ ਤੋ ਸਵਾਏ ਹੋਰ ਕੋਈ ਕੰਮ ਨਹੀ ਕੀਤਾ। ਮੋਦੀ ਸਰਕਾਰ ਨੇ ਸੱਤਾ 'ਚ ਆਉਣ ਤੋ ਪਹਿਲਾ ਦੇਸ ਦੀ ਜਨਤਾ ਨਾਲ ਵਾਅਦਾ ਕੀਤਾ ਸੀ ਕਿ ਕਾਲਾ ਧੰਨ 100 ਦਿਨਾਂ ਦੇ ਅੰਦਰ ਵਾਪਿਸ ਲਿਆਕੇ ਹਰਕੇ ਗਰੀਬ ਦੇ ਖਾਤੇ ਵਿੱਚ 15-20 ਲੱਖ ਰੁਪਏ ਆਉਣਗੇ ਪਰ ਸੱਤਾ ਦੇ ਆਉਣ ਤੋ ਬਾਅਦ ਮੋਦੀ ਸਰਕਾਰ ਨੇ ਇਨ੍ਹਾਂ ਵਾਅਦਿਆ ਨੂੰ ਠੰਡੇ ਵਸਤੇ ਵਿੱਚ ਸੁੱਟਕੇ ਲੋਕਾਂ ਨੂੰ ਆਪਣੇ ਪੈਸੇ ਹੀ ਲੈਣ ਲਈ ਬੈਕਾਂ ਵਿੱਚ ਖੱਜਲ ਖੁਆਰ ਹੋਣ ਲਈ ਲਾਇਨਾ ਵਿੱਚ ਲਗਾ ਦਿੱਤਾ। ਨੋਟਬੰਦੀ ਕਾਰਨ ਦੇਸ ਦੇ ਮਾਧਿਅਮ ਵਰਗ ਨੂੰ ਕਾਫੀ ਮੁਸਕਿਲਾ, ਪ੍ਰੇਸ਼ਾਨੀਆ ਦਾ ਸਾਹਮਣਾ ਕਰਨਾ ਪਿਆ ਹੈ ਇਸ ਫੈਸਲੇ ਪ੍ਰਤੀ ਦੇਸ ਅਤੇ ਪ੍ਰਦੇਸ ਦੀ ਜਨਤਾ ਵਿੱਚ ਕਾਫੀ ਗੁੱਸਾ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਅੰਦਰ ਨਸ਼ਿਆ ਅਤੇ ਬੇਰੁਜਗਾਰੀ ਦੀ ਬਹੁਤ ਵੱਡੀ ਸਮੱਸਿਆ ਹੈ ਜਿਸ ਲਈ ਪ੍ਰਦੇਸ ਅੰਦਰ ਰਾਜ ਕਰ ਰਹੀ ਅਕਾਲੀ ਭਾਜਪਾ ਸਰਕਾਰ ਜਿੰਮੇਵਾਰ ਹੈ ਉਨ੍ਹਾਂ ਨੇ ਕਿਹਾ ਕਿ ਮਾਇਆਵਤੀ ਨੇ ਕੇਦਰ ਦੀ ਮੋਦੀ ਸਰਕਾਰ ਅਤੇ ਇਸ ਤੋ ਪਹਿਲਾ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਤੇ ਦੋਸ ਲਗਾਉਦਿਆ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਦਲਿਤਾਂ ਅਤੇ ਪੱਛੜੇ ਸਮਾਜ ਨੂੰ ਮਿਲ ਰਹੇ ਰਜਿਰਵਏਸ਼ਨ ਨੂੰ ਖਤਮ ਕਰਨ ਲਈ ਹੱਥਕੰਡੇ ਵਰਤੇ ਜਾ ਰਹੇ ਹਨ ਉਨ੍ਹਾਂ ਨੇ ਕਿਹਾ ਕਿ ਬਸਪਾ ਨੇ ਇਸ ਮੁੱਦੇ ਵਿਰੁੱਧ ਲੋਕ ਸਭਾ ਅਤੇ ਰਾਜ ਸਭਾ ਵਿੱਚ ਬਹੁਤ ਹੀ ਵਧੀਆ ਤਰੀਕੇ ਨਾਲ ਅਵਾਜ ਉਠਾਈ ਸੀ ਪਰ ਸਰਕਾਰ ਪ੍ਰਾਈਵੇਟੇਸ਼ਨ ਕਰਕੇ ਰਜਿਰਵਏਸ਼ਨ ਨੂੰ ਖਤਮ ਕਰਨ ਜਾ ਰਹੀ ਹੈ ।

ਮਾਇਆਵਤੀ ਨੇ ਪੰਜਾਬ ਵਾਸੀਆ ਨਾਲ ਵਾਅਦਾ ਕੀਤਾ ਕਿ ਪੰਜਾਬ ਅੰਦਰ ਬਸਪਾ ਸਰਕਾਰ ਬਣਨ ਤੇ ਉੱਤਰ ਪ੍ਰਦੇਸ਼ ਦੀ ਤਰਜ ਤੇ ਪੰਜਾਬ ਵਿਚੋ ਗਰੀਬੀ, ਬੇਰੁਜਗਾਰੀ, ਮਹਿਗਾਈ, ਭ੍ਰਿਸਟਾਚਾਰ ਅਤੇ ਨਸ਼ਿਆ ਦਾ ਖਾਤਮਾ ਕਰਕੇ ਸਰਵ ਸਮਾਜ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਕੰਮ ਕੀਤਾ ਜਾਵੇਗਾ ਤੇ ਨਾਲ ਹੀ ਪੰਜਾਬ ਅੰਦਰ ਗਰੀਬ ਤੇ ਕੰਮਜੋਰ ਵਰਗਾ ਦੇ ਹੋ ਰਹੇ ਅੱਤਿਆਚਾਰਾਂ ਨੂੰ ਰੋਕਣ ਲਈ ਵਿਸੇਸ਼ ਤੋਰ ਤੇ ਧਿਆਨ ਦਿੱਤਾ ਜਾਵੇਗਾ।

ਮਾਇਆਵਤੀ ਨੇ ਅੰਤ ਵਿੱਚ ਬਸਪਾ ਵਲੋ ਪੰਜਾਬ ਵਿਧਾਨ ਸਭਾ ਚੋਣਾਂ ਲਈ ਖੜੇ ਕੀਤੇ ਸਾਫ ਸੁੱਥਰੀ ਸ਼ਵੀ ਵਾਲੇ ਉਮੀਦਵਾਰਾਂ ਨੂੰ ਹਾਥੀ ਵਾਲਾ ਬਟਨ ਦਬਾਕੇ ਜਿਤਾਉਣ ਦੀ ਵੀ ਅਪੀਲ ਕੀਤੀ ਤਾ ਜੋ ਪੰਜਾਬ ਅੰਦਰ ਬਸਪਾ ਦੀ ਸਰਕਾਰ ਬਣ ਸਕੇ। ਇਸ ਮੋਕੇ ਤੇ ਡਾ ਮੇਘਰਾਜ ਸਿੰਘ ਇੰਚਾਰਜ ਬਸਪਾ ਪੰਜਾਬ, ਰਛਪਾਲ ਰਾਜੂ ਸੂਬਾ ਪ੍ਰਧਾਨ ਪੰਜਾਬ, ਅਵਤਾਰ ਸਿੰਘ ਕਰੀਮਪੁਰੀ, ਮਾਸਟਰ ਹਰਭਜਨ ਸਿੰਘ ਬਲਾਲੋ ਮੰਡਲ ਕੋਆਡੀਨੇਟਰ, ਰਚਨਾ ਦੇਵੀ, ਉਮੀਦਵਾਰ ਸੁਰਿੰਦਰ ਢੰਡਾ, ਹਰਭਜਨ ਖਲਵਾੜਾ, ਰਮੇਸ ਕੌਲ ਤਹਿਸੀਲ ਪ੍ਰਧਾਨ, ਪ੍ਰਵੀਨ ਬੰਗਾ, ਗੁਰਮੇਲ ਚੁੰਬਰ, ਚੌਧਰੀ ਗੁਰਨਾਮ ਸਿੰਘ, ਸੁਖਵਿੰਦਰ ਸਿੰਘ ਕੋਟਲੀ, ਬਲਵਿੰਦਰ ਕੁਮਾਰ, ਹਰਦੇਵ ਕੌਰ ਸਾਂਤ, ਕਾਲਾ ਪ੍ਰਭਾਕਰ ਸਹਿਰੀ ਪ੍ਰਧਾਨ, ਰਜਿੰਦਰ ਸਿੰਘ ਰੀਹਲ, ਪੀ. ਡੀ. ਸਾਂਤ, ਰਾਮ ਮੂਰਤੀ ਖੇੜਾ, ਤਰਸੇਮ ਚੁੰਬਰ, ਕਮਲ ਲੱਖਪੁਰ, ਡਾਕਟਰ ਕਿਰਨਪ੍ਰੀਤ ਕੌਰ, ਅਮਨਪ੍ਰੀਤ ਅਸਟੇਲੀਆ, ਕੇਲਾਸ ਬੰਗੜ੍ਹ, ਧਰਮਿੰਦਰ ਭੁੱਲਾਰਾਈ, ਪਰਮਿੰਦਰ ਪਲਾਹੀ, ਠੇਕੇਦਾਰ ਰਜਿੰਦਰ ਸਿੰਘ ਉਮੀਦਵਾਰ ਬੰਗਾ, ਬਖਸੀਸ ਸਿੰਘ ਉਮੀਦਵਾਰ ਗੜਸੰਕਰ, ਡਾ: ਨਛੱਤਰਪਾਲ ਉਮੀਦਵਾਰ ਨਵਾ ਸਹਿਰ, ਪਿਆਰਾ ਸੰਧੂ ਕੋਟਰਾਣੀ ਦਫਤਰ ਇੰਚਾਰਜ, ਪਿੰਦੀ ਮੱਲ ਕੱਟਾ, ਪ੍ਰਨੀਸ ਬੰਗਾ, ਸੰਦੀਪ ਢੰਡਾ, ਚਰਨਜੀਤ ਚੱਕ ਹਕੀਮ ਤੋ ਇਲਾਵਾ ਹਜਾਰਾ ਦੀ ਗਿਣਤੀ ਵਿੱਚ ਬਸਪਾ ਵਰਕਰ ਅਤੇ ਸਮੱਰਥਕ ਹਾਜਰ ਸਨ ।

# ਅਕਾਲੀ-ਭਾਜਪਾ ਸਰਕਾਰ ਦੇ ਦੋ ਸ਼ਕਤੀਸਾਲੀ ਮੰਤਰੀਆਂ ਦਾ ਵੱਕਾਰ ਦਾਅ 'ਤੇ

**ਅੰਮ੍ਰਿਤਸਰ–** ਪੱਟੀ ਅਤੇ ਮਜੀਠਾ ਵਿਧਾਨ ਸਭਾ ਹਲਕਿਆਂ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਦੋ ਸ਼ਕਤੀਸਾਲੀ ਮੰਤਰੀਆਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਬਿਕਰਮ ਸਿੰਘ ਮਜੀਠੀਆ ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਦੋਵੇਂ ਮੰਤਰੀ ਵਿਕਾਸ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਨ ਪਰ ਦੋਵਾਂ ਨੂੰ ਹਲਕਿਆਂ ਵਿੱਚ ਸਥਾਪਤੀ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਜੀਠੀਆ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਮੰਤਰੀ ਨੇ ਹਲਕੇ ਵਿੱਚ 500 ਕਰੋੜ ਰੁਪਏ ਦੇ ਵਿਕਾਸ ਕੰਮ ਕਰਵਾਏ ਹਨ ਅਤੇ ਇਸ ਲਈ ਜਿੱਤ-ਹਾਰ ਦਾ ਫ਼ੈਸਲਾ ਵਿਕਾਸ ਦੇ ਮੁੱਦੇ 'ਤੇ ਹੋਵੇਗਾ। ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਬਾਦਲ ਸਰਕਾਰ ਦੇ ਮੰਤਰੀ ਮਜੀਠੀਆ ਨਾਲ ਫਸਵੀਂ ਟੱਕਰ ਹੈ। ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਿੰਮਤ ਸਿੰਘ ਸ਼ੇਰਗਿੱਲ ਦੀਆਂ ਸਰਗਰਮੀਆਂ ਵਿੱਚ ਵੀ ਤੇਜ਼ੀ ਆਈ ਹੈ।

ਪੱਟੀ ਹਲਕੇ ਤੋਂ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਕਾਂਗਰਸ ਦੇ ਹਰਮਿੰਦਰ ਸਿੰਘ ਗਿੱਲ ਫਸਵੀਂ ਟੱਕਰ ਦੇ ਰਹੇ ਹਨ। ਗਿੱਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕੇਵਲ 59 ਵੋਟਾਂ ਦੇ ਫ਼ਰਕ ਨਾਲ ਹਾਰ ਗਏ ਸਨ। ਇਸ ਵਾਰ ਉਹ ਜਿੱਤ ਦੇ ਦਾਅਵੇ ਕਰ ਰਹੇ ਹਨ।

ਸਿਆਸੀ ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਹਲਕੇ ਵਿੱਚ ਜਿੱਤ-ਹਾਰ ਲਈ ਹਲਕੇ ਤੋਂ ਬਾਹਰਲੇ ਇੱਕ-ਦੋ ਆਗੂ ਆਖਰੀ ਸਮੇਂ ਸਮੀਕਰਨ ਬਦਲਣ 'ਚ ਭੂਮਿਕਾ ਨਿਭਾਉਂਦੇ ਰਹੇ ਹਨ। ਇਸ ਹਲਕੇ ਤੋਂ 'ਆਪ' ਦੇ ਰਣਜੀਤ ਸਿੰਘ ਚੀਮਾ ਕਿਸਮਤ ਅਜ਼ਮਾ ਰਹੇ ਹਨ।

# ਗਦਰੀ ਬਾਬਾ ਬਾਬੂ ਮੰਗੂਰਾਮ ਮੁੱਗੋਵਾਲੀਆ ਦਾ 131ਵਾਂ ਜਨਮ ਦਿਨ ਦਿਹਾੜਾ ਬੜੀ ਧੂੰਮ-ਧਾਮ ਨਾਲ ਮਨਾਇਆ









**ਬਰਨਬੀ (ਕਨੇਡਾ)–** ਬੀਤੇਂ ਦਿਨੀਂ ਸ਼੍ਰੀ ਗੁਰੁ ਰਵਿਦਾਸ ਗੁਰੂਘਰ ਬਰਨਬੀ ਕਨੇਡਾ ਵਿਖੇ ਰਾਸ਼ਟਰਪਿਤਾ ਗਦਰੀ ਬਾਬਾ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਦਾ 131ਵਾਂ ਜਨਮ ਦਿਨ ਬੜੀ ਧੂੰਮ–ਧਾਮ ਨਾਲ ਮਨਾਇਆ ਗਿਆ।



ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਕਨੇਡਾ (ਆਈ.ਬੀ.ਓ. ਕਨੇਡਾ) ਦੇ ਇਸ ਸਾਂਝੇ ਪ੍ਰੋਗਰਾਮ ਵਿੱਚ ਜਿੱਥੇ ਗਦਰੀ ਬਾਬਾ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਉਨ੍ਹਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਹੋਏ। ਉੱਥੇ ਭਾਰੀ ਸੰਗਤ ਦੇ ਨਾਲ ਕਨੇਡਾ ਅਤੇ ਭਾਰਤ ਦੇ ਵੱਖਰੇ–ਵੱਖਰੇ ਸੁਸਾਇਟੀਆਂ ਦੇ ਆਗੂ ਜਿਨ੍ਹਾਂ ਵਿੱਚ ਵਿਜ਼ਿਨ ਟੀ.ਵੀ. ਉਮਾਣ ਵਤਨਾਂ ਦੇ" ਦੇ ਪ੍ਰੋਡਿਊਜ਼ਰ ਅਤੇ ਰੇਡੀਓ ਹੋਸਟ ਡਾ. ਹਰਜਿੰਦਰ ਜੱਸਲ, ਚੰਡੀਗੜ੍ਹ ਰੈਜੀਡੈਂਸ ਵੈਲਫੇਅਰ ਐਸੋਸੀਏਸ਼ਨ, ਉੱਤਰੀ ਭਾਰਤ ਐਸ.ਸੀ., ਐਸ.ਟੀ, ਓ.ਬੀ.ਸੀ ਇੰਪਲਾਈਜ਼ ਦੇ ਸਾਬਕਾ ਅਤੇ ਆਈ.ਬੀ.ਓ. ਕਨੇਡਾ ਦੇ ਮੌਜੂਦਾ ਪ੍ਰਧਾਨ ਇੰਜ. ਜੀ.ਡੀ. ਗੱਡੂ, ਸੀਰ ਗੋਵਰਧਨ ਕਾਂਸ਼ੀ (ਯੂ.ਪੀ.) ਬਨਾਰਸ ਵਿਖੇ ਗੁਰੁ ਰਵਿਦਾਸ ਜੀ ਦੇ ਅਸਲੀ ਸਥਾਨ ਦੀ ਖੋਜ ਕਮੇਟੀ ਦੇ ਮੁੱਢਲੇ ਮੈਂਬਰ ਅਤੇ ਗੁਰੂਘਰ ਦੇ ਮੌਜੂਦਾ ਟਰੱਸਟੀ ਸ਼੍ਰੀਮਾਨ ਐਸ.ਡੀ. ਪ੍ਰਦੇਸੀ, ਕੰਮਿਊਨਿਟੀ ਆਗੂ ਸ਼੍ਰੀਮਾਨ ਮੱਖਣ ਸਿੰਘ ਚੰਬਾ, ਬੁੱਧੀਜੀਵੀ ਵਰਗ ਦੇ ਸਾਥੀ ਸ਼੍ਰੀਮਾਨ ਮਲੂਕ ਚੰਦ ਕਲੇਰ ਅਤੇ ਵੈਨਕੂਵਰ ਕਲਿਨਿਕ ਦੇ ਹੈੱਡ ਟੈਕਨੋਲੋਜਿਸਟ ਡਾ. ਐਰਨਜੀਤ ਬਿੱਲਾ ਲੰਗੇਰੀ ਆਦਿ ਨੇ ਗੁਰੂਘਰ ਪਹੁੰਚ ਕੇ ਗਦਰੀ ਬਾਬਿਆਂ ਦੀ ਯਾਦ ਨੂੰ ਸਾਂਝਾ ਕੀਤਾ।

15 ਜਨਵਰੀ 2017 ਨੂੰ ਮਨਾਏ ਗਏ ਇਸ ਪ੍ਰੋਗਰਾਮ ਦੇ ਸ਼ੁਰੂ ਵਿੱਚ ਗੁ–ਰੂਘਰ ਦੇ ਪਾਠੀ ਸਿੰਘਾਂ ਵਲੋਂ ਗੁਰੂ ਗਰੰਥ ਸਾਹਿਬ ਜੀ ਦੇ ਗੁਨਗਾਣ ਉਪਰੰਤ ਗੁਰੂਘਰ ਦੇ ਸਕੱਤਰ ਸ਼੍ਰੀਮਾਨ ਕੇਵਲ ਸਿੰਘ ਸਿੱਧੂ ਵਲੋਂ ਅਜ਼ਾਦੀ ਘੁਲਾਟੀਏ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਨਾਲ ਉਨ੍ਹਾਂ ਦੇ ਮੁੱਢਲੇ ਜੀਵਨ ਕਾਲ ਤੇ ਚਾਨਣਾ ਪਾਇਆ।

ਡਾ. ਹਰਜਿੰਦਰ ਜੱਸਲ ਨੇ ਇਸ ਮੌਕੇ ਤੇ ਗਦਰੀ ਬਾਬਿਆਂ ਦੀ ਸੰਘਰਸ਼ਮਈ ਜ਼ਿੰਦਗੀ ਵਿਸਥਾਰ ਪੂਰਵਕ ਦੱਸਣ ਉਪਰੰਤ ਦਲਿਤ ਸਮਾਜ ਨੂੰ ਗੁਲਾਮ ਰੱਖਣ ਲਈ ਸਹਿਯੋਗ ਦੇਣ ਵਾਲੇ ਅਤੇ ਗਦਰੀ ਬਾਬਿਆਂ ਦੇ ਇਤਿਹਾਸ ਨੂੰ ਗੁੰਮਰਾਹ ਕਰਨ ਵਾਲੇ ਲੋਕਾਂ ਤੋਂ ਸੁਚੇਤ ਰਹਿਣ ਦੀ ਅਪੀਲ ਕਰਨ ਦੇ ਨਾਲ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਦੇ ਜ਼ਿੰਦਗੀ ਦੇ ਅਸਲੀ ਇਤਿਹਾਸ ਨੂੰ ਦੁਨੀਆਂ ਦੇ ਸਾਹਮਣੇ ਲਿਆਉਣ ਲਈ ਜਾਗਰੂਕ ਕੀਤਾ।







ਗੁਰੂਘਰ ਦੇ ਟਰੱਸਟੀ ਸ਼੍ਰੀਮਾਨ ਐਸ.ਡੀ. ਪ੍ਰਦੇਸੀ ਨੇ ਗਦਰੀ ਬਾਬਿਆਂ ਨੂੰ ਸਲਾਮ ਕਰਦੇ ਹੋਏ ਪੰਜਾਬ ਆਦਿ–ਧਰਮ ਮੰਡਲ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਨੂੰ ਕਰੋੜਾਂ ਦਿਲਾਂ ਦੀ ਧੜਕਣ ਗਰਦਾਨਦੇ ਹੋਏ ਹਾਜ਼ਿਰ ਲੋਕਾਂ ਨੂੰ ਅਜ਼ਾਦੀ ਪਰਵਾਨਿਆਂ ਦੀ ਜ਼ਿੰਦਗੀ ਤੋਂ ਸਬਕ ਸਿੱਖਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਆਈ. ਬੀ .ਓ. ਕਨੇਡਾ ਦੇ ਪ੍ਰਧਾਨ ਇੰਜ. ਜੀ.ਡੀ. ਗੱਡੂ ਨੇ 19ਵੀਂ ਅਤੇ 20ਵੀਂ ਸਦੀ ਦੇ ਮਹਾਨ ਰਾਸ਼ਟਰਪਿਤਾ ਗਦਰੀ ਬਾਬਾ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਨੂੰ ਯਾਦ ਕਰਨ ਦੇ ਨਾਲ–ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਵਸ ਤੇ ਅਤੇ ਬਹੁਜਨ ਸਮਾਜ ਦੇ ਬਾਨੀ ਸਾਹਿਬ ਸ਼੍ਰੀ ਕਾਂਸ਼ੀਰਾਮ ਜੀ ਉਪਰੰਤ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀਆ ਪ੍ਰਧਾਨ ਕੁਮਾਰੀ ਮਾਇਆਵਤੀ ਜੀ ਨੂੰ ਉਨ੍ਹਾਂ ਦੇ 61ਵੇਂ ਜਨਮ ਦਿਨ ਤੇ ਮੁਬਾਰਕਬਾਦ ਦੇਣ ਦੇ ਨਾਲ–ਨਾਲ ਦੇਸ਼ ਅਤੇ ਕੌਮ ਨੂੰ ਅਜ਼ਾਦ ਕਰਾਉਣ ਵਾਲੇ ਦੇਸ਼ ਭਗਤਾਂ ਨੂੰ ਹਮੇਸ਼ਾਂ ਯਾਦ ਰੱਖਣ ਦੀ ਅਪੀਲ ਕੀਤੀ। ਅਜ਼ਾਦੀ ਪਰਵਾਨਿਆਂ ਨੂੰ ਯਾਦ ਕਰਦਿਆਂ ਇੰਜ. ਜੀ.ਡੀ. ਗੱਡੂ ਨੇ ਰਾਸ਼ਟਰਪਿਤਾ ਗਦਰੀ ਬਾਬਾ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਦੇ ਰਾਜਨੀਤਿਕ, ਧਾਰਮਿਕ, ਅਧਿਆਤਮਿਕ ਜ਼ਿੰਦਗੀ ਦੇ ਸਫਰ ਨੂੰ ਅਪਨ–ਾਉਣ ਦੀ ਅਪੀਲ਼ ਕਰਨ ਉਪਰੰਤ ਬਾਬਾ ਸਾਹਿਬ ਡਾ. ਬੀ.ਆਰ ਅੰਬੇਦਕਰ ਅਤੇ ਮਾਨਿਆਵਾਰ ਸਾਹਿਬ ਕਾਂਸ਼ੀਰਾਮ ਉਪਰੰਤ ਕੁਮਾਰੀ ਮਾਇਆਵਤੀ ਦੇ ਮਿਸ਼ਨ ਨੂੰ ਦੁਨੀਆਂ ਦੇ ਕੋਨੇ–ਕੋਨੇ ਤੱਕ ਲਿਜਾਉਣ ਦੀ ਵੀ ਅਪੀਲ ਕੀਤੀ।

ਕਮਿਊਨਿਟੀ ਆਗੂ ਸ਼੍ਰੀਮਾਨ ਮੱਖਣ ਸਿੰਘ ਚੰਬਾ ਨੇ ਅਜ਼ਾਦੀ ਘੁਲਾਟੀਏ ਬਾਬੂ ਮੰਗੂਰਾਮ ਜੀ ਦੀ ਵਿਅੱਕਤੀਤਵ ਜ਼ਿੰਦਗੀ ਵਾਰੇ ਜਾਣੂ ਕਰਵਾਇਆ। ਅੰਤ ਵਿੱਚ ਗੁਰੂਘਰ ਦੇ ਪ੍ਰਧਾਨ ਸ਼੍ਰੀਮਾਨ ਅਮਰਜੀਤ ਸਿੰਘ ਲੀਹਲ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।


ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

## ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਗੁਰੂ ਪਿਆਰੀ ਸਾਧ ਸੰਗਤ ਜੀ

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਫਰਵਰੀ ਮਹੀਨੇ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਹੈ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਦਿਹਾੜਾ 5 ਮਾਰਚ 2017 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।

### ਪ੍ਰੋਗਰਾਮਾਂ ਦਾ ਵੇਰਵਾ

* 3 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 4 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸ਼ਾਮ 5 ਵਜੇ ਹੋਵੇਗੀ
ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਦੀਵਾਨ ਸਜਣਗੇ।
* 5 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ

ਉਸ ਉਪਰੰਤ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।

ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਗੁਰੂ ਘਰ
559-486-3091

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) 5025 S. CHERY AVE., FRESNO (CALIFORNIA) 93706

# ਲੰਬੀ- ਰੁਖ਼ ਹਵਾ ਦਾ ਬਦਲਣ ਲੱਗਾ, ਆਪਣੇ ਹੋਏ ਬੇਗ਼ਾਨੇ

**ਲੰਬੀ–** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਵਾਰ ਆਪਣੇ ਜੀਵਨ ਦੀ ਸਭ ਤੋਂ ਮੁਸ਼ਕਿਲ ਚੋਣ ਲੜਾਈ ਲੜ ਰਹੇ ਹਨ। ਲੰਬੀ ਹਲਕੇ ਵਿੱਚ ਅਰਬਾਂ ਰੁਪਏ ਖਰਚ ਕੇ ਤਿਆਰ ਬੁਨਿਆਦੀ ਢਾਂਚੇ ਅਤੇ ਪਿੰਡਾਂ ਨੂੰ ਦਿੱਤਾ ਕਰੋੜਾਂ ਰੁਪਇਆ ਹੀ ਸ੍ਰੀ ਬਾਦਲ ਲਈ ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ ਕਿਉਂਕਿ ਬਹੁਤ ਸਾਰੇ ਪੈਸੇ ਦੇ ਗਾਇਬ ਹੋਣ ਦੀਆਂ ਸ਼ਿਕਾਇਤਾਂ ਬਾਰੇ ਉਨ੍ਹਾਂ ਨੇ ਖੁਦ ਵੀ ਚੁੱਪੀ ਧਾਰ ਰੱਖੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ੍ਰੀ ਬਾਦਲ ਅਤੇ ਆਮ ਆਦਮੀ ਪਾਰਟੀ ਦੇ ਆਗੂ ਜਰਨੈਲ ਸਿੰਘ ਖ਼ਿਲਾਫ਼ ਚੋਣ ਮੈਦਾਨ ਵਿੱਚ ਉਤਰਨ ਤੋਂ ਬਾਅਦ ਸਥਿਤੀ ਹੋਰ ਉਲਝ ਗਈ ਹੈ। ਕੈਪਟਨ ਦੀ ਆਮਦ ਨਾਲ ਹਲਕੇ ਵਿੱਚ ਤਿਕੋਣੀ ਅਤੇ ਫਸਵੀਂ ਲੜਾਈ ਹੋ ਗਈ ਹੈ। ਲੰਬੀ ਦੇ ਲੋਕ ਇਸ ਵਾਰ ਤਬਦੀਲੀ ਦੇ ਰੌਂਅ ਵਿੱਚ ਹਨ। ਹਰ ਪਾਰਟੀ ਦਾ ਸਿਆਸੀ ਕਾਰਕੁਨ ਇਹ ਮੰਨ ਰਿਹਾ ਹੈ ਕਿ ਬਾਦਲਾਂ ਦੇ ਕਾਰਕੁਨਾਂ ਵੱਲੋਂ ਫੰਡਾਂ ਦਾ ਦੁਰਉਪਯੋਗ ਕੀਤਾ ਗਿਆ, ਪੁਲੀਸ ਰਾਹੀਂ ਜ਼ਿਆਦਤੀਆਂ ਕਰਵਾਈਆਂ ਗਈਆਂ ਅਤੇ ਆਮ ਲੋਕਾਂ ਨੂੰ ਜੀ–ਹਜ਼ੂਰੀ ਕਰਨ ਲਈ ਮਜਬੂਰ ਕੀਤਾ ਗਿਆ। ਲੋਕਾਂ ਦੀ ਨਫ਼ਰਤ ਵਿੱਚ ਬਦਲ ਚੁੱਕੀ ਨਾਰਾਜ਼ਗੀ ਦੀ ਗੱਲ ਹਰ ਘਰ ਅਤੇ ਸੱਥ ਵਿੱਚ ਹੋ ਰਹੀ ਹੈ। ਕਾਂਗਰਸ ਅਤੇ 'ਆਪ' ਦੇ ਦਫ਼ਤਰਾਂ ਦਾ ਮਾਹੌਲ ਦੇਖਦਿਆਂ ਹੀ ਸਮਝ ਆਉਣਾ ਸ਼ੁਰੂ ਹੋ ਜਾਂਦਾ ਹੈ ਕਿ ਲੰਬੀ ਵਿੱਚ ਨਵੀਂ ਸਫਬੰਦੀ ਜਨਮ ਲੈ ਰਹੀ ਹੈ।



ਦਲਿਤ ਵੋਟਰ 'ਆਪ' ਵੱਲ ਅਤੇ ਅਕਾਲੀ ਦਲ ਤੋਂ ਨਾਰਾਜ਼ ਜੱਟ ਵੋਟਰਾਂ ਦਾ ਕਾਂਗਰਸ ਵੱਲ ਜਾਣ ਦਾ ਰੁਝਾਨ ਵਧ ਰਿਹਾ ਹੈ। ਕੈਪਟਨ ਦੇ ਆਉਣ ਨਾਲ ਨਾ ਕੇਵਲ ਕਾਂਗਰਸ ਦਾ ਆਪਣਾ ਵੋਟ ਬੈਂਕ ਇੱਕਜੁਟ ਹੋਇਆ ਹੈ ਬਲਕਿ ਮਾਹੌਲ ਤਬਦੀਲ ਕਰਨ ਦੇ ਨਾਂ 'ਤੇ ਅਕਾਲੀ ਦਲ ਦੇ ਨਾਰਾਜ਼ ਗੁੱਟ ਵੀ ਉਨ੍ਹਾਂ ਦੇ ਖੇਮੇ ਵਿੱਚ ਜਾਣ ਲੱਗੇ ਹਨ। 'ਆਪ' ਦੇ ਇੱਕ ਆਗੂ ਨੇ ਮੰਨਿਆ ਕਿ ਪਹਿਲਾਂ ਲੜਾਈ ਆਸਾਨ ਸੀ।

ਜਰਨੈਲ ਸਿੰਘ ਦੇ ਬਾਹਰੀ ਹੋਣ ਅਤੇ ਗੈਰ–ਜੱਟ ਹੋਣ ਦਾ ਮਾਮਲਾ ਵੀ ਕਿਸੇ ਹੱਦ ਤੱਕ ਅਸਰ ਕਰ ਰਿਹਾ ਹੈ। 'ਆਪ' ਨੂੰ ਲਾਹੌਰੀਆਂ ਦੇ ਪਿੰਡਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਕਰਕੇ ਸਰਕਾਰ ਖ਼ਿਲਾਫ਼ ਗੁੱਸੇ ਦਾ ਲਾਭ ਵੀ ਮਿਲਦਾ ਦਿਖਾਈ ਦੇ ਰਿਹਾ ਹੈ। ਅਕਾਲੀ ਦਲ ਵੱਲੋਂ ਆਖਰੀ ਮੌਕੇ ਧਨ ਅਤੇ ਬਾਹੂਬਲ ਦੇ ਜ਼ੋਰ ਜਿੱਤ ਹਾਸਲ ਕਰਨ ਦੀ ਸ਼ੰਕਾ ਦੇ ਚੱਲਦਿਆਂ ਕਾਂਗਰਸ ਆਗੂ ਵੀ 'ਆਪ' ਵਾਂਗ ਹੀ ਲੋਕਾਂ ਨੂੰ ਪੈਸਾ ਲੈ ਕੇ ਵੋਟ ਮਰਜ਼ੀ ਅਨੁਸਾਰ ਵੋਟ ਪਾਉਣ ਦੀਆਂ ਅਪੀਲਾਂ ਕਰ ਰਹੇ ਹਨ। ਲੰਬੀ ਨੇੜਲੇ ਪਿੰਡ ਚੰਨੂ ਵਿੱਚ ਅਕਾਲੀ ਦਲ 'ਚੋਂ ਛੇ ਪੰਚਾਇਤ ਮੈਂਬਰਾਂ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਲਈ ਰਾਤ ਨੌਂ ਵਜੇ ਹੋਈ ਮੀਟਿੰਗ ਵਿੱਚ ਪਾਰਟੀ ਦੇ ਮੁਕਤਸਰ ਜ਼ਿਲ੍ਹੇ ਦੇ ਪ੍ਰਧਾਨ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ, ''ਪੈਸੇ ਵੰਡੇ ਜਾਣਗੇ, ਇਹ ਉਨ੍ਹਾਂ ਨੇ ਲੋਕਾਂ ਤੋਂ ਹੀ ਕਮਾਏ ਹਨ, ਇਸ ਲਈ ਲੈ ਲਿਓ।'' ਲੰਬੀ ਅਤੇ ਬਾਦਲ ਵਿੱਚ ਵਿਕਾਸ ਦੇ ਸਹਾਰੇ ਵੋਟਰਾਂ ਨੂੰ ਆਪਣੇ ਨਾਲ ਤੋਰਨ ਦੀ ਕੋਸ਼ਿਸ਼ ਕਰ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੀ ਸਰਪ੍ਰਸਤੀ ਹੇਠ ਮਨਮਾਨੀਆਂ ਕਰਨ ਵਾਲੇ ਆਗੂਆਂ ਖ਼ਿਲਾਫ਼ ਲੋਕਾਂ ਦੀ ਸ਼ਿਕਾਇਤ ਨਾ ਸੁਣਨ ਕਾਰਨ ਸਵਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਿਛਲੇ ਤਿੰਨ ਦਿਨਾਂ ਤੋਂ ਪ੍ਰਕਾਸ਼ ਸਿੰਘ ਬਾਦਲ ਜਾਂ ਉਨ੍ਹਾਂ ਦੇ ਮੋਹਤਬਰਾਂ ਨੇ ਜਨਤਕ ਮੀਟਿੰਗਾਂ ਬਾਰੇ ਖਾਮੋਸ਼ੀ ਧਾਰ ਰੱਖੀ ਹੈ। ਲੰਬੀ ਦੇ ਇੱਕ ਦੁਕਾਨਦਾਰ ਨੇ ਕਿਹਾ ਕਿ ਲੋਕ ਇਸ ਵਾਰ ਅਲੱਗ ਤਰ੍ਹਾਂ ਦੇ ਨਤੀਜੇ ਦੇਣ ਦੇ ਰੌਂਅ ਵਿੱਚ ਹਨ ਪ੍ਰੰਤੂ ਬਾਦਲਾਂ ਦੀ ਖਾਮੋਸ਼ੀ ਕੋਈ ਨਵਾਂ ਧੋਬੀ ਪਟਕਾ ਵੀ ਮਾਰ ਸਕਦੀ ਹੈ। ਇੱਕ ਹੋਰ ਆਗੂ ਨੇ ਕਿਹਾ ਕਿ ਡੇਰਾ ਸਿਰਸਾ ਦੀ ਵੋਟ ਲਈ ਬਾਦਲ ਪਰਿਵਾਰ ਗੁਪਤ ਤਰੀਕੇ ਨਾਲ ਚਾਰਾਜੋਈ ਕਰ ਰਿਹਾ ਹੈ। ਪਿੰਡ ਬਾਦਲ ਦੇ ਇੱਕ ਦੁਕਾਨਦਾਰ ਨੇ ਕਿਹਾ ਕਿ ਵਿਕਾਸ ਤਾਂ ਕਰਵਾਇਆ ਹੈ ਪ੍ਰੰਤੂ ਲੋਕ ਗੁੰਡਾਗਰਦੀ ਤੋਂ ਤੰਗ ਹਨ ਅਤੇ ਉਹ ਮਾਣ–ਸਨਮਾਨ ਵੀ ਚਾਹੁੰਦੇ ਹਨ। ਦੂਜੇ ਪਾਸੇ ਬਾਦਲ ਸਮਰਥਕਾਂ ਨੂੰ ਬਰਾਬਰ ਦੀ ਤਿਕੋਣੀ ਟੱਕਰ ਹੋਣ ਕਰਕੇ ਕੰਮ ਕੁਝ ਆਸਾਨ ਹੁੰਦਾ ਨਜ਼ਰ ਆ ਰਿਹਾ ਹੈ।

# ਸਿੱਖਾਂ ਨੂੰ ਹਿੰਦੂ ਦਰਸਾਉਣ ਲਈ ਭਾਰਤੀ ਸੰਵਿਧਾਨ ਖਿਲਾਫ ਅਮਰੀਕੀ ਸਿੱਖਾਂ ਵਲੋਂ ਯੂ ਐਨ ਵਿਖੇ ਰੈਲੀ

**ਨਿਊਯਾਰਕ, (ਹੁਸਨ ਲੜੋਆ ਬੰਗਾ)–** ਜਿਥੇ ਭਾਰਤ ਆਪਣਾ 68ਵਾਂ ਗਣਤੰਤਰ ਦਿਵਸ ਮਨਾ ਰਿਹਾ ਹੈ ਉਥੇ ਸੈਂਕੜਿਆਂ ਦੀ ਗਿਣਤੀ ਵਿਚ ਸਿਖਾਂ ਨੇ ਨਿਊਯਾਰਕ ਸਥਿਤ ਯੂ ਐਨ ਹੈਡਕੁਆਰਟਰ ਵਿਖੇ 'ਲਿਬਰੇਸ਼ਨ ਰੈਲੀ' ਕੀਤੀ ਤੇ ਭਾਰਤੀ ਸਵਿਧਾਨ ਦੀ ਨਿੰਦਾ ਕੀਤੀ ਜੋ ਕਿ ਸਿਖ ਭਾਈਚਾਰੇ ਨੂੰ ਧਾਰਮਿਕ ਆਜ਼ਾਦੀ ਤੋਂ ਇਨਕਾਰ ਕਰਦਾ ਹੈ। ਭਾਰਤੀ ਸਵਿਧਾਨ ਦੀ ਧਾਰਾ 25(ਬੀ) ਦੀ ਵਿਆਖਿਆ ਵਿਚ ਵਿਵਸਥਾ ਹੈ ਕਿ ਹਿੰਦੂ ਅਖਵਾਉਣ ਵਾਲੇ ਲੋਕਾਂ ਵਿਚ ਉਹ ਲੋਕ ਵੀ ਸ਼ਾਮਿਲ ਹੋਣਗੇ ਜੋ ਕਿ ਸਿੱਖ ਧਰਮ ਦੇ ਪੈਰੋਕਾਰ ਹਨ। ਯੂ ਐਨ ਹੈਡਕੁਆਰਟਰ 'ਤੇ ਪਹੁੰਚੇ ਸਿੱਖ ਕਾਰਕੁੰਨਾਂ ਨੇ ਤਖਤੀਆਂ ਚੁਕੀਆਂ ਹੋਈਆਂ ਸਨ ਤੇ 'ਭਾਰਤ ਵਿਚ ਧਾਰਮਿਕ ਘੱਟਗਿਣਤੀ ਸਿੱਖਾਂ ਦੀ ਰਾਖੀ ਲਈ ਯੂ ਐਨ ਤੋਂ ਦਖਲ ਦੀ ਮੰਗ ਕਰਦਿਆਂ ਪੰਜਾਬ ਦੀ ਆਜ਼ਾਦੀ ਦੇ ਨਾਅਰੇ ਲਗਾ ਰਹੇ ਸਨ। ਇਸ ਤੋਂ ਪਹਿਲਾਂ ਸਿਖ ਕਾਰਕੁੰਨਾਂ ਨੇ ਭਾਰਤੀ ਸਵਿਧਾਨ ਦੀਆਂ ਕਾਪੀਆਂ ਸਾੜੀਆਂ ਤੇ ਆਜ਼ਾਦ ਸਿੱਖ ਰਾਜ ਦੇ ਹੱਕ ਵਿਚ ਨਾਅਰੇ ਲਗਾਏ। ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਨੇ ਯੂ ਐਨ ਦੇ ਵਿਸ਼ੇਸ਼ ਰੈਪੋਰਟਰ ਅਹਿਮਦ ਸ਼ਾਹੀਦ ਨੂੰ ਧਰਮ ਦੀ ਆਜ਼ਾਦੀ ਬਾਰੇ ਇਕ ਪੱਤਰ ਭੇਜਿਆ ਜਿਸ ਵਿਚ ਮੰਗ ਕੀਤੀ ਗਈ ਕਿ ਭਾਰਤੀ ਸਵਿਧਾਨ ਦੀ ਧਾਰਾ 25 (ਬੀ) ਦੀ ਨਿੰਦਾ ਕੀਤੀ ਜਾਵੇ ਜੋ ਕਿ ਸਿੱਖਾਂ ਨੂੰ ਹਿੰਦੂ ਦਰਸਾ ਕੇ ਸਿੱਖਾਂ ਦੀ ਪਛਾਣ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦੀ ਹੈ। ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਯੂ ਐਨ ਦੇ ਮੈਂਬਰ ਦੇਸ਼ਾਂ ਨੂੰ ਦੁਨੀਆ ਦੇ ਪੰਜਵੇ ਸਭ ਤੋਂ ਵੱਡੇ ਧਰਮ 'ਤੇ ਭਾਰਤੀ ਸਵਿਧਾਨ ਦੇ ਹਮਲੇ ਖਿਲਾਫ ਸਿੱਖਾਂ ਨਾਲ ਖੜਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀ ਭਾਰਤ ਵਿਚ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੇ ਮੁੱਦੇ 'ਤੇ ਜਨਰਲ ਇਜਲਾਸ ਵਿਚ ਮਤੇ ਲਿਆਉਣ ਲਈ ਯੂ ਐਨ ਵਿਚ ਲਾਬੀ ਕਰਾਂਗੇ। ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀ 2020 ਵਿਚ ਇਕ ਰਿਫਰੈਂਡਮ ਕਰਵਾਉਣ ਲਈ ਮੁਹਿੰਮ ਚਲਾ ਰਹੇ ਹਾਂ ਜੋ ਕਿ ਯੂ ਐਨ ਚਾਰਟਰ ਦੀ ਧਾਰਾ 1 'ਤੇ ਆਧਾਰਿਤ ਹੋਵੇਗਾ ਜਿਸ ਵਿਚ ਇਹ ਲਾਜ਼ਮੀ ਕਰਾਰਿਆ ਹੋਇਆ ਕਿ ਹਰ ਵਿਅਕਤੀ ਨੂੰ ਵਖਰੇ ਧਰਮ ਅਤੇ ਭਾਸ਼ਾ ਦੇ ਆਧਾਰ 'ਤੇ ਖੁਦਮੁਖਤਿਆਰੀ ਦਾ ਅਧਿਕਾਰ ਹੈ। ਬੀਤੀ 25 ਜਨਵਰੀ ਨੂੰ ਦਿੱਤੇ ਗਏ ਸਿਖਸ ਫਾਰ ਜਸਟਿਸ ਦੇ ਪੱਤਰ ਵਿਚ ਕਿਹਾ ਗਿਆ ਹੈ ਕਿ ਖੁਦਮੁਖਤਿਆਰੀ ਦੇ ਅਧਿਕਾਰ ਅਤੇ ਆਪਣੀ ਵਖਰੀ ਧਾਰਮਿਕ ਪਛਾਣ ਦੀ ਬਹਾਲੀ ਦੀ ਮੰਗ ਕਰਨ ਲਈ ਭਾਰਤੀ ਕਬਜੇ ਵਾਲੇ ਪੰਜਾਬ ਦੇ ਸਿੱਖਾਂ ਨੂੰ ਨਸਲਕੁਸ਼ੀ ਹਿੰਸਾ ਦਾ ਸ਼ਿਕਾਰ ਹੋਣਾ ਪਿਆ ਹੈ।

ਨਿਊਯਾਰਕ ਦੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਕੁਲਦੀਪ ਸਿੰਘ ਢਿਲੋਂ ਅਤੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ ਨੇ ਕਿਹਾ ਕਿ ਅਸੀ ਇਕ ਮੁਹਿੰਮ ਚਲਾ ਕੇ ਯੂ ਐਨ ਮੈਂਬਰ ਦੇਸ਼ਾਂ ਨੂੰ ਇਸ ਅਸਲੀਅਤ ਤੋਂ ਜਾਣੂ ਕਰਵਾਵਾਂਗੇ ਕਿ ਭਾਰਤ ਸਵਿਧਾਨਿਕ ਤੌਰ 'ਤੇ ਸਿੱਖ ਧਰਮ ਦੇ ਵਖਰੇ ਰੁਤਬੇ ਤੋਂ ਮੁਨੱਕਰ ਹੋ ਰਿਹਾ ਹੈ ਅਤੇ ਧਾਰਮਿਕ ਆਜ਼ਾਦੀ ਦੇ ਸਿਧਾਂਤ ਦੀ ਉਲੰਘਣਾ ਕਰ ਰਿਹਾ ਹੈ। 26 ਜਨਵਰੀ ਦੀ 'ਸਿੱਖ ਲਿਬਰੇਸ਼ਨ ਰੈਲੀ' ਦਾ ਆਯੋਜਨ ਰਿਚਮੰਡ ਹਿੱਲ ਦੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਕੀਤਾ ਗਿਆ ਸੀ ਜਿਸ ਵਿਚ ਟਰਾਈ ਸਟੇਟ ਏਰੀਆ ਵਿਚਲੇ ਗੁਰਦੁਆਰਿਆਂ ਦੀਆਂ ਕਮੇਟੀਆਂ ਦਾ ਸਮਰਥਨ ਹਾਸਿਲ ਸੀ।

## ਚੋਣਾਂ ਤੋਂ 48 ਘੰਟੇ ਪਹਿਲਾਂ ਸਰਵੇਖਣ 'ਤੇ ਪਾਬੰਦੀ

ਚੰਡੀਗੜ੍ਹ – ਚੋਣ ਕਮਿਸ਼ਨ ਨੇ 4 ਫਰਵਰੀ ਤੋਂ 8 ਮਾਰਚ ਤੱਕ ਪੰਜਾਬ ਸਮੇਤ ਵਿਧਾਨ ਸਭਾ ਚੋਣਾਂ ਵਾਲੇ ਪੰਜ ਰਾਜਾਂ ਵਿਚ ਐਗਜ਼ਿਟ ਪੋਲ 'ਤੇ ਪਾਬੰਦੀ ਲਾਈ ਹੈ। ਇਹ ਪਾਬੰਦੀ ਅੰਮ੍ਰਿਤਸਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਵੀ ਲਾਗੂ ਰਹੇਗੀ। ਚੋਣ ਕਮਿਸ਼ਨ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਪ੍ਰਤੀਨਿਧ ਕਾਨੂੰਨ 1951 ਦੀ ਧਾਰਾ 126 ਏ ਅਨੁਸਾਰ 4 ਫਰਵਰੀ 2017 ਨੂੰ ਸਵੇਰੇ 7 ਵਜੇ ਤੋਂ ਲੈ ਕੇ 8 ਮਾਰਚ 2017 ਸ਼ਾਮ ਸਾਢੇ ਪੰਜ ਵਜੇ ਤੱਕ ਕੋਈ ਵੀ ਐਗਜ਼ਿਟ ਪੋਲ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੋਈ ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਅਤੇ ਹੋਰ ਕਿਸੇ ਵੀ ਸੰਚਾਰ ਸਾਧਨ ਉੱਪਰ ਐਗਜ਼ਿਟ ਪੋਲ ਨੂੰ ਦਿਖਾਇਆ ਨਹੀਂ ਜਾ ਸਕਦਾ ਹੈ।

## ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ 12 ਫਰਵਰੀ ਨੂੰ ਮਨਾਇਆ ਜਾਵੇਗਾ

ਨਿਊਯਾਰਕ– ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਵੱਲੋ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 13 ਫਰਵਰੀ ਨੂੰ ਗੁਰੂ ਘਰ 61–01 ਬ੍ਰਾਡਵੇਅ, ਵੁੱਡਸਾਈਡ ਨਿਊਯਾਰਕ 11377 ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਅਸ਼ੋਕ ਮਾਹੀ ਨੇ 'ਦੇਸ਼ ਦੁਆਬਾ' ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਪੁਰਬ ਸਬੰਧਤ ਅਖੰਡ ਪਾਠ ਸਾਹਿਬਾਨਾਂ ਦੀ ਲੜੀ 31 ਜਨਵਰੀ ਤੋਂ ਜਾਰੀ ਹੈ। 9 ਫਰਵਰੀ ਨੂੰ ਰਾਤ ਦੇ ਦੀਵਾਨ 1 ਵਜੇ ਤੱਕ ਚੱਲਣਗੇ ਅਤੇ ਇਸੇ ਦਿਨ 12 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਹੋਵੇਗੀ। 12 ਫਰਵਰੀ ਨੂੰ ਮੁੱਖ ਦੀਵਾਨ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਹੋਣਗੇ। ਇਸ ਸਮਾਗਮ ਵਿਚ ਰਾਗੀ ਕੁਲਦੀਪ ਸਿੰਘ ਯੂ. ਕੇ., ਰਾਗੀ ਤਜਿੰਦਰ ਸਿੰਘ ਨਿਊਜਰਸੀ, ਰਾਗੀ ਹਰਿੰਦਰ ਸਿੰਘ ਫੱਕਰ (ਬਾਲੀਵੁੱਡ), ਰਾਗੀ ਖੇਮ ਸਿੰਘ ਜਲੰਧਰ ਵਾਲੇ, ਹੈਡ ਗ੍ਰੰਥੀ ਬਾਬਾ ਬ੍ਰਹਮ ਦਾਸ, ਰਾਗੀ ਮਹਿੰਦਰ ਸਿੰਘ ਸਾਗਰ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਸਮਾਗਮ ਵਿਚ ਕਲਾਕਾਰ ਦਿਲਜਾਨ ਆਪਣੀ ਗਾਇਕੀ ਨਾਲ ਸ੍ਰੀ ਗੁਰੂ ਰਵਿਦਾਸ ਜੀ ਸਬੰਧਤ ਗੀਤ ਸੁਣਾਉਣਗੇ। ਉਹਨਾਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਕਿ ਉਪਰੋਕਤ ਸਮਾਗਮਾਂ ਵਿਚ ਵੱਧ ਚੜ੍ਹ ਕੇ ਭਾਗ ਲਏ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸ੍ਰੀ ਅਸ਼ੋਕ ਮਾਹੀ (ਪ੍ਰਧਾਨ)

## ਪੰਜਾਬੀਆਂ ਦੀ ਚੁੱਪ ਨੇ ਸਿਆਸੀ ਮਾਹਿਰਾਂ ਪਾਇਆ ਭੰਬਲਭੂਸੇ ਵਿਚ

(ਸਫਾ 1 ਦੀ ਬਾਕੀ)

**ਅਕਾਲੀ ਦਲ ਨੇ ਖੋਲ੍ਹੇ ਸਾਰੇ ਮੋਰਚੇ**

ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਸੂਬੇ 'ਚ ਲਗਾਤਾਰ ਤੀਸਰੀ ਵਾਰ ਸਰਕਾਰ ਬਣਾਉਣ ਲਈ ਆਰ–ਪਾਰ ਦੀ ਲੜਾਈ ਲੜੀ ਜਾ ਰਹੀ ਹੈ ਤੇ ਉਸ ਵੱਲੋਂ ਆਪਣੇ ਹਰਿਆਵਲ ਦਸਤੇ ਯੂਥ ਵਿੰਗ ਤੇ ਇਸਤਰੀ ਅਕਾਲੀ ਦਲ ਸਮੇਤ ਸਾਰੇ ਵਿੰਗਾਂ ਨੂੰ ਚੋਣ ਪ੍ਰਚਾਰ ਵਿਚ ਝੋਕ ਕੇ ਇਕ ਤਰ੍ਹਾਂ ਨਾਲ ਆਪਣੇ ਸਾਰੇ ਮੋਰਚੇ ਖੋਲ੍ਹ ਦਿੱਤੇ ਗਏ ਹਨ। ਬੇਅਦਬੀ ਕਾਂਡ ਅਤੇ ਨਸ਼ਿਆਂ ਦੇ ਮਾਮਲੇ 'ਚ ਪੰਥਕ ਧਿਰਾਂ ਦੇ ਨਾਲ–ਨਾਲ ਵਿਰੋਧੀਆਂ ਦੇ ਹਮਲਿਆਂ ਦੇ ਸਾਹਮਣੇ ਹੁਣ ਤੱਕ ਰੱਖਿਆਤਮਕ ਨਜ਼ਰ ਆ ਰਹੇ ਅਕਾਲੀ–ਭਾਜਪਾ ਗਠਜੋੜ ਦੇ ਹੱਕ ਵਿਚ ਉਪਰੋਥਲੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਕੀਤੀਆਂ ਗਈਆਂ ਰੈਲੀਆਂ ਨਾਲ ਨਾ ਕੇਵਲ ਪਾਰਟੀ ਵਰਕਰਾਂ ਦਾ ਮਨੋਬਲ ਵਧਿਆ ਹੈ, ਸਗੋਂ ਲੀਡਰਸ਼ਿਪ ਵਲੋਂ ਵਿਰੋਧੀਆਂ ਦੇ ਹਮਲਿਆਂ ਦੇ ਮੋੜਵਾਂ ਜਵਾਬ ਦਿੱਤਾ ਜਾਣ ਲੱਗਾ ਹੈ।

**ਆਮ ਆਦਮੀ ਪਾਰਟੀ ਦਾ ਸਾਰਾ ਦਾਰੋਮਦਾਰ ਕੇਜਰੀਵਾਲ 'ਤੇ**

ਆਮ ਆਦਮੀ ਪਾਰਟੀ ਵੱਲੋਂ ਸਿਆਸੀ ਤਬਦੀਲੀ ਦੇ ਸਹਾਰੇ ਸੂਬੇ ਦੀ ਸੱਤਾ ਪ੍ਰਾਪਤੀ ਦਾ ਜੋ ਸੁਪਨਾ ਦੇਖਿਆ ਜਾ ਰਿਹਾ ਹੈ ਉਸ ਦਾ ਸਾਰਾ ਦਾਰੋਮਦਾਰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ 'ਤੇ ਹੀ ਟਿਕਿਆ ਨਜ਼ਰ ਆ ਰਿਹਾ ਹੈ। ਹਾਲਾਂਕਿ ਉਹ ਆਪਣੇ ਬੇਬਾਕ ਅਤੇ ਤਿੱਖੇ ਭਾਸ਼ਣਾਂ ਨਾਲ ਰਾਜ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਸਫ਼ਲ ਵੀ ਰਹੇ ਹਨ ਪਰ ਉਹ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦੇ ਉਮੀਦਵਾਰ ਬਾਰੇ ਫੈਸਲਾ ਨਾ ਕਰ ਸਕਣਾ, ਪਾਰਟੀ ਲਈ ਗਲੇ ਦੀ ਹੱਡੀ ਬਣ ਸਕਦਾ ਹੈ। ਇਸ ਦੇ ਨਾਲ ਹੀ ਪਾਰਟੀ ਵਲੋਂ ਆਪਣੇ ਵੱਡੇ ਆਗੂਆਂ ਨੂੰ ਦਿੱਗਜ਼ ਨੇਤਾਵਾਂ ਦੇ ਵਿਰੁੱਧ ਖੜ੍ਹੇ ਕਰਨ ਦਾ ਲਿਆ ਫ਼ੈਸਲਾ ਵੀ ਪਾਰਟੀ ਲਈ ਪੁੱਠਾ ਪੈ ਸਕਦਾ ਹੈ, ਕਿਉਂਕਿ ਪਾਰਟੀ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਸਮੇਤ ਪਾਰਟੀ ਦੇ ਚੋਟੀ ਦੇ ਆਗੂਆਂ ਦੇ ਆਪੋ–ਆਪਣੇ ਹਲਕਿਆਂ ਵਿਚ ਹੀ ਘਿਰੇ ਹੋਣ ਕਾਰਨ ਉਹ ਚਾਹ ਕੇ ਵੀ ਹੋਰਨਾਂ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਨਹੀਂ ਸਕਦੇ। ਮੌਜੂਦਾ ਸਿਆਸੀ ਹਾਲਾਤ 'ਚ ਉਨ੍ਹਾਂ ਲਈ ਇਹ ਚੁਣੌਤੀ ਕਾਫੀ ਗੰਭੀਰ ਦੱਸੀ ਜਾ ਰਹੀ ਹੈ, ਕਿਉਂਕਿ ਜਿੱਥੇ ਕਈ ਹਲਕਿਆਂ 'ਚ ਪਾਰਟੀ ਨੂੰ ਆਪਣਿਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਪਾਰਟੀ ਤੋਂ ਵੱਖ ਹੋਏ ਸੁੱਚਾ ਸਿੰਘ ਛੋਟੇਪੁਰ ਵਲੋਂ 5 ਦਰਜਨ ਤੋਂ ਵੱਧ ਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਵੱਲੋਂ ਵੀ ਡੇਢ ਦਰਜਨ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰਕੇ 'ਆਪ' ਦੇ ਰਾਹ ਵਿਚ ਰੋੜੇ ਅਟਕਾਏ ਜਾ ਰਹੇ ਹਨ। ਇੱਥੇ ਦੱਸਣਯੋਗ ਹੈ ਕਿ ਮਾਲਵਾ ਖੇਤਰ 'ਚ ਸਭ ਤੋਂ ਵੱਧ 69 ਸੀਟਾਂ ਹੋਣ ਦੇ ਬਾਵਜੂਦ ਪਿਛਲੀਆਂ ਦੋ ਵਾਰ ਦੀਆਂ ਸਰਕਾਰਾਂ ਦੇ ਗਠਨ 'ਚ 23 ਸੀਟਾਂ ਵਾਲੇ ਦੁਆਬਾ ਖੇਤਰ ਦਾ ਅਹਿਮ ਯੋਗਦਾਨ ਰਿਹਾ ਹੈ ਤੇ ਇਸ ਵਾਰ ਵੀ ਅਜਿਹੇ ਹੀ ਹਾਲਾਤ ਬਣਨ ਦੇ ਕਿਆਫੇ ਲਗਾਏ ਜਾ ਰਹੇ ਹਨ।

## ਰਾਸ਼ਟਰਪਤੀ ਟਰੰਪ ਨੂੰ ਝਟਕਾ : ਮੁਸਲਮਾਨ ਪ੍ਰਵਾਸੀਆਂ ਸਬੰਧੀ ਫ਼ੈਸਲੇ 'ਤੇ ਅਦਾਲਤ ਨੇ ਲਾਈ ਰੋਕ

ਗਿਆ ਫ਼ੈਸਲਾ ਨਹੀਂ, ਬਲਕਿ ਇਸ ਤਰ੍ਹਾਂ ਦੇ ਫ਼ੈਸਲਿਆਂ ਸਬੰਧੀ ਡੋਨਾਲਡ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਵਾਅਦੇ ਕੀਤੇ ਸਨ। ਇਸੇ ਦੌਰਾਨ ਬਰਤਾਨੀਆਂ ਦੀ ਪ੍ਰਧਾਨ ਮੰਤਰੀ ਥਰੈਸਾ ਮੇਅ ਸ਼ਰਨਾਰਥੀਆਂ 'ਤੇ ਪਾਬੰਦੀ ਲਗਾਉਣ ਦੇ ਰਾਸ਼ਟਰਪਤੀ ਟਰੰਪ ਦੇ ਫੈਸਲੇ ਨਾਲ ਸਹਿਮਤ ਨਹੀਂ ਹੈ।

**ਅਮਰੀਕਾ ਵਿਚ 7 ਮੁਸਲਿਮ ਦੇਸ਼ਾਂ ਦੇ ਸ਼ਰਨਾਰਥੀਆਂ ਦੇ ਦਾਖ਼ਲੇ 'ਤੇ ਲਾਈ ਸੀ ਪਾਬੰਦੀ**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਇਸ ਤਰ੍ਹਾਂ ਦੇ ਅਗਜ਼ੈਕਟਿਵ ਆਰਡਰ 'ਤੇ ਦਸਤਖਤ ਕੀਤੇ ਹਨ ਜੋ ਸ਼ਰਨਾਰਥੀਆ ਦੀ ਆਮਦ ਨੂੰ ਸੀਮਤ ਕਰਨ ਲਈ ਅਤੇ ਇਸਲਾਮਿਕ ਕੱਟੜਪੰਥੀਆਂ ਨੂੰ ਅਮਰੀਕਾ ਤੋਂ ਬਾਹਰ ਰੱਖਣ ਲਈ ਵਿਸਥਾਰ ਪੂਰਵਕ ਜਾਂਚ ਦੇ ਨਵੇਂ ਨਿਯਮ ਤਹਿ ਕਰਦਾ ਹੈ। ਨਵੇਂ ਰੱਖਿਆ ਮੰਤਰੀ (ਸੇਵਾਮੁਕਤ) ਜੇਮਸ ਮੈਟਿਸ ਅਤੇ ਉਪ ਰਾਸ਼ਟਰਪਤੀ ਮਾਈਕ ਪੈਂਸ ਨਾਲ ਖੜੇ ਟਰੰਪ ਨੇ ਕਿਹਾ ਕਿ ਅਸੀਂ 9/11 ਦੇ ਸਬਕ ਅਤੇ ਪੈਂਟਾਗਨ ਦੇ ਸ਼ਹੀਦ ਹੋਏ ਨਾਇਕਾਂ ਨੂੰ ਕਦੇ ਵੀ ਭੁੱਲਾਂਗੇ ਨਹੀਂ। ਅਸੀਂ ਉਨ੍ਹਾਂ ਦਾ ਸਨਮਾਨ ਕੇਵਲ ਸ਼ਬਦਾਂ ਨਾਲ ਨਹੀਂ ਸਗੋਂ ਆਪਣੇ ਕਾਰਜਾਂ ਨਾਲ ਵੀ ਕਰਾਂਗੇ। ਅਮਰੀਕਾ ਵੱਲੋਂ ਜਿਨ੍ਹਾਂ 7 ਮੁਸਲਿਮ ਦੇਸ਼ਾਂ ਦੇ ਸ਼ਰਨਾਰਥੀਆਂ ਦੇ ਦਾਖਲੇ 'ਤੇ ਪਾਬੰਦੀ ਲਗਾਈ ਹੈ, ਉਨ੍ਹਾਂ 'ਚ ਈਰਾਨ, ਇਰਾਕ, ਸੀਰੀਆ, ਸੂਡਾਨ, ਲੀ–ਬੀਆ. ਯਮਨ ਅਤੇ ਸੋਮਾਲੀਆ ਸ਼ਾਮਿਲ ਹਨ। ਇਸ ਦੇ ਨਾਲ ਹੀ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਅਮਰੀਕੀ ਫ਼ੌਜ ਦੀ ਕਾ–ਬਲੀਅਤ ਵਧਾਉਣ ਲਈ ਸਾਜੋਸਮਾਨ ਨੂੰ ਅਧੁਨਿਕ ਬਣਾਉਣ, ਸਿਖਲਾਈ ਵਿਚ ਸੁਧਾਰ ਅਤੇ ਰੱਖਿਆ ਬਜਟ ਵਿਚ ਵਾਧੇ ਨਾਲ ਅਮਰੀਕੀ ਹਥਿਆਰਬੰਦ ਸੈਨਾਵਾਂ ਦੇ ਵੱਡੇ ਪੁਨਰ ਨਿਰਮਾਣ ਦੇ ਅਗਜ਼ੈਕਟਿਵ ਆਰਡਰ 'ਤੇ ਦਸਤਖਤ ਕੀਤੇ ਹਨ। ਡੋਨਾਲਡ ਟਰੰਪ ਨੇ ਅਗਜ਼ੈਕਟਿਵ ਆਰਡਰ 'ਤੇ ਦਸਤਖਤ ਕਰਦਿਆਂ ਕਿਹਾ ਕਿ ਓਬਾਮਾ ਪ੍ਰਸ਼ਾਸਨ ਤਹਿਤ ਇਸ ਵੱਲ ਧਿਆਨ ਨਹੀਂ ਦਿੱਤਾ ਗਿਆ। ਅਮਰੀਕੀ ਘਰੇਲੂ ਸੁਰੱਖਿਆ ਵਿਭਾਗ ਦੀ ਬੁਲਾਰਨ ਗੀਲੀਅਨ ਕ੍ਰਿਸਟੇਨਸਨ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 7 ਮੁਸਲਿਮ ਬਹੁਲਤਾ ਵਾਲੇ ਦੇਸ਼ਾਂ ਦੇ ਲੋਕਾਂ 'ਤੇ ਅਮਰੀਕਾ ਵਿਚ ਦਾਖਲ ਹੋਣ 'ਤੇ ਲਗਾਈਆਂ ਗਈਆਂ ਪਾਬ–ਦੀਆਂ ਦੇ ਫੈਸਲੇ ਵਿਚ ਗ੍ਰੀਨ ਕਾਰਡ ਧਾਰਕ ਵੀ ਸ਼ਾਮਿਲ ਹਨ।

**ਅਮਰੀਕਾ ਆਪਣੀ ਪ੍ਰੰਪਰਾ ਕਾਇਮ ਰੱਖੇ–ਸੰਯੁਕਤ ਰਾਸ਼ਟਰ**

ਸੰਯੁਕਤ ਰਾਸ਼ਟਰ ਨੇ ਅੱਜ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਅਪੀਲ ਕੀਤੀ ਕਿ ਉਹ ਸ਼ਰਨਾਰਥੀਆਂ ਦੇ ਸਵਾਗਤ ਵਾਲੀ ਆਪਣੇ ਦੇਸ਼ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਪ੍ਰੰਪਰਾ ਨੂੰ ਜਾਰੀ ਰੱਖਣ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸ਼ਰਨਾਰਥੀਆਂ ਨਾਲ ਉਨ੍ਹਾਂ ਦੀ ਨਸਲ, ਨਾਗਰਿਕਤਾ ਜਾਂ ਧਰਮ ਨੂੰ ਧਿਆਨ ਵਿਚ ਨਾ ਰੱਖਦਿਆਂ ਇਕੋ ਜਿਹਾ ਵਰਤਾਅ ਕੀਤਾ ਜਾਵੇ। ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ, ਯੂ. ਐਨ. ਐਚ. ਸੀ. ਆਰ. ਅਤੇ ਪ੍ਰਵਾਸ ਬਾਰੇ ਅੰਤਰਰਾਸ਼ਟਰੀ ਸੰਗਠਨ ਵਲੋਂ ਸਾਂਝੇ ਬਿਆਨ ਵਿਚ ਅਪੀਲ ਟਰੰਪ ਦੇ ਕਲ੍ਹ ਦੇ ਫ਼ੈਸਲਿਆਂ ਦੇ ਪ੍ਰਤੀ–ਕਿਰਿਆ ਵਜੋਂ ਜਾਰੀ ਕੀਤੀ ਗਈ ਹੈ। ਏਜੰਸੀਆਂ ਜਿਹੜੀਆਂ ਸੰਭਾਵਤ ਸ਼ਰਨਾਰਥੀਆਂ ਅਤੇ ਪਨਾਹ ਮੰਗਣ ਵਾਲੇ ਲੱਖਾਂ ਲੋਕਾਂ ਦੀ ਅੱਗੇ ਹੋ ਕੇ ਸਹਾਇਤਾ ਕਰਦੀਆਂ ਹਨ ਨੇ ਅਮਰੀਕਾ ਦੇ ਮੁੜ ਵਸੇਬਾ ਪ੍ਰੋਗਰਾਮ ਜਿਹੜਾ ਕਿ ਵਿਸ਼ਵ ਵਿਚ ਸਭ ਤੋਂ ਮਹੱਤਵਪੂਰਣ ਪ੍ਰੋਗਰਾਮਾਂ ਵਿੱਚੋਂ ਇਕ ਹੈ ਦੀ ਸ਼ਲਾਘਾ ਕੀਤੀ ਹੈ।

ਦੇਸ਼ ਦੁਆਬਾ

# ਪੰਜਾਬ ਦੇ ਵੋਟਰਾਂ ਲਈ ਪਰਖ ਦੀ ਘੜੀ

ਪੰਜਾਬ ਵਿਚ 4 ਫਰਵਰੀ ਨੂੰ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਇਹਨਾਂ ਚੋਣਾਂ ਵਿਚ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਤੋਂ ਇਲਾਵਾ ਪਹਿਲੀ ਵਾਰ ਆਮ ਆਦਮੀ ਪਾਰਟੀ ਵੀ ਚੋਣ ਲੜ ਰਹੀ ਹੈ। ਸਾਰੀਆਂ ਪਾਰਟੀਆਂ ਨੇ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਪੰਜਾਬੀਆਂ ਨੂੰ ਗੱਫੇ ਦੇਣ ਦਾ ਵਾਅਦਾ ਕੀਤਾ ਹੈ ਪਰ ਪੰਜਾਬ ਦੇ ਵੋਟਰਾਂ ਲਈ ਇਹ ਬਹੁਤ ਹੀ ਸੋਚ-ਸਮਝ ਕੇ ਅਗਲੀ ਸਰਕਾਰ ਚੁਣਨ ਦਾ ਵਕਤ ਹੈ।

ਪੰਜਾਬ ਹੀ ਨਹੀਂ ਸਾਰੇ ਭਾਰਤ ਵਿਚ ਸਿਆਸਤ 'ਚੋਂ ਨੈਤਿਕ ਨਿਘਾਰ ਆ ਚੁੱਕਾ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ ਲੋਕਤੰਤਰੀ ਪ੍ਰਕਿਰਿਆ ਪੂਰੀ ਤੇਜ਼ੀ ਨਾਲ ਅੱਗੇ ਵਧੀ ਪਰ ਇਸ ਦੇ ਨਾਲ ਅਨੇਕਾਂ ਬੁਰਾਈਆਂ ਹੋਰ ਤੇਜ਼ੀ ਨਾਲ ਅੱਗੇ ਵਧਦੀਆਂ ਚਲੀਆਂ ਗਈਆਂ। ਚੋਣ ਜਿੱਤਣ ਲਈ ਪੈਸੇ, ਨਸ਼ੇ ਅਤੇ ਲਾਰੇ-ਲੱਪਿਆਂ ਦੀ ਸਿਆਸਤ ਦਾ ਇਕ ਦੌਰ ਆਰੰਭ ਹੋਇਆ। ਉਮੀਦਵਾਰ ਪਹਿਲਾਂ ਟਿਕਟਾਂ ਲਈ ਮੋਟੀਆਂ ਰਕਮਾਂ ਤਾਰਨ ਲੱਗੇ, ਫਿਰ ਚੋਣ ਜਿੱਤਣ ਲਈ ਅਤੇ ਜੇਕਰ ਜਿੱਤ ਗਏ ਤਾਂ ਪਿਛਲੇ ਖਰਚੇ ਦੀ ਪੂਰਤੀ ਤੋਂ ਇਲਾਵਾ ਭਵਿੱਖ ਲਈ ਵੀ ਧਨ ਜੋੜਨ ਦੀ ਪ੍ਰਵਿਰਤੀ ਇੰਨੀ ਭਾਰੂ ਹੋ ਗਈ ਕਿ ਸਿਆਸਤ ਵਿਚ ਆਏ ਲੋਕ ਸਿਰਫ ਚੋਣਾਂ ਲੜਨ, ਜਿੱਤਣ ਤੱਕ ਦੇ ਜੁਗਾੜਾਂ ਤੱਕ ਹੀ ਸੀਮਤ ਰਹਿ ਗਏ। ਭ੍ਰਿਸ਼ਟਾਚਾਰ, ਹੇਰਾਫੇਰੀਆਂ ਦਾ ਦੌਰ ਸਿਖਰ ਤੇ ਪਹੁੰਚ ਗਿਆ ਅਤੇ ਹਰ ਥਾਂ ਪੈਸਾ ਹੀ ਪ੍ਰਧਾਨ ਹੋ ਗਿਆ। ਵੋਟਰ ਵੀ ਸਿਆਸਤਦਾਨਾਂ ਨੂੰ ਭ੍ਰਿਸ਼ਟਾਚਾਰ, ਠੱਗ ਕਹਿ ਕੇ ਉਹਨਾਂ ਨੂੰ ਚੋਣਾਂ ਵੇਲੇ ਲੁੱਟਣ ਦੀ ਪ੍ਰਵਿਰਤੀ ਵਾਲਾ ਬਣਦਾ ਚਲਿਆ ਗਿਆ। ਅੱਜ ਹਾਲਾਤ ਇਹ ਹਨ ਕਿ ਕੋਈ ਉਮੀਦਵਾਰ ਪਹਿਲਾਂ ਟਿਕਟ ਲੈਣ ਲਈ ਪੈਸੇ ਦਿੰਦਾ ਹੈ, ਫਿਰ ਚੋਣ ਜਿੱਤਣ ਲਈ ਧੰਨ ਬਲ ਅਤੇ ਬਾਹੂਬਲ ਦੀ ਵਰਤੋਂ ਕਰਦਾ ਹੈ ਅਤੇ ਜਿੱਤਣ ਤੋਂ ਬਾਅਦ ਜਨਤਾ ਦੇ ਧਨ ਦੀ ਰੱਜ ਕੇ ਲੁੱਟ ਕਰਦਾ ਹੈ।ਇਹ ਕੁਰੀਤੀ ਦੇ ਕਾਰਨ ਹੀ ਪੰਜਾਬ ਵਰਗੇ ਸੂਬੇ ਵਿਚ ਗੈਂਗਸਟਰ, ਨਸ਼ਿਆਂ ਦੇ ਵਪਾਰੀ, ਲੁਟੇਰੇ ਲੋਕ ਬਹੁਤ ਤੇਜ਼ੀ ਨਾਲ ਅਮੀਰ ਹੋਏ ਹਨ ਅਤੇ ਇਹਨਾਂ ਦੀ ਅਮੀਰੀ ਸਿਆਸਤਦਾਨਾਂ ਦੇ ਰਾਸ ਆ ਰਹੀ ਹੈ।

ਪੰਜਾਬ ਗੁਰੂਆਂ-ਪੀਰਾਂ ਦੀ ਧਰਤੀ ਹੈ ਅਤੇ ਪੰਜਾਬੀਆਂ ਦਾ ਇਤਿਹਾਸ ਲਾਸਾਨੀ ਬੀਰਤਾ ਅਤੇ ਕੁਰਬਾਨੀਆਂ ਭਰਿਆ ਇਤਿਹਾਸ ਹੈ। ਅੱਜ ਜੋ ਕੁਝ ਹੋ ਰਿਹਾ ਹੈ, ਉਹ ਲੋਕਤੰਤਰੀ ਚੋਣ ਨਹੀਂ ਬਲਕਿ ਲੋਕਤੰਤਰ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਵੱਖ-ਵੱਖ ਸਮਾਜਿਕ, ਧਾਰਮਿਕ ਗਰੁੱਪਾਂ ਨੇ ਆਪਣੀ ਧਾਂਕ ਜਮਾਉਣ ਲਈ ਆਪਣੇ ਕਾਰੋਬਾਰ ਆਰੰਭ ਕਰ ਲਏ ਹਨ। ਵੋਟਾਂ ਵਿਚ ਇਹ ਦਬਾਅ ਸਮੂਹ ਵੀ ਸਿਆਸਤਦਾਨਾਂ ਦੇ ਰਾਸ ਆਉਂਦੇ ਹਨ ਅਤੇ ਧਰਮ ਦੇ ਨਾਂ ਤੇ ਵੋਟਰਾਂ ਨੂੰ ਗੁੰਮਰਾਹ ਅਤੇ ਦਬਾਇਆ ਜਾਂਦਾ ਹੈ। ਇਹਨਾਂ ਸਾਰੀਆਂ ਕੁਰੀਤੀਆਂ ਦੇ ਚਲਦਿਆਂ ਪੰਜਾਬੀਆਂ ਨੂੰ ਸਹੀ ਉਮੀਦਵਾਰ ਦੀ ਚੋਣ ਕਰਨੀ ਹੀ ਮੁਸ਼ਕਿਲ ਹੋ ਜਾਂਦੀ ਹੈ। ਅੱਜ ਵੀ ਇਹੀ ਕੁਝ ਹੋ ਰਿਹਾ ਹੈ, ਬੇਸ਼ੱਕ ਹਾਲ ਦੀਆਂ ਚੋਣਾਂ ਦਰਮਿਆਨ ਚੋਣ ਕਮਿਸ਼ਨ ਨੇ ਸਖਤੀ ਵਰਤ ਕੇ ਵੋਟਰਾਂ ਨੂੰ ਲਾਲਚ ਤੋਂ ਬਚਣ ਲਈ ਉਪਰਾਲੇ ਕੀਤੇ ਹਨ ਪਰ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਹੁਣ ਪੰਜਾਬੀਆਂ ਮੂਹਰੇ ਫਿਰ ਚੁਣੌਤੀ ਹੈ ਕਿ ਉਹ ਇਹਨਾਂ ਬੁਰਾਈਆਂ ਤੋਂ ਬਚਦਿਆਂ ਕਿਸ ਤਰ੍ਹਾਂ ਅਜਿਹੀ ਸਰਕਾਰ ਚੁਣ ਸਕਣ, ਜੋ ਪੰਜਾਬੀਆਂ ਨੂੰ ਸਹੀ ਅਗਵਾਈ ਦੇਵੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-20

## ਚੁਗਲ ਦੇ ਲੱਛਣ ਕੀ ਹੁੰਦੇ ਹਨ?

ਚੁਗਲ-ਚੁਗਲ ਫਾਰਸੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਪਿੱਠ ਪਿੱਛੇ ਬੁਰਾਈ ਕਰਨ ਵਾਲਾ। ਚੁਗਲੀ ਦੇ ਅਰਥ ਹਨ ਗੈਰ ਹਾਜ਼ਰੀ ਵਿੱਚ ਕੀਤੀ ਨਿੰਦਾ। ਚੁਗਲ ਦੀ ਹੋਰ ਵਿਆਖਿਆ ਕਰਦੇ ਹੋਏ ਭਾ. ਕਾਨ੍ਹ ਸਿੰਘ ਨਾਭਾ ਜੀ ਲਿਖਦੇ ਹਨ ਕਿ-

ਜੈਸੇ ਬੇਸ਼ਕੀਮਤ ਕੋ ਮੂਸਾ ਥਾਨ ਕਾਟਜਾਤ,  
ਵਾਯਸ ਵਿਹਾਰਜਾਤ ਕਲਸ਼ ਕੇ ਨੀਰ ਕੋ।  
ਸਾਂਪ ਡਸਜਾਤ ਵਿਖ ਰੋਮ ਰੋਮ ਫੈਲਜਾਤ,  
ਕੁੱਤਾ ਕਾਟਖਾਤ ਰਾਹਚਲਤ ਫਕੀਰ ਕੋ।  
ਕਹੈ ਹਰਿਕੇਸ਼ ਜੈਸੇ ਬਿਛੂ ਡੰਗ ਮਾਰਜਾਤ,  
ਕਛੂ ਨਾ ਬਸਾਤ ਭਯੋ ਵਯਾਕਲ ਸਰੀਰ ਕੋ।  
ਤੈਸੇ ਹੀ ਚੁਗਲ ਹੱਕ ਨਿਹੱਕ ਬਿਰਾਨੋ ਕਾਮ,  
ਦੇਤ ਹੈ ਬਿਗਾਰ ਕੋ ਨਾਂ ਡਰ ਰਘਬੀਰ ਕੋ।

ਉਪ੍ਰੋਕਤ ਕਬਿਤ ਵਿਖੇ ਦਰਸਾਇਆ ਗਿਆ ਹੈ ਕਿ ਜਿਵੇਂ ਚੂਹਾ ਕਪੜੇ ਦੇ ਥਾਨਾਂ ਦੇ ਥਾਂਨ ਕੱਟ ਕੇ ਗਵਾ ਦਿੰਦਾ ਹੈ, ਸੱਪ ਕੱਟਣ ਨਾਲ ਸਰੀਰ ਦੇ ਰੋਮ ਰੋਮ ਵਿਖੇ ਜ਼ਹਿਰ ਫੈਲ ਜਾਂਦਾ ਹੈ, ਕੁਤਾ ਰਾਹ ਜਾਂਦੇ ਫਕੀਰ ਨੂੰ ਹੀ ਕੱਟ ਖਾਂਦਾ ਹੈ, ਬਿਛੂ ਦਾ ਡੰਗਿਆ ਸਰੀਰ ਅਤਿ ਵਿਆਕਲ ਹੁੰਦਾ ਹੈ ਇਵੇਂ ਹੀ ਚੁਗਲ ਇਧਰ ਦੀ ਓਧਰ ਤੇ ਓਧਰ ਦੀ ਇਧਰ ਚੁਗਲੀ ਕਰਕੇ ਦੂਸਰੇ ਦਾ ਕੰਮ ਵਿਗਾੜ ਦਿੰਦਾ ਹੈ। ਗੁਰੂ ਸਾਹਿਬ ਵੀ ਫੁਰਮਾਂਦੇ ਹਨ ਕਿ-ਜਿਸੁ ਅੰਦਰਿ ਚੁਗਲੀ ਚੁਗਲੋ ਵਜੈ, ਕੀਤਾ ਕਰਤਿਆ ਓਸ ਦਾ ਸਭੁ ਗਇਆ॥ਨਿਤ ਚੁਗਲੀ ਕਰੈ ਅਣਹੋਂਦੀ ਪਰਾਈ, ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ॥(੩੦੮) ਅਤੇ ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ॥(੧੪੧੮)



ਅਵਤਾਰ ਸਿੰਘ ਮਿਸ਼ਨਰੀ

510-432-5827

ਭਾਵ ਚੁਗਲੀ ਕਰਨ ਵਾਲੇ ਨੂੰ ਲੋਕ ਚੁਗਲਖੋਰ ਕਹਿ ਕੇ ਹੀ ਪੁਕਾਰਦੇ ਹਨ।ਜਿਸ ਦਾ ਨੇਮ ਹੀ ਚੁਗਲੀਆਂ ਕਰਨਾ ਹੁੰਦਾ ਹੈ।ਇਸੇ ਲਈ ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ "ਚੁਗਲਖੋਰ ਨਾਂ ਚੁਗਲੀਓਂ ਬਾਜ ਅਉਂਦੇ ਗੱਲ ਕਹਦਿਆਂ ਕਹਦਿਆਂ ਕਹਿ ਜਾਂਦੇ" ਚੁਗਲ ਦਾ ਕੰਮ ਹਮੇਸ਼ਾਂ ਦੋ ਧਿਰਾਂ ਨੂੰ ਲੜਾਉਣਾ ਹੁੰਦਾ ਹੈ। ਉਸ ਦੀ ਆਦਤ ਹੀ ਚੁਗਲੀਆਂ ਕਰਨ ਦੀ ਬਣ ਜਾਂਦੀ ਹੈ। ਜਿਨਾ ਚਿਰ ਉਹ ਇੱਕ ਦੋ ਚੁਗਲੀਆਂ ਕਰ ਨਾਂ ਲਵੇ ਉਸ ਨੂੰ ਰੋਟੀ ਵੀ ਹਜ਼ਮ ਨਹੀਂ ਹੁੰਦੀ।

ਹਰੇਕ ਮਹਿਕਮੇ ਜਾਂ ਪਾਰਟੀ ਵਿੱਚ ਕੁਝ ਚੁਗਲਖੋਰ ਜਰੂਰ ਹੁੰਦੇ ਹਨ। ਬ੍ਰਾਹਮਣ ਨੇ ਆਮ ਤੌਰ ਤੇ ਔਰਤ ਨੂੰ ਚੁਗਲਖੋਰ ਕਿਹਾ ਹੈ ਪਰ ਇਹ ਸੱਚ ਨਹੀਂ ਸਗੋਂ ਝੂਠ ਹੈ। ਸਭ ਤੋਂ ਵੱਡੇ ਚੁਗਲ ਤਾਂ ਭੇਖਧਾਰੀ ਬ੍ਰਾਹਮਣ ਖੁਦ ਹਨ ਜਿਨ੍ਹਾਂ ਨੇ ਗੁਰੂ ਦਰਬਾਰ ਦੀਆਂ ਮੁਗਲ ਦਰਬਾਰ ਵਿਖੇ ਲਾਲਚ ਅਤੇ ਈਰਖਾ ਵੱਸ ਚੁਗਲੀਆਂ ਕੀਤੀਆਂ

ਜਿਵੇਂ ਬੀਰਬਲ ਬ੍ਰਾਹਮਣ ਨੇ ਅਕਬਰ ਦੇ ਦਰਬਾਰ ਅਤੇ ਗੰਗੂ ਬ੍ਰਾਹਮਣ ਨੇ ਮੁਗਲ ਦਰਬਾਰ ਦੇ ਜਕਰੀਆ ਖਾਂ ਕੋਲ ਆਦਿਕ।

# ਅਲੋਪ ਹੋ ਗਈ ਲੁਹਾਰਾਂ ਦੀ 'ਧੌਂਕਣੀ'



ਤਸਵਿੰਦਰ ਸਿੰਘ ਬੜੈਚ

91-98763-22677

ਪਹਿਲੇ ਸਮਿਆਂ ਵਿਚ ਲੁਹਾਰ ਲੋਹੇ ਨੂੰ ਗਰਮ ਕਰਨ ਲਈ ਇਕ ਭੱਠੀ ਬਣਾਉਂਦਾ ਸੀ, ਜਿਸ ਦੀ ਅੱਗ ਨੂੰ ਧੌਂਕਣੀ ਨਾਲ ਹਵਾ ਦਿੱਤੀ ਜਾਂਦੀ ਸੀ। ਧੌਂਕਣੀ, ਭੱਠੀ ਦੀ ਪੱਕੀ ਸਾਥਣ ਹੁੰਦੀ ਸੀ। ਧੌਂਕਣੀ ਦਾ ਰੂਪ ਅੰਗਰੇਜੀ ਦੀ ਏ ਅੱਖਰ ਵਰਗਾ ਹੁੰਦਾ ਸੀ। ਜਿਸ ਤਰ੍ਹਾਂ ਤੁਸੀਂ ਤਸਵੀਰ 'ਚ ਦੇਖ ਰਹੇ ਹੋ। ਧੌਂਕਣੀ ਲੱਕੜ, ਲੋਹੇ ਤੇ ਚਮੜੇ ਦੀ ਬਣੀ ਹੁੰਦੀ ਸੀ। ਧੌਂਕਣੀ ਬਣਾਉਣ ਲਈ ਦੋ 11 ਕੁ ਇੰਚ ਦੀਆਂ ਗੁਲਾਈਦਾਰ ਤੇ 12-13 ਇੰਚ ਲੰਮੀਆਂ ਲੱਕੜਾਂ, ਜੋ ਆਮ ਤੌਰ ਤੇ ਕਾਲੀ ਟਾਹਲੀ ਜਾਂ ਕਿੱਕਰ ਦੀਆਂ ਹੁੰਦੀਆਂ ਸਨ, ਲਈਆਂ ਜਾਂਦੀਆਂ ਸਨ। ਦੋਹਾਂ ਲੱਕੜਾਂ ਦੇ ਵਿਚਾਲੇ ਮੋਰੀਆਂ ਕੀਤੀਆਂ ਜਾਂਦੀਆਂ ਸਨ ਤੇ ਇਨ੍ਹਾਂ ਦੋਵਾਂ ਲੱਕੜਾਂ ਦੇ ਵਿਚਾਲੇ ਇਕ ਲੱਕੜ ਦਾ ਚੌਰਸ ਪੀਸ ਲਗਾਇਆ ਜਾਂਦਾ ਸੀ ਜੋ ਇਨ੍ਹਾਂ ਮੋਰੀਦਾਰ ਲੱਕੜਾਂ ਨੂੰ ਆਪਸ ਵਿਚ ਜਕੜ ਕੇ ਰੱਖਦਾ ਸੀ ਤਾਂ ਕਿ ਦੋਵੇਂ ਲੱਕੜਾਂ ਅਲੱਗ-ਅਲੱਗ ਨਾ ਹੋਣ। ਲੁਹਾਰ ਇਨ੍ਹਾਂ ਨੂੰ ਸਜਾਉਣ ਖਾਤਰ ਇਨ੍ਹਾਂ ਲੱਕੜਾਂ 'ਤੇ ਵੰਨ-ਸਵੰਨੇ ਵੇਲ-ਬੂਟੇ ਵੀ ਪਾ ਲੈਂਦੇ ਸਨ। ਵਿਚਾਲੇ ਤੋਂ ਖਾਲੀ ਦੋਹਾਂ ਲੱਕੜਾਂ ਦੇ ਇਕ-ਇਕ ਸਿਰੇ 'ਤੇ ਇਕ-ਇਕ ਗੁਲਾਈਦਾਰ 12 ਕੁ ਇੰਚ ਲੰਮੀਆਂ ਤੇ 4 ਕੁ ਇੰਚ ਗੁਲਾਈਦਾਰ ਲੋਹੇ ਦੀਆਂ ਨਲੀਆਂ ਫਿੱਟ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਵੀ ਵਿਚਾਲੇ ਤੋਂ ਲੋਹੇ ਦੇ ਕਲਿਪ ਨਾਲ ਜੋੜਿਆ ਜਾਂਦਾ ਸੀ। ਲੱਕੜਾਂ ਦੇ ਦੂਸਰੇ ਦੋਵੇਂ ਸਿਰਿਆਂ 'ਤੇ ਚਮੜੇ ਦੀਆਂ ਦੋ ਛੋਟੀਆਂ-ਛੋਟੀਆਂ ਦੋ ਮੂੰਹੀਆਂ ਗੁਬਾਰੇ ਰੂਪੀ ਮਸ਼ਕਾਂ ਫਿੱਟ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਦਾ ਇਕ -ਇਕ ਮੂੰਹ ਦੋਵਾਂ ਮੋਰੀਦਾਰ ਲੱਕੜਾਂ ਨਾਲ ਫਿੱਟ ਕੀਤਾ ਜਾਂਦਾ ਸੀ ਤੇ ਦੂਸਰੇ ਦੋਵੇਂ ਮੂੰਹ ਹਵਾ ਅੰਦਰ ਆਉਣ ਲਈ ਰੱਖੇ ਜਾਂਦੇ ਸਨ। ਜਦੋਂ ਹਵਾ ਮਸ਼ਕਾਂ ਦੇ ਅੰਦਰ ਆਉਂਦੀ ਸੀ ਤਾਂ ਦੋਵਾਂ ਮਸ਼ਕਾਂ ਦਾ ਮੂੰਹ ਬੰਦ ਕਰਕੇ ਜੋਰ ਨਾਲ ਲੁਹਾਰ ਦੋਵਾਂ ਮਸ਼ਕਾਂ ਨੂੰ ਦੱਬਦਾ ਸੀ। ਮਸ਼ਕਾਂ ਵਿਚਲੀ ਹਵਾ




ਮੋਰੀਦਾਰ ਲੱਕੜਾਂ ਤੇ ਲੋਹੇ ਦੀਆਂ ਨਲੀਆਂ ਵਿਚੋਂ ਦੀ ਹੁੰਦੀ ਹੋਈ ਭੱਠੀ ਵਿਚ ਚਲੀ ਜਾਂਦੀ ਸੀ। ਇਸ ਭੱਠੀ ਵਿਚ ਹੀ ਲੁਹਾਰ ਲੋਹੇ ਨੂੰ ਗਰਮ ਕਰਦਾ ਹੁੰਦਾ ਸੀ ਤੇ ਗਰਮ ਲੋਹੇ ਨੂੰ ਕੁੱਟ ਕੇ ਕਈ ਰੂਪ ਦਿੰਦਾ ਸੀ। ਲੁਹਾਰ ਲੋਹੇ ਨੂੰ ਆਹਿਰਨ ਉੱਤੇ ਕੁੱਟਦਾ ਹੁੰਦਾ ਸੀ। ਆਹਿਰਨ ਦਾ ਰੂਪ ਢੋਲਕ ਵਰਗਾ ਹੁੰਦਾ ਸੀ। ਹਰ ਲੁਹਾਰ ਕੋਲ ਕੋਈ ਦੋ ਮਣ ਦੀ ਆਹਿਰਨ ਹੁੰਦੀ ਸੀ, ਜਿਸ ਕਿਸੇ ਨੇ ਵੀ ਫਾਲਾ, ਕਹੀ, ਖੁਰਪਾ, ਕੁਹਾੜੀ ਜਾਂ ਕੋਈ ਹੋਰ ਲੋਹੇ ਦੀ ਚੀਜ਼ ਚੰਡਾਉਣੀ ਹੁੰਦੀ, ਉਹ ਆਪਣੇ ਘਰੋਂ ਕੁਝ ਬਾਲਣ ਵੀ ਲੈ ਆਉਂਦਾ ਸੀ। ਨਵੇਂ ਸੰਦ ਬਣਾਉਣ ਵਾਸਤੇ ਚਾਰ ਕਿਲੋ ਭਾਰੇ ਹਥੋੜੇ ਦੀਆਂ ਸੱਟਾਂ ਸੰਦ ਦੇ ਮਾਲਕ ਨੂੰ ਮਾਰਨੀਆਂ ਪੈਂਦੀਆਂ ਸਨ। ਲੁਹਾਰ ਦਾ ਕੰਮ ਬਹੁਤ ਹੀ ਸਖਤ ਅਤੇ ਔਖਾ ਸੀ। ਲੁਹਾਰ ਆਪਣਾ ਕੰਮ ਬੜੀ ਹੀ ਨੀਝ ਅਤੇ ਲਗਨ ਨਾਲ ਕਰਦੇ ਸਨ। ਇਹ ਪਰਿਵਾਰ ਪੀੜ੍ਹੀ ਦਰ ਪੀੜ੍ਹੀ ਪਿਤਾ ਪੁਰਖੀ ਕਿੱਤਾ ਕਰਦੇ ਸਨ। ਹਰ ਪਿੰਡ ਵਿੱਚ ਲੁਹਾਰਾਂ ਦੇ ਘਰ ਜਰੂਰ ਹੁੰਦੇ ਸਨ ਤੇ ਬਹੁਤੇ ਪਿੰਡਾਂ ਵਿਚ ਅੱਜ ਵੀ ਹਨ, ਬੇਸ਼ੱਕ ਹੁਣ ਉਨ੍ਹਾਂ ਵਿਚੋਂ ਕਈਆਂ ਨੇ ਆਪਣੇ ਕੰਮ ਬਦਲ ਲਏ ਹਨ। ਲੁਹਾਰਾਂ ਦੇ ਬੱਚੇ ਇਸ ਕਿੱਤੇ ਤੋਂ ਹੀਣ ਭਾਵਨਾ ਮਹਿਸੂਸ ਕਰਨ ਲੱਗ ਪਏ ਹਨ, ਉਹ ਪੜ੍ਹ-ਲਿਖ ਕੇ ਹੋਰਨਾਂ ਕਿੱਤਿਆਂ ਵੱਲ ਚਲੇ ਗਏ ਹਨ। ਲੋਹੇ ਦੀਆਂ ਨਿੱਕੀਆਂ-ਨਿੱਕੀਆਂ ਚੀਜ਼ਾਂ ਵੀ ਹੁਣ ਫੈਕਟਰੀਆਂ ਵਿਚ ਬਣਨ ਲੱਗ ਪਈਆਂ ਹਨ। ਪੁਰਾਤਨ ਸਮੇਂ ਵਿਚ ਭੱਠੀ ਵਿਚ ਤਪਾ ਕੇ ਬਣਾਈਆਂ ਵਸਤੂਆਂ ਅੱਜ ਦੇ ਮਸ਼ੀਨੀ ਯੁੱਗ ਦੇ ਮੁਕਾਬਲੇ ਵਿਚ ਕਿਤੇ ਵੱਧ ਸਲਾਹੁਣਯੋਗ ਹਨ ਅਤੇ ਉਸ ਦੇ ਮੁਕਾਬਲੇ ਅੱਜ ਦਾ ਮਸ਼ੀਨੀ ਯੁੱਗ ਫਿੱਕਾ-ਫਿੱਕਾ ਲੱਗਦਾ ਹੈ। ਪਹਿਲਾਂ ਸਿਰਫ ਵੱਡੇ ਲੁਹਾਰ ਹੀ ਮਸ਼ੀਨਾਂ ਦਾ ਸਹਾਰਾ ਲੈਂਦੇ ਸਨ, ਪਰ ਹੁਣ ਛੋਟੇ ਲੁਹਾਰ ਵੀ ਮਸ਼ੀਨਾਂ 'ਤੇ ਨਿਰਭਰ ਹੋ ਗਏ ਹਨ। ਹੁਣ ਤਾਂ ਪੰਜਾਬ 'ਚ ਟਾਵਾਂ-ਵਿਰਲਾ ਲੁਹਾਰ ਸ਼ਾਇਦ ਹੀ ਧੌਂਕਣੀ ਦਾ ਇਸਤਮਾਲ ਕਰਦਾ ਹੋਵੇ। ਅੱਜ ਦਾ ਤਕਰੀਬਨ ਹਰ ਕੰਮ ਮਸ਼ੀਨੀਕਰਨ ਵਿਚ ਬਦਲ ਚੁੱਕਾ ਹੈ। ਮਸ਼ੀਨੀਕਰਨ ਹੋਣ ਨਾਲ ਇਸ ਵਿਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਆ ਗਈਆਂ ਹਨ। ਨਵੀਂ ਤਕਨਾਲਜੀ ਨੇ ਨਵੇਂ ਸੰਦ ਬਣਾ ਦਿੱਤੇ ਹਨ। ਧੌਂਕਣੀ ਦੀ ਜਗ੍ਹਾਂ ਭੱਠੀ ਪੱਖੇ ਆ ਗਏ ਹਨ। ਧੌਂਕਣੀਆਂ ਦੀ ਲੋੜ ਘਟਦੀ-ਘਟਦੀ ਏਨੀ ਘਟ ਗਈ ਕਿ ਅੱਜ ਲੁਹਾਰਾਂ ਦੇ ਘਰਾਂ ਵਿਚੋਂ ਤਾਂ ਧੌਂਕਣੀ ਲੱਭਣੀ ਵੀ ਔਖੀ ਹੈ। ਲੁਹਾਰਾਂ ਦੇ ਹੋਰਨਾਂ ਪੁਰਾਤਨ ਸੰਦਾਂ ਵਾਂਗ ਇਹ ਸੰਦ ਵੀ ਅਲੋਪ ਹੋ ਗਿਆ ਹੈ।

## ਲਿਖੋ ਇਤਿਹਾਸ ਆਪ!

ਕਹਿਣ ਨੂੰ ਪੰਜਾਬ ਵਿਚ ਹੋ ਰਹੀਆਂ ਨੇ ਆਮ ਚੋਣਾਂ  
ਹੋ ਰਿਹੈ ਅਸਲ ਵਿਚ ਯੁੱਧ ਆਮ ਖਾਸ ਦਾ।

ਚਾਅਵਾਂ ਰੀਝਾਂ ਨਾਲ ਲੋਕੀ ਕਾਫਲੇ ਬਣਾ ਕੇ ਤੁਰੇ  
ਰਿਸ਼ਤਾ ਬਦਲ ਦੇਣਾ 'ਹਾਕਮ ਤੇ ਦਾਸ' ਦਾ।

ਪਿੰਡ-ਪਿੰਡ ਸ਼ਹਿਰ-ਸ਼ਹਿਰ 'ਜਲਵਾ' ਦਿਖਾਈ ਦੇਵੇ  
ਪੈਦਾ ਹੋਈ ਚੇਤਨਾ ਤੇ ਜਾਗੇ ਅਹਿਸਾਸ ਦਾ।

ਰਹੇ ਨੇ ਚਲਾਉਂਦੇ ਚੰਮ ਦੀਆਂ ਦਸ ਸਾਲ ਯਾਰੋ  
ਹੁਣ ਸੇਕ ਲੱਗਾ 'ਲੋਕ-ਰੋਹ' ਦੀ ਭੜਾਸ ਦਾ।

ਮਾਰਦਾ ਫੁੰਕਾਰੇ ਗੁੱਸਾ ਬੀਰ-ਰਸ ਬਣਿਆਂ ਏ  
ਕਰਜ਼ੇ ਸਤਾਏ ਵੱਲੋਂ ਖਾ ਲਈ ਸਲਫਾਸ ਦਾ।

ਆਇਆ ਏ ਸੁਨਹਿਰੀ ਮੌਕਾ ਖੁੰਝੇ ਨਾ ਪੰਜਾਬੀਓ ਜੀ  
ਲਿਖਿਉ ਅਨੋਖਾ ਸਫਾ 'ਆਪ' ਇਤਿਹਾਸ ਦਾ!



ਤਰਲੋਚਨ ਸਿੰਘ ਦੁਪਾਲਪੁਰ

001-408-915-1268

## ਫੈਸਲੇ ਦੀ ਘੜੀ



ਫੈਸਲੇ ਦੀ ਘੜੀ ਤੇ ਬਣਦੀ ਇੱਜ਼ਤ ਕਰਿਓ,  
ਨਾ ਬਾਅਦ ਵਿੱਚ ਕੋਈ ਸ਼ਿਕਾਇਤ ਕਰਿਓ।

ਜੋ ਲਗਦਾ ਹੈ ਸੱਚ ਦੇ ਰਾਹ ਤੇ ਚੱਲਣਗੇ,  
ਉਹਨਾਂ ਸੰਗ ਹੀ ਤੁਸੀਂ ਮੁਹੱਬਤ ਕਰਿਓ।

ਜ਼ਰੂਰੀ ਤਾਂ ਨਹੀਂ ਹੁੰਦੀ ਬਦਮਾਸ਼ੀ ਸੱਜਣਾ,  
ਹੋ ਜਾਣਾ ਕੰਮ ਇਹ ਨਾਲ ਸ਼ਰਾਫਤ, ਕਰਿਓ।

ਜੇ ਨਹੀਂ ਹੈ ਤਾਕਤ ਸਿੱਧੀ ਲੜਾਈ ਲੜਨ ਦੀ,  
ਇਸ ਕਨੂੰਨੀ ਰਾਹ ਨਾਲ ਬਗਾਵਤ ਕਰਿਓ।

ਤੁਹਾਡਾ ਹੀ ਲੈਕੇ ਵੰਡਦੀ ਕਿਉਂ ਕੱਟ ਲਾਕੇ,  
ਹੁਣ ਪੂਰਾ ਹਿਸਾਬ ਨਾਲ ਹਕੂਮਤ ਕਰਿਓ।

ਤੁਹਡੇ ਸਾਥ ਦੀ ਲੋੜ ਸੱਚ ਦੇ ਪਹਿਰੇਦਾਰਾਂ ਨੂੰ,  
ਨਾ ਇਸ ਸਾਥ ਦੀ ਮੌਕੇ ਤੇ ਕਿੱਲਤ ਕਰਿਓ।

ਨਾ ਦੇਂਦਾ ਆ ਜਾਵੇ ਫਿਰ ਮੁੱਛਾਂ ਨੂੰ ਵੱਟ ਦਿੰਦਾ,  
ਤੁਸੀਂ ਭੁੱਲਕੇ ਨਾ ਏਂਦਾ ਦੀ ਹਰਕਤ ਕਰਿਓ।

- ਹਰਦੀਪ ਬਿਰਦੀ

91-90416-00900



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਮਿਰਚਪੁਰ ਵਿਚ ਦਲਿਤ ਨੌਜਵਾਨ ਦੇ ਰੇਸ ਜਿੱਤਣ ਤੇ ਵਿਅੰਗ ਕਸੇ

## ਦੇਰ ਰਾਤ ਦੋ ਪੱਖ ਭਿੜੇ, 9 ਜ਼ਖਮੀ, ਭਾਰੀ ਫੋਰਸ ਤਾਇਨਾਤ, 3 ਹਿਰਾਸਤ ਵਿਚ

## ਫਿਰ ਪਿੰਡ ਛੱਡਣ ਲੱਗੇ ਮਿਰਚਪੁਰ ਦੇ ਦਲਿਤਾਂ ਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਦਿੱਤਾ ਭਰੋਸਾ

**ਹਿਸਾਰ-** ਨਾਰਨੌਂਦ ਦੇ ਮਿਰਚਪੁਰ ਪਿੰਡ ਵਿਚ ਦੌੜ ਵਿਚ ਦਲਿਤ ਨੌਜਵਾਨ ਦੀ ਜਿੱਤ ਤੋਂ ਬਾਅਦ ਵਿਅੰਗ ਕਸਣ ਕਾਰਨ ਵੱਧੇ ਵਿਵਾਦ ਤੋਂ ਬਾਅਦ ਦੇਰ ਰਾਤ ਦੋ ਪੱਖਾਂ ਵਿਚ ਟਕਰਾਅ ਹੋਗਿਆ। ਦਲਿਤ ਫਿਰਕੇ ਦੇ 8 ਨੌਜਵਾਨ ਜ਼ਖਮੀ ਹੋ ਗਏ। ਮਾਮਲੇ ਦੀ ਸੂਚਨਾ ਮਿਲਦੇ ਹੀ ਪੂਰਾ ਪ੍ਰਸ਼ਾਸਨ ਰਾਤ ਨੂੰ ਪਹਿਲਾਂ ਤੋਂ ਖੜ੍ਹੇ ਦੂਜੇ ਪੱਖ ਨੇ ਸ਼ਿਵ ਕੁਮਾਰ 'ਤੇ ਵਿਅੰਗ ਕਸਣੇ ਆਰੰਭ ਕਰ ਦਿੱਤੇ। ਦੋਸ਼ ਹੈ ਕਿ ਉਹਨਾਂ ਨੇ ਸ਼ਰਾਬ ਪੀਤੀ ਹੋਈ ਸੀ। ਵਿਵਾਦ ਵਧਦਾ ਦੇਖ ਕੇ ਸ਼ਿਵ ਕੁਮਾਰ ਨੇ ਆਪਣੇ ਭਰਾ ਸੋਮਨਾਥ ਨੂੰ ਬੁਲਾ ਲਿਆ। ਇਸ ਤੋਂ ਬਾਅਦ ਕਈ ਲੋਕ ਆ ਗਏ।





ਅਲਰਟ ਹੋ ਗਿਆ। ਇਸੇ ਵਿਚਕਾਰ ਕੁਝ ਪੀੜਤ ਪਰਿਵਾਰ ਪਿੰਡ ਛੱਡਣ ਲੱਗੇ ਤਾਂ ਡੀ. ਸੀ. ਨਿਖਿਲ ਗਜਰਾਜ ਅਤੇ ਐਸ.ਪੀ. ਰਾਜਿੰਦਰ ਕੁਮਾਰ ਮੀਣਾ ਨੇ ਪਿੰਡ ਪਹੁੰਚ ਕੇ ਉਹਨਾਂ ਨੂੰ ਸਮਝਾ ਕੇ ਰੋਕਿਆ। ਸੋਮਵਾਰ ਦੇਰ ਰਾਤ ਤੱਕ ਪਿੰਡ ਵਿਚ ਸ਼ਾਂਤੀ ਬਹਾਲੀ ਦੀਆਂ ਕੋਸ਼ਿਸ਼ਾਂ ਜਾਰੀ ਸਨ।

ਪੀੜਤਾਂ ਨੇ 15 ਨਾਮਜਦ ਅਤੇ ਕੁਝ ਹੋਰ ਲੋਕਾਂ 'ਤੇ ਮਾਰਕੁੱਟ ਦਾ ਦੋਸ਼ ਲਗਾਇਆ ਹੈ। ਪੁਲਿਸ ਨੇ ਤਿੰਨ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ। ਮਾਰ-ਕੁੱਟ ਵਿਚ ਜ਼ਖਮੀ ਨੌਜਵਾਨ ਸ਼ਿਵ ਕੁਮਾਰ, ਤੇਜਭਾਨ, ਸੋਮਨਾਥ, ਹਰਪ੍ਰੀਤ ਉਰਫ ਕੋਕਲੀ, ਵਰਦਾਨ, ਮੋਹਿਤ, ਪ੍ਰਦੀਪ, ਗੁਰਮੀਤ ਅਤੇ ਸੰਦੀਪ ਨੂੰ ਪੁਲਿਸ ਹਿਸਾਬ ਦੇ ਜਨਰਲ ਹਸਪਤਾਲ ਲੈ ਗਈ। ਜ਼ਖਮੀਆਂ ਨੇ ਪੁਲਿਸ ਨੂੰ ਦੱਸਿਆ ਕਿ ਪਿੰਡ ਦੇ ਸਕੂਲ ਵਿਚ ਸੁਮਿਤ ਨੰਬਰਦਾਰ ਨੇ ਖੇਡ ਮੁਕਾਬਲੇ ਕਰਵਾਏ ਸਨ। ਦਲਿਤ ਫਿਰਕੇ ਦੇ ਸ਼ਿਵ ਕੁਮਾਰ ਨੇ 1600 ਮੀਟਰ ਦੌੜ ਜਿੱਤੀ। ਇਸ ਤੋਂ ਬਾਅਦ ਉਪਰੋਕਤ ਨੌਜਵਾਨ ਸਕੂਲ ਤੋਂ ਘਰ ਆ ਰਹੇ ਸਨ ਤਾਂ ਰਸਤੇ ਵਿਚ ਪਿੰਡ ਵਿਚ ਬੱਸ ਸਟੈਂਡ ਦੇ ਨੇੜੇ ਸਥਿਤ ਦਲਿਤ ਬਸਤੀ ਵਿਚ ਚੱਲ ਰਹੇ ਇਕ ਸਾਈਕਲ ਦੇ ਸ਼ੋਅ ਨੂੰ ਦੇਖਣ ਰੁਕ ਗਏ। ਉਥੇ

ਜ਼ਖਮੀ ਸ਼ਿਵਕੁਮਾਰ ਨੇ ਦੱਸਿਆ ਕਿ ਮੈਂ ਸਾਈਕਲ ਦੀਖੇਡ ਦੇਖ ਰਿਹਾ ਸੀ। ਜਾਟ ਫਿਰਕੇ ਦਾ ਨੌਜਵਾਨ ਨਸ਼ੇ ਵਿਚ ਆਇਆ ਅਤੇ ਗਲਤ ਹਰਕਤ ਕਰਨ ਲੱਗਿਆ। ਮੈਂ ਤੁਰੰਤ ਉਸਨੂੰ ਰੋਕਿਆ। ਮੇਰੇ ਪਰਿਵਾਰ ਦੇ ਹੋਰ ਮੈਂਬਰ ਵੀ ਆ ਗਏ। ਕਿਸੇ ਤਰ੍ਹਾਂ ਉਹ ਨੌਜਵਾਨ ਉਥੋਂ ਗਏ। ਕਾਫੀ ਦੇਰ ਉਹ ਖੜ੍ਹੇ ਰਹੇ। ਕਰੀਬ 30 ਮਿੰਟ ਬਾਅਦ ਉਹ ਲੜਕਾ 25 ਤੋਂ ਜ਼ਿਆਦਾ ਸਾਥੀਆਂ ਨੂੰ ਲੈ ਕੇ ਆ ਗਿਆ। ਬਹਿਸ ਆਰੰਭ ਹੋ ਗਈ। ਮੈਂ ਅਤੇ ਮੇਰੇ ਪਰਿਵਾਰ ਦੇ ਮੈਂਬਰਾਂ ਨੇ ਉਹਨਾਂ ਨੂੰ ਰੋਕਣਾ ਚਾਹਿਆ। ਉਹ ਨਹੀਂ ਮੰਨੇ ਅਤੇ ਸਾਡੇ ਤੇ ਹਮਲਾ ਕਰ ਦਿੱਤਾ। ਉਹਨਾਂ ਦੇ ਕੋਲ ਲਾਠੀਆਂ, ਤੇਜਧਾਰ ਹਥਿਆਰ ਅਤੇਹੋਰ ਸਮਾਨ ਸੀ। ਅਚਾਨਕ ਹਮਲਾ ਹੋਣ ਕਾਰਨ ਉਹ ਹੇਠਾਂ ਡਿੱਗ ਪਿਆ। ਉਸ 'ਤੇ ਲਗਾਤਾਰ ਵਾਰ ਹੋ ਰਹੇ ਸਨ। ਉਸ ਨੂੰ ਨਹੀਂ ਪਤਾ ਕਿ ਕੀ ਹੋਇਆ। ਬਾਅਦ ਵਿਚ ਦੇਖਿਆ ਤਾਂ ਉਸਦੇ ਭਰਾ ਸੋਮਨਾਥ ਦੇ ਸਿਰ ਤੋਂ ਖੂਨ ਵਹਿ ਰਿਹਾ ਸੀ। ਬੜੀ ਮੁਸ਼ਕਿਲ ਨਾਲ ਉਹ ਖੜ੍ਹਾ ਹੋਇਆ। ਇਧੇ ਦੌਰਾਨ ਬਾਕੀ ਪਰਿਵਾਰ ਦੇ ਮੈਂਬਰ ਵੀ ਆ ਗਏ।ਇਸ ਹਮਲੇ ਵਿਚ ਹਰਪ੍ਰੀਤ ਅਤੇ ਰੋਹਿਤ ਵੀ ਜ਼ਖਮੀ ਹੋ ਗਏ।

## ਇਹ ਬੱਚਿਆਂ ਦਾ ਝਗੜਾ ਹੈ: ਐਸ.ਪੀ.

ਪੁਲਿਸ ਕਮਿਸ਼ਨਰ ਹਿਸਾਬ ਰਾਜਿੰਦਰ ਕੁਮਾਰ ਮੀਣਾ ਦਾ ਕਹਿਣਾ ਹੈ ਕਿ ਇਹ ਬੱਚਿਆਂ ਦਾ ਝਗੜਾ ਹੈ, ਪਰ ਪਿੰਡ ਵਿਚ ਪਹਿਲਾਂ ਵੀ ਜਾਤੀ ਦੰਗਿਆਂ ਦਾ ਇਤਿਹਾਸ ਰਿਹਾ ਹੈ, ਇਸ ਕਰਕੇ ਮਾਮਲਾ ਸੰਵੇਦਨਸ਼ੀਲ ਹੈ। ਪੁਲਿਸ ਤਾਇਨਾਤ ਕਰ ਦਿੱਤੀ ਹੈ। ਦੋਸ਼ੀਆਂ ਦੀ ਗ੍ਰਿਫਤਾਰੀ ਦੇ ਲਈ ਛਾਪੇ ਮਾਰੇ ਜਾ ਰਹੇ ਹਨ। 3 ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪਿੰਡ ਵਾਲਿਆਂ ਨੂੰ ਪੂਰੀ ਸੁਰੱਖਿਆ ਦਿੱਤੀ ਜਾ ਰਹੀ ਹੈ।

### ਵਿਵਾਦ ਸੁਲਝਾਉਣ ਵਿਚ ਜੁਟੇ ਮੋਹਤਬਰ ਲੋਕ

ਸਰਪੰਚ ਸੱਤਿਆਵਾਨ ਸਿੰਘ ਨੇ ਦੱਸਿਆ ਕਿ ਇਸ ਬਾਰੇ ਪਿੰਡ ਦੇ ਮੋਹਤਬਰ ਲੋਕਾਂ ਦੀ ਬੈਠਕ ਬੁਲਾ ਲਈ ਗਈ ਹੈ। ਉਹਨਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਪੂਰੇ ਮਾਮਲੇ ਨੂੰ ਸਮਝਿਆ ਜਾ ਰਿਹਾ ਹੈ।

### ਪਹਿਲਾਂ 72 ਮਹੀਨੇ ਪਿੰਡ ਵਿਚ ਤਾਇਨਾਤ ਰਹੀ ਕੇਂਦਰੀ ਫੋਰਸ

ਮਿਰਚਪੁਰ ਵਿਚ 21 ਅਪ੍ਰੈਲ 2010 ਨੂੰ ਕੁੱਤੇ ਨੂੰ ਲੈ ਕੇ ਵਿਵਾਦ ਵਿਚ ਇਕ ਫਿਰਕੇ ਦੇ ਲੋਕਾਂ ਨੇ ਵਾਲਮੀਕ ਬਸਤੀ ਦੇ ਘਰਾਂ ਵਿਚ ਅੱਗ ਲਗਾ ਦਿੱਤੀ ਸੀ, ਜਿਸ ਕਾਰਨ ਬਜ਼ੁਰਗ ਤਾਰਾਚੰਦ, ਉਹਨਾਂ ਦੀ ਅਪਾਹਜ ਲੜਕੀ ਸੁਮਨ ਦੀ ਮੌਤ ਹੋ ਗਈ। ਕਰੀਬ 25 ਘਰ ਸੜ ਗਏ ਅਤੇ 52 ਲੋਕ ਜ਼ਖਮੀ ਹੋ ਗਏ ਸਨ।

ਘਟਨਾ ਤੋਂ ਬਾਅਦ ਪਿੰਡ ਵਿਚ ਸੀ. ਆਰ. ਪੀ. ਐਫ. ਤਾਇਨਾਤ ਕਰ ਦਿੱਤੀ ਗਈ ਪਰ ਅਸੁਰੱਖਿਆ ਦੀ ਭਾਵਨਾ ਦੇ ਕਾਰਨ ਜਨਵਰੀ 2011 ਨੂੰ 130 ਤੋਂ ਜ਼ਿਆਦਾ ਦਲਿਤ ਪਰਿਵਾਰਾਂ ਨੇ ਪਿੰਡ ਛੱਡ ਦਿੱਤਾ ਅਤੇ ਹਿਸਾਰ ਦੇ ਤੰਵਰ ਫਾਰਮ ਹਾਊਸ ਵਿਚ ਤੰਬੂ ਲਗਾ ਕੇ ਰਹਿਣ ਲੱਗੇ।

14 ਜਨਵਰੀ 2011 ਨੂੰ ਇਹ ਮਾਮਲਾ ਹਿਸਾਰ ਤੋਂ ਦਿੱਲੀ ਦੀ ਰੋਹਿਣੀ ਅਦਾਲਤ ਵਿਚ ਟਰਾਂਸਫਰ ਹੋਇਆ ਅਤੇ 31 ਅਕਤੂਬਰ 2011 ਨੂੰ ਅਦਾਲਤ ਨੇ ਤਿੰਨ ਨੂੰ ਉਮਰ ਕੈਦ, ਪੰਜ ਨੂੰ ਪੰਜ-ਪੰਜ ਸਾਲ ਕੈਦ ਅਤੇ ਸੱਤ ਨੂੰ ਦੋ-ਦੋ ਸਾਲ ਕੈਦ ਦੀ ਸਜ਼ਾ ਸੁਣਾਉਂਦੇ ਹੋਏ ਉਹਨਾਂ ਨੂੰ ਪ੍ਰਬੇਸ਼ਨ ਤੇ ਰਿਹਾਅ ਕਰ ਦਿੱਤਾ ਸੀ। ਦਸੰਬਰ ਵਿਚ ਹੀ ਪਿੰਡ ਤੋਂ ਸੀ. ਆਰ. ਪੀ. ਐਫ. ਦੀ ਕੰਪਨੀ ਹਟਾਈ ਗਈ ਸੀ।

# ਜਲਾਲਾਬਾਦ ਵਿਚ ਤਿਕੋਣੀ ਟੱਕਰ ਨੇ ਇਸ ਵਾਰ ਉਲਝਾਈ ਤਾਣੀ

**ਜਲਾਲਾਬਾਦ-** ਇਸ ਵਾਰ ਜਲਾਲਾਬਾਦ ਹਲਕੇ ਵਿੱਚ ਵਿਕਾਸ ਅਤੇ ਬਦਲਾਅ ਦਰਮਿਆਨ ਜੰਗ ਦਾ ਮਾਹੌਲ ਬਣਿਆ ਹੋਇਆ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੜਕਾਂ, ਗਲੀਆਂ-ਨਾਲੀਆਂ ਅਤੇ ਹੋਰ ਵਿਕਾਸ ਦੀਆਂ ਸੁਵਿਧਾਵਾਂ ਦੇ ਆਧਾਰ ਉੱਤੇ ਜਿੱਤਣ ਦੀ ਉਮੀਦ ਲਗਾਈ ਬੈਠੇ ਹਨ। ਵਿਕਾਸ ਨੂੰ ਕੇਵਲ ਸੜਕਾਂ ਤੱਕ ਸੀਮਤ ਨਾ ਸਮਝਣ, ਬੇਰੁਜ਼ਗਾਰੀ, ਨਸ਼ੇ ਅਤੇ ਸੁਖਬੀਰ ਬਾਦਲ ਲਈ ਕੰਮ ਕਰਨ ਵਾਲੇ ਕਰਿੰਦਿਆਂ ਦੇ ਵਿਵਹਾਰ ਨੂੰ ਲੈ ਕੇ ਬਦਲਾਅ ਦਾ ਮਾਹੌਲ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਦੇ ਉਤਸ਼ਾਹ ਨੂੰ ਵਧਾ ਰਿਹਾ ਹੈ। ਕਾਂਗਰਸ ਵੱਲੋਂ ਦੇਰੀ ਨਾਲ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਨੂੰ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਬਹੁਤ ਸਾਰੇ ਲੋਕ ਸਮੀਕਰਨ ਬਦਲ ਜਾਣ ਦਾ ਸੰਕੇਤ ਦਿੰਦਿਆਂ ਤਿਕੋਣੀ ਟੱਕਰ ਵਿੱਚ ਨਤੀਜੇ ਦੀ ਅਨਿਸ਼ਚਿਤਤਾ ਬਣਨ ਦੇ ਆਸਾਰ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰ ਰਹੇ। ਜਲਾਲਾਬਾਦ ਸ਼ਹਿਰ ਵਿੱਚ ਕੰਕਰੀਟ ਦੀਆਂ ਸੜਕਾਂ, ਸੀਵਰੇਜ ਅਤੇ ਹੋਰ ਕਈ ਤਰ੍ਹਾਂ ਦੇ ਵਿਕਾਸ ਕੰਮਾਂ ਦੀ ਸੱਚਾਈ ਨੂੰ ਸ਼ਹਿਰੀ ਵੋਟਰ ਸਵੀਕਾਰ ਕਰ ਰਹੇ ਹਨ। ਅਕਾਲੀ ਦਲ ਵੱਲੋਂ ਬੂਥ ਪੱਧਰ 'ਤੇ ਬਣਾਏ ਨੈੱਟਵਰਕ, ਤਿਕੋਣੇ ਮੁਕਾਬਲੇ ਦੌਰਾਨ ਸੱਤਾ ਵਿਰੋਧੀ ਵੋਟ ਵੰਡੇ ਜਾਣ ਅਤੇ ਸੁਖਬੀਰ ਬਾਦਲ ਦੀ ਚੋਣ ਪ੍ਰਬੰਧਨ ਦੀ ਕਾਬਲੀਅਤ ਕਾਰਨ ਮਜ਼ਬੂਤ ਦਾਅਵੇਦਾਰੀ ਪੇਸ਼ ਕੀਤੀ ਜਾ ਰਹੀ ਹੈ। ਬਦਲਾਅ ਲਈ ਲੋਕਾਂ ਦੇ ਸਾਹਮਣੇ ਦੋਹਰੀ ਪਸੰਦ ਦੀ ਉਲਝਣ ਪੈਦਾ ਹੋ ਰਹੀ ਹੈ। ਇੱਕ ਨੌਜਵਾਨ ਦੁਕਾਨਦਾਰ ਨੇ ਕਿਹਾ ਕਿ ਜੇਕਰ ਮੁਕਾਬਲਾ ਦੋ ਧਿਰੀ ਹੁੰਦਾ ਤਾਂ ਬਦਲਾਅ ਪੱਖ ਦੀ ਜਿੱਤ ਯਕੀਨੀ ਸੀ ਪ੍ਰੰਤੂ ਬਿੱਟੂ ਦੇ ਆਉਣ ਨਾਲ ਸਥਿਤੀ ਅਸਪੱਸ਼ਟ ਹੋਈ ਹੈ। ਭਗਵੰਤ ਮਾਨ ਪਹਿਲਾਂ ਤੋਂ ਹੀ ਸੁਖਬੀਰ ਬਾਦਲ ਨੂੰ ਚੁਣੌਤੀ ਦੇ ਰਹੇ ਸਨ ਅਤੇ ਬਦਲਾਅ ਦੇ ਪ੍ਰਤੀਕ ਵਜੋਂ ਉੱਭਰ ਕੇ ਜਲਾਲਾਬਾਦ ਵਿੱਚ ਇਤਿਹਾਸ ਰਚਣ ਦਾ ਦਾਅਵਾ ਕਰ ਰਹੇ ਹਨ।







ਕਾਂਗਰਸ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਕਾਂਗਰਸ ਪਾਰਟੀ ਦੇ ਨਾਲ-ਨਾਲ ਆਪਣੇ ਦਾਦਾ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਪ੍ਰਭਾਵ ਦੀ ਵਰਤੋਂ ਕਰਨ ਦੀ ਕੋਸ਼ਿਸ਼ ਵੀ ਕਰ ਰਹੇ ਹਨ। ਬਿੱਟੂ ਦੇ ਉਮੀਦਵਾਰ ਬਣ ਜਾਣ ਨਾਲ ਹਾਲਕੇ ਵਿੱਚ ਟੱਕਰ ਤਿਕੋਣੀ ਹੁੰਦੀ ਦਿਖਾਈ ਦੇ ਰਹੀ ਹੈ। ਬਿੱਟੂ ਦੇ ਆਉਣ ਨਾਲ ਸੁਖਬੀਰ ਨੂੰ ਕੁਝ ਹੱਦ ਤੱਕ ਲਾਭ ਹੋਣ ਦੀ ਗੱਲ ਨੂੰ ਵੋਟਰ ਪ੍ਰਵਾਨ ਕਰ ਰਹੇ ਹਨ। ਬਿੱਟੂ ਦੇ ਹੱਕ ਵਿੱਚ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਸ਼ਨਿਚਰਵਾਰ ਨੂੰ ਜਲਾਲਾਬਾਦ ਵਿੱਚ ਵੱਡਾ ਇਕੱਠ ਵੀ ਕਰ ਰਹੇ ਹਨ। ਇੱਕ ਸੀਨੀਅਰ ਲੈਕਚਰਾਰ ਨੇ ਕਿਹਾ ਕਿ ਉਲਝਣ ਦੀ ਸਥਿਤੀ ਬਹੁਤੀ ਦੇਰ ਰਹਿਣ ਦੀ ਸੰਭਾਵਨਾ ਨਹੀਂ ਹੈ। ਜਲਾਲਾਬਾਦ ਦੇ ਵੋਟਰ ਅਣ-ਕਿਆਸੇ ਨਤੀਜੇ ਦੇਣ ਲਈ ਪਹਿਲਾਂ ਵੀ ਜਾਣੇ ਜਾਂਦੇ ਹਨ। ਅਕਾਲੀ ਦਲ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਕਾਂਗਰਸ ਪਾਰਟੀ ਦੇ ਫ਼ਾਜ਼ਿਲਕਾ ਤੋਂ ਉਮੀਦਵਾਰ ਬਣੇ ਆਪਣੇ ਪੁੱਤਰ ਦਵਿੰਦਰ ਸਿੰਘ ਦੇ ਹੱਕ ਵਿੱਚ ਪਰਦੇ ਪਿੱਛੇ ਰਹਿ ਕੇ ਮੁਹਿੰਮ ਚਲਾ ਰਹੇ ਹਨ। ਅਕਾਲੀ ਸੰਸਦ ਮੈਂਬਰ ਹੁੰਦੇ ਹੋਏ ਵੀ ਉਹ ਸੁਖਬੀਰ ਬਾਦਲ ਦੇ ਹੱਕ ਵਿੱਚ ਪ੍ਰਚਾਰ ਨਹੀਂ ਕਰ ਰਹੇ। ਇਸ ਨਾਲ ਰਾਇ ਸਿੱਖ ਬਰਾਦਰੀ ਦੀ ਵੋਟ ਉੱਤੇ ਪ੍ਰਭਾਵ ਨੂੰ ਲੈ ਕੇ ਕਿਆਸਅਰਾਈਆਂ ਵੋਟਰਾਂ ਦੀ ਗੱਲਬਾਤ ਦਾ ਹਿੱਸਾ ਹਨ। ਨਾਨਕਪੁਰ ਝੁੱਗੀਆਂ ਪਿੰਡ ਦੇ ਬੂਟਾ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਤਾਂ ਪੁਰਾਣੇ ਸਮੇਂ ਤੋਂ ਅਕਾਲੀਆਂ ਨਾਲ ਹੈ। ਇਸ ਵਾਰ ਵੀ ਉਨ੍ਹਾਂ ਦੇ ਨਾਲ ਹੀ ਰਹਿਣਗੇ। ਬਾਲਮੀਕ ਚੌਕ ਦੇ ਇੱਕ ਦੁਕਾਨਦਾਰ ਨੇ ਕਿਹਾ ਕਿ ਸ੍ਰੀ ਬਾਦਲ ਨੇ ਵਿਕਾਸ ਕਰਵਾਇਆ ਹੈ ਪ੍ਰੰਤੂ ਉਨ੍ਹਾਂ ਦੇ ਕਰਿੰਦਿਆਂ ਦਾ ਵਿਵਹਾਰ ਲੋਕਾਂ ਨੂੰ ਦੂਰ ਹੋਣ ਲਈ ਮਜਬੂਰ ਕਰ ਰਿਹਾ ਹੈ। ਖੱਚਰ ਰੇਹੜਾ ਚਲਾ ਰਿਹਾ ਇੱਕ ਬਜ਼ੁਰਗ ਖੁਦ ਨੂੰ ਅਕਾਲੀ ਦੱਸਦਿਆਂ ਕਹਿੰਦਾ ਹੈ ਕਿ ਇਲਾਕੇ ਦੇ ਜ਼ਿਆਦਾ ਲੋਕਾਂ ਦਾ ਮਨ ਬਦਲਾਅ ਨਾਲ ਦਿਖਾਈ ਦਿੰਦਾ ਹੈ।

Buying or selling Gas Stations and Hotels



JOHN SINGH BANGA
Realtor, Lic # 01397975
916-271-5404
banga.realtor@gmail.com

All over in California

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਅਤੇ ਹੋਟਲ ਦਾ ਬਿਜ਼ਨਸ ਆਰੰਭ ਕਰਨਾ ਚਾਹੁੰਦੇ ਹੋ। ਕੀ ਤੁਸੀਂ ਆਪਣਾ ਹੋਟਲ ਦੀ ਪ੍ਰਾਪਰਟੀ ਜਾਂ ਗੈਸ ਸਟੇਸ਼ਨ ਵੇਚਣਾ ਚਾਹੁੰਦੇ ਹੋ। ਕੈਲੇਫੋਰਨੀਆ ਵਿਚ ਹੋਟਲ ਅਤੇ ਗੈਸ ਸਟੇਸ਼ਨ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ। ਅੱਜ ਹੀ ਸੰਪਰਕ ਕਰੋ।

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

# ਚੋਣ ਮੈਦਾਨ 'ਚ ਸਭ ਤੋਂ ਬਜ਼ੁਰਗ ਤੇ ਨੌਜਵਾਨ ਉਮੀਦਵਾਰ

**ਚੰਡੀਗੜ੍ਹ–** 4 ਫਰਵਰੀ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਦਾ ਇਕ ਦਿਲਚਸਪ ਪਹਿਲੂ ਇਹ ਹੈ ਕਿ ਸਭ ਤੋਂ ਵੱਡੀ ਉਮਰ (89) ਵਾਲੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਹਨ, ਜੋ ਲੰਬੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਆਖਰੀ ਚੋਣ ਲੜ ਰਹੇ ਹਨ। ਇਸ ਤੋਂ ਬਾਅਦ ਉਮਰ ਦੇ ਲਿਹਾਜ਼ ਨਾਲ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਹਨ, ਜੋ 80 ਸਾਲ ਦੇ ਹੋਣ ਦੇ ਬਾਵਜੂਦ ਸ਼੍ਰੋਮਣੀ



ਅਕਾਲੀ ਦਲ ਦੀ ਟਿਕਟ 'ਤੇ ਫਤਿਹਗੜ੍ਹ ਚੂੜੀਆਂ ਹਲਕੇ ਤੋਂ ਚੋਣ ਮੈਦਾਨ 'ਚ ਹਨ। 80 ਸਾਲ ਦੇ ਹੀ ਇਕ ਹੋਰ ਉਮੀਦਵਾਰ ਸ਼ਾਮ ਸਿੰਘ ਹਨ, ਜੋ ਹਲਕਾ ਲਹਿਰਾਗਾਗਾ ਤੋਂ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਕਿਸਮਤ ਅਜ਼ਮਾ ਰਹੇ ਹਨ। ਦਿਲਚਸਪ ਤੇ ਵਰਨਣਯੋਗ ਗੱਲ ਇਹ ਹੈ ਕਿ 70 ਜਾਂ ਇਸ ਤੋਂ ਵੱਡੀ ਉਮਰ ਦੇ ਜੋ ਉਮੀਦਵਾਰ ਮੈਦਾਨ 'ਚ ਹਨ, ਉਨ੍ਹਾਂ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਲਕਾ ਲੰਬੀ ਤੋਂ, ਬੀਬੀ ਰਾਜਿੰਦਰ ਕੌਰ ਭੱਠਲ ਹਲਕਾ ਲਹਿਰਾਗਾਗਾ ਤੋਂ, ਜਨਮੇਜਾ ਸਿੰਘ ਸੇਖੋਂ ਹਲਕਾ ਮੌੜ ਤੋਂ, ਮੁਹੰਮਦ ਸਦੀਕ ਹਲਕਾ ਜੈਤੋਂ ਤੋਂ, ਸਿਮਰਨਜੀਤ ਸਿੰਘ ਮਾਨ ਹਲਕਾ ਬਰਨਾਲਾ ਤੋਂ, ਜਨਰਲ ਜੇ. ਜੇ. ਸਿੰਘ ਹਲਕਾ ਪਟਿਆਲਾ ਤੋਂ, ਮਲਕੀਅਤ ਸਿੰਘ ਬਾਬਾ ਬਕਾਲਾ ਤੋਂ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਫਤਿਹਗੜ੍ਹ ਚੂੜੀਆਂ ਤੋਂ, ਬ੍ਰਹਮ ਮਹਿੰਦਰਾ ਹਲਕਾ ਪਟਿਆਲਾ ਪੇਂਡੂ ਤੋਂ ਕਿਸਮਤ ਅਜ਼ਮਾਈ ਕਰ ਰਹੇ ਹਨ। ਸਭ ਤੋਂ ਘੱਟ 25 ਸਾਲ ਦੀ ਉਮਰ ਵਾਲੇ ਹੁਸ਼ਿਆਰਪੁਰ ਤੋਂ ਜਸਪ੍ਰੀਤ ਕੌਰ ਹਨ, ਜੋ ਡੈਮੋਕ੍ਰੇਟਿਕ ਪਾਰਟੀ ਆਫ਼ ਇੰਡੀਆ ਦੀ ਟਿਕਟ 'ਤੇ ਮੈਦਾਨ 'ਚ ਹਨ। ਪਾਇਲ ਤੋਂ ਅਕਾਲੀ ਦਲ ਅੰਮ੍ਰਿਤਸਰ ਦੇ ਗੁਰਵਿੰਦਰ ਸਿੰਘ ਵੀ 25 ਸਾਲ ਦੇ ਹਨ। ਫਿਰੋਜ਼ਪੁਰ ਸ਼ਹਿਰੀ ਹਲਕੇ ਤੋਂ 25 ਸਾਲਾਂ ਦੇ ਮੁਕੇਸ਼ ਕੁਮਾਰ ਵੀ ਸ਼ਿਵ ਸੈਨਾ ਦੀ ਟਿਕਟ 'ਤੇ ਮੈਦਾਨ 'ਚ ਹਨ। ਇਕ ਹੋਰ ਮੰਗੂ ਸਿੰਘ ਮਾਨਸਾ ਤੋਂ ਆਪਣਾ ਪੰਜਾਬ ਪਾਰਟੀ ਤੋਂ ਵੀ ਜ਼ੋਰ ਅਜ਼ਮਾਈ ਕਰ ਰਹੇ ਹਨ। ਭਦੌੜ ਤੋਂ ਬੱਗਾ ਸਿੰਘ 25 ਸਾਲਾਂ ਆਜ਼ਾਦ ਉਮੀਦਵਾਰ ਵਜੋਂ ਮੈਦਾਨ 'ਚ ਹਨ, ਫਾਜ਼ਿਲਕਾ ਤੋਂ ਦਵਿੰਦਰ ਸਿੰਘ ਘੁਬਾਇਆ ਵੀ 25 ਸਾਲ ਦੀ ਉਮਰ 'ਚ ਕਾਂਗਰਸ ਟਿਕਟ 'ਤੇ ਪਹਿਲੀ ਵਾਰ ਫਾਜ਼ਿਲਕਾ ਤੋਂ ਮੈਦਾਨ 'ਚ ਹਨ। ਕਾਨੂੰਨ ਅਨੁਸਾਰ 25 ਸਾਲ ਦੀ ਉਮਰ ਵਾਲਾ ਹੀ ਵਿਧਾਨ ਸਭਾ ਦੀ ਚੋਣ ਲੜ ਸਕਦਾ ਹੈ।

# ਲੋਕਾਂ 'ਚ ਖਿੱਚ ਦਾ ਕੇਂਦਰ ਬਣਿਆ ਸੁਖਬੀਰ ਦਾ ਹਮਸ਼ਕਲ

**ਧੂਰੀ–** ਵਿਧਾਨ ਸਭਾ ਹਲਕਾ ਧੂਰੀ ਦੇ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰ ਹਰੀ ਸਿੰਘ ਦੇ ਸਮਰਥਕਾਂ ਵੱਲੋਂ ਉਨ੍ਹਾਂ ਦੇ ਹੱਕ 'ਚ ਕੀਤਾ ਜਾ ਰਿਹਾ ਚੋਣ ਪ੍ਰਚਾਰ ਜ਼ੋਰਾਂ 'ਤੇ ਚੱਲ ਰਿਹਾ ਹੈ। ਇਨ੍ਹੀਂ ਦਿਨੀ ਪੰਜਾਬ ਦੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਇਕ ਹਮਸ਼ਕਲ ਵਿਅਕਤੀ ਹਲਕਾ ਧੂਰੀ ਵਿਖੇ ਹਰੀ ਸਿੰਘ ਦੇ ਹੱਕ 'ਚ ਚੋਣ ਪ੍ਰਚਾਰ ਕਰ ਰਿਹਾ ਹੈ। ਸੇਵਾ ਸਿੰਘ ਨਾਮੀ ਇਹ ਵਿਅਕਤੀ ਜਦੋਂ ਲੋਕਾਂ ਦੇ ਘਰੋ-ਘਰੀ ਜਾ ਕੇ ਲੋਕਾਂ ਨੂੰ ਹਰੀ ਸਿੰਘ ਦੇ ਹੱਕ 'ਚ ਵੋਟ ਪਾਉਣ ਦੀ ਅਪੀਲ ਕਰਦਾ ਹੈ ਤਾਂ ਉਸ ਵੇਲੇ ਪਹਿਲੀ ਨਿਗ੍ਹਾ ਦੇਖਣ ਵਾਲੇ ਵਿਅਕਤੀਆਂ ਨੂੰ ਉਸ ਦੀ ਸ਼ਕਲ ਸੁਖਬੀਰ ਸਿੰਘ



ਬਾਦਲ ਨਾਲ ਮਿਲਦੀ ਹੋਣ ਕਾਰਨ ਉਨ੍ਹਾਂ ਦਾ ਭੁਲੇਖਾ ਪੈ ਜਾਂਦਾ ਹੈ। ਇਸ ਸਬੰਧੀ ਜਦੋਂ ਸੇਵਾ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਹਰੀ ਸਿੰਘ ਦੇ ਚੋਣ ਪ੍ਰਚਾਰ ਦੌਰਾਨ ਬਹੁਤੀ ਜਗ੍ਹਾ 'ਤੇ ਲੋਕ ਜਦੋਂ ਉਨ੍ਹਾਂ ਨੂੰ ਦੇਖਦੇ ਹਨ, ਤਾਂ ਮਿਲ ਕੇ ਸੁਖਬੀਰ ਸਿੰਘ ਬਾਦਲ ਦਾ ਹਮਸ਼ਕਲ ਹੋਣ ਬਾਰੇ ਕਹਿ ਕੇ ਉਹ ਮੇਰੇ ਨਾਲ ਫ਼ੋਟੋਆਂ ਖਿਚਾਉਣ ਲਈ ਉਤਾਵਲੇ ਹੋ ਜਾਂਦੇ ਹਨ। ਸੁਖਬੀਰ ਸਿੰਘ ਬਾਦਲ ਦੇ ਹਮਸ਼ਕਲ ਹੋਣ ਦੀ ਗੱਲ ਕਬੂਲਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਵੀ ਇੱਕ ਵਾਰ ਉਨ੍ਹਾਂ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਸ਼ਕਲ ਸੁਖਬੀਰ ਨਾਲ ਕਾਫ਼ੀ ਮਿਲਦੀ ਹੈ।

# ਵਿਧਾਨ ਸਭਾ ਚੋਣਾਂ ਲੜ ਰਹੇ ਨੇ 10ਵੀਂ ਪਾਸ ਲੀਡਰ

**ਚੰਡੀਗੜ੍ਹ–** ਚੋਣ ਲੜਨ ਲਈ ਨਾਮਜ਼ਦਗੀਆਂ ਦਾਖਲ ਕਰਵਾਉਣ ਸਮੇਂ ਹਰ ਉਮੀਦਵਾਰ ਵੱਲੋਂ ਆਪਣੀ ਨਿੱਜੀ ਜਾਣਕਾਰੀ ਬਾਰੇ ਐਫੀਡੇਵਿਟ ਦਿੱਤਾ ਜਾਂਦਾ ਹੈ। ਇਨ੍ਹਾਂ ਐਫੀਡੇਵਿਟਾਂ ਜ਼ਰੀਏ ਕਈ ਅਜਿਹੇ ਉਮੀਦਵਾਰਾਂ ਦੇ ਨਾਂ ਸਾਹਮਣੇ ਆਏ ਹਨ ਜਿਨ੍ਹਾਂ ਦੀ ਵਿਦਿਅਕ ਯੋਗਤਾ ਸਿਰਫ 10ਵੀਂ ਪਾਸ ਜਾਂ ਉਸ ਤੋਂ ਵੀ ਘੱਟ ਹੈ।

ਅਜਿਹੀ ਵਿੱਦਿਆਕ ਯੋਗਤਾ ਵਾਲੇ ਉਮੀਦਵਾਰ ਪੰਜਾਬ ਦੇ ਚੋਣ ਮੈਦਾਨ 'ਚ ਨਿੱਤਰੀਆਂ ਤਿੰਨੇ ਮੁੱਖ ਪਾਰਟੀਆਂ ਵੱਲੋਂ ਉਤਾਰੇ ਗਏ ਹਨ। ਤਿੰਨਾਂ ਪਾਰਟੀਆਂ ਵਿੱਚ ਕੁੱਲ 16 ਉਮੀਦਵਾਰ ਅਜਿਹੇ ਹਨ ਜੋ ਸਿਰਫ ਦਸਵੀਂ ਪਾਸ ਹਨ ਜਾਂ ਉਸ ਤੋਂ ਵੀ ਘੱਟ। ਹੁਣ ਇਨਾਂ ਉਮੀਦਵਾਰਾਂ ਦੇ ਨਾਵਾਂ ਦੀ ਗੱਲ ਕਰੀਏ ਤਾਂ ਸ਼੍ਰੋਮਣੀ ਅਕਾਲੀ ਦਲ ਵਿੱਚ ਸਾਬਕਾ ਜੇਲ੍ਹ ਮੰਤਰੀ ਤੇ ਲੁਧਿਆਣਾ ਦੱਖਣੀ ਤੋਂ ਉਮੀਦਵਾਰ ਹੀਰਾ ਸਿੰਘ ਗਾਬੜੀਆ, ਖੰਨਾ ਤੋਂ ਰਣਜੀਤ ਸਿੰਘ ਤਲਵੰਡੀ, ਗਿੱਲ ਤੋਂ ਦਰਸ਼ਨ ਸਿੰਘ ਸ਼ਿਵਾਲਿਕ ਤੇ ਰਾਏਕੋਟ ਤੋਂ ਇੰਦਰ ਇਕਬਾਲ ਸਿੰਘ ਅਟਵਾਲ ਦਸਵੀਂ ਪਾਸ ਹਨ।

ਕਾਂਗਰਸ ਪਾਰਟੀ ਵਿੱਚ 5 ਉਮੀਦਵਾਰਾਂ ਨੇ ਸਿਰਫ ਦਸਵੀਂ ਤੱਕ ਦੀ ਪੜ੍ਹਾਈ ਕੀਤੀ ਹੈ, ਉਨਾਂ ਵਿੱਚ ਹਲਕਾ ਆਤਮ ਨਗਰ ਤੋਂ ਉਮੀਦਵਾਰ ਕਮਲਜੀਤ ਸਿੰਘ ਕੜਵਲ, ਸਮਰਾਲਾ ਤੋਂ ਉਮੀਦਵਾਰ ਅਮਰੀਕ ਸਿੰਘ ਢਿੱਲੋਂ, ਲੁਧਿਆਣਾ ਉੱਤਰੀ ਤੋਂ ਰਾਕੇਸ਼ ਪਾਂਡੇ, ਸੈਂਟਰਲ ਤੋਂ ਸੁਰਿੰਦਰ ਡਾਬਰ ਤੇ ਜਗਰਾਉਂ ਤੋਂ ਮਲਕੀਤ ਸਿੰਘ ਦਾਖਾ ਦਸਵੀਂ ਪਾਸ ਹਨ, ਇਨ੍ਹਾਂ ਵਿੱਚੋਂ ਪਾਂਡੇ, ਡਾਬਰ ਤੇ ਦਾਖਾ ਤਿੰਨੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਨ। ਅਜਿਹੀ ਯੋਗਤਾ ਵਿੱਚ ਆਮ ਆਦਮੀ ਪਾਰਟੀ ਵੀ ਪਿੱਛੇ ਨਹੀਂ ਹੈ, ਆਮ ਆਦਮੀ ਪਾਰਟੀ ਵੱਲੋਂ ਚੁਣੇ ਗਏ ਉਮੀਦਵਾਰਾਂ 'ਚੋਂ 5 ਉਮੀਦਵਾਰਾਂ ਦੀ ਯੋਗਤਾ ਦਸਵੀਂ ਪਾਸ ਹੈ। ਹਲਕਾ ਲੁਧਿਆਣਾ ਕੇਂਦਰੀ ਤੋਂ ਵਿਪਨ ਸੂਦ ਕਾਕਾ ਦਸਵੀਂ ਤੋਂ ਘੱਟ, ਲੁਧਿਆਣਾ ਪੂਰਬੀ ਤੋਂ ਦਲਜੀਤ ਸਿੰਘ ਗਰੇਵਾਲ, ਰਾਏਕੋਟ ਤੋਂ ਜਗਤਾਰ ਸਿੰਘ, ਹਲਕਾ ਗਿੱਲ ਤੋਂ ਜੀਵਨ ਸਿੰਘ ਤੇ ਹਲਕਾ ਉੱਤਰੀ ਤੋਂ ਰਣਧੀਰ ਸਿੰਘ ਸਿਬੀਆ ਦਸਵੀਂ ਪਾਸ ਹਨ।

ਹਲਕਾ ਗਿੱਲ ਦੀ ਗੱਲ ਕਰੀਏ ਤਾਂ ਇੱਥੇ ਦੋ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਰਸ਼ਨ ਸਿੰਘ ਸ਼ਿਵਾਲਿਕ ਤੇ ਆਮ ਆਦਮੀ ਪਾਰਟੀ ਵੱਲੋਂ ਜੀਵਨ ਸਿੰਘ ਗਿੱਲ ਦੋਵਾਂ ਦੇ ਉਮੀਦਵਾਰ ਦਸਵੀਂ ਪਾਸ ਹਨ। ਭਾਜਪਾ ਦੇ ਹਲਕਾ ਕੇਂਦਰੀ ਤੋਂ ਗੁਰਦੇਵ ਦੇਬੀ ਦਸਵੀਂ ਤੋਂ ਘੱਟ ਤੇ ਪੱਛਮੀ ਤੋਂ ਕਮਲ ਚੇਤਲੀ ਦਸਵੀਂ ਪਾਸ ਹਨ।

ਭਾਵੇਂ ਇਹ ਉਮੀਦਵਾਰ ਦਸਵੀਂ ਪਾਸ ਹਨ ਤੇ ਦੇਸ਼ਵਾਸੀ ਇਸ ਗੱਲ ਤੋਂ ਖਫਾ ਹੋਣ, ਪਰ ਕਾਨੂੰਨੀ ਤੌਰ 'ਤੇ ਇਨ੍ਹਾਂ ਦੀ ਯੋਗਤਾ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਾਡੇ ਭਾਰਤੀ ਸੰਵਿਧਾਨ ਦੀ ਖਾਸੀਅਤ ਹੈ ਕਿ ਦੇਸ਼ ਸੰਭਾਲਣ ਵਾਲਿਆਂ ਦੀ ਯੋਗਤਾ ਸਬੰਧੀ ਇੱਥੇ ਕੋਈ ਮਾਪਦੰਡ ਤੈਅ ਨਹੀਂ।

# ਇਸ ਵਾਰ ਸਥਾਪਿਤ ਸਿਆਸੀ ਪਾਰਟੀਆਂ ਦੇ ਰਵਾਇਤੀ ਵੋਟ ਬੈਂਕ ਖਿੱਲਰੇ ਨਜ਼ਰ ਆ ਰਹੇ ਹਨ

**ਚੰਡੀਗੜ੍ਹ–** ਪੰਜਾਬ ਵਿਚ ਵਿਧਾਨ ਸਭਾ ਦੀਆਂ ਹੋਣ ਜਾ ਰਹੀਆਂ ਚੋਣਾਂ ਸਿਆਸੀ ਪੰਡਤਾਂ ਅਤੇ ਚੋਣਾਂ ਸਬੰਧੀ ਅੰਦਾਜ਼ੇ ਤੇ ਗਣਿਤ ਲਾਉਣ ਵਾਲਿਆਂ ਲਈ ਵੱਡੀ ਸਿਰਦਰਦੀ ਬਣੀਆਂ ਹੋਈਆਂ ਹਨ ਕਿਉਂਕਿ ਇਹ ਇੱਕ ਅਜਿਹੀ ਪਹਿਲੀ ਚੋਣ ਹੋਵੇਗੀ ਜਿਸ ਵਿਚ ਸਥਾਪਿਤ ਸਿਆਸੀ ਪਾਰਟੀਆਂ ਦੇ ਰਵਾਇਤੀ ਵੋਟ ਬੈਂਕ ਖਿੱਲਰੇ ਨਜ਼ਰ ਆ ਰਹੇ ਹਨ ਤੇ ਜਾਤ-ਪਾਤ ਦੇ ਅਧਾਰ 'ਤੇ ਵੋਟਾਂ ਦੇ ਗਣਿਤ ਲਾਉਣ ਵਾਲਿਆਂ ਦਾ ਵੀ ਕਹਿਣਾ ਹੈ ਕਿ ਪਹਿਲੀ ਵਾਰ ਇਸ ਚੋਣ ਵਿਚ ਕਾਫ਼ੀ ਵੋਟਰ ਜਾਤ-ਪਾਤ ਤੋਂ ਉਪਰ ਉਠ ਕੇ ਪਾਰਟੀਆਂ ਜਾਂ ਉਮੀਦਵਾਰਾਂ ਨੂੰ ਸਮਰਥਨ ਦੇ ਰਹੇ ਹਨ। ਬਹੁਤ ਸਾਰੇ ਹਲਕਿਆਂ ਤੋਂ ਮਿਲ ਰਹੀਆਂ ਰਿਪੋਰਟਾਂ ਇਸ ਗੱਲ ਨੂੰ ਸਪੱਸ਼ਟ ਕਰ ਰਹੀਆਂ ਹਨ ਕਿ ਕਿਸੇ ਹਲਕੇ ਵਿਚ ਇੱਕ ਜਾਤ ਦਾ ਭਾਰੂ ਹੋਣਾ ਉਸ ਜਾਤ ਦੇ ਉਮੀਦਵਾਰ ਨੂੰ ਜਿਤਾਉਣ ਲਈ ਕਾਫ਼ੀ ਸਾਬਤ ਨਹੀਂ ਹੋ ਰਿਹਾ। ਅਕਾਲੀ ਦਲ ਜਿਸ ਦੀ ਕਿ ਹਮੇਸ਼ਾਂ ਆਪਣੇ ਪੰਥਕ ਵੋਟ ਬੈਂਕ 'ਤੇ ਟੇਕ ਰਹੀ ਹੈ ਤੇ ਪੰਥਕ ਤੇ ਕਿਸਾਨੀ ਮੁੱਦਿਆਂ ਦੇ ਮੁੱਦਈ ਰਹਿਣ ਕਾਰਨ ਰਾਜ ਦੀ ਕਿਸਾਨੀ ਤੇ ਦਿਹਾਤੀ ਵਸੋਂ ਦਾ ਇੱਕ ਵੱਡਾ ਹਿੱਸਾ ਅਤੇ ਪੰਥਕ ਸੋਚ ਵਾਲੇ ਵੋਟਰ ਹਰ ਚੋਣ ਵਿਚ ਅਕਾਲੀ ਦਲ ਨਾਲ ਹੀ ਆਮ ਤੌਰ 'ਤੇ ਖੜ੍ਹੇ ਹੁੰਦੇ ਰਹੇ, ਪ੍ਰੰਤੂ ਮਗਰਲੇ 10 ਸਾਲ ਦੇ ਕਾਰਜਕਾਲ ਦੌਰਾਨ ਪੰਥਕ ਏਜੰਡੇ ਤੋਂ ਪਿੱਛੇ ਹੱਟ ਜਾਣ ਕਾਰਨ ਅਤੇ ਕਿਸਾਨ ਵੋਟ ਬੈਂਕ ਨੂੰ ਨਾ ਸੰਭਾਲ ਸਕਣ ਕਾਰਨ ਅਕਾਲੀ ਦਲ ਦੇ ਇਸ ਰਵਾਇਤੀ ਵੋਟ ਬੈਂਕ ਨੂੰ ਇਸ ਚੋਣ ਵਿਚ ਖੋਰਾ ਲੱਗਾ ਨਜ਼ਰ ਆ ਰਿਹਾ ਹੈ ਤੇ ਬੀਤੇ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਪੰਥਕ ਜਥੇਬੰਦੀਆਂ ਵਿਰੁੱਧ ਪੁਲਿਸ ਕਾਰਵਾਈ ਨੇ ਪੰਥਕ ਵੋਟ ਬੈਂਕ ਨੂੰ ਹੋਰ ਵੀ ਕਮਜ਼ੋਰ ਕੀਤਾ ਹੈ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਭਾਵੇਂ ਪੰਥਕ ਭਾਵਨਾਵਾਂ ਨੂੰ ਮੁੱਖ ਰੱਖ ਕੇ ਵਿਰਾਸਤ ਏ ਖ਼ਾਲਸਾ ਤੋਂ ਇਲਾਵਾ ਛੋਟੇ ਤੇ ਵੱਡੇ ਘੱਲੂਘਾਰਿਆਂ ਸਮੇਤ ਕੁਝ ਯਾਦਗਾਰਾਂ ਕਾਇਮ ਕਰਨ ਦਾ ਵੱਡਾ ਕਦਮ ਚੁੱਕਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਸਮਾਗਮਾਂ ਨੂੰ ਵੀ ਸਰਕਾਰੀ ਪੱਧਰ 'ਤੇ ਉਤਸ਼ਾਹਿਤ ਕੀਤਾ, ਪ੍ਰੰਤੂ ਇਸ ਦਾ ਪੰਥਕ ਵੋਟ ਬੈਂਕ 'ਤੇ ਕੋਈ ਅਸਰ ਪਿਆ ਹੈ ਜਾਂ ਨਹੀਂ, ਇਹ ਅਜੇ ਸਪੱਸ਼ਟ ਨਹੀਂ। ਅਕਾਲੀ ਦਲ ਵੱਲੋਂ ਭਾਵੇਂ ਆਟਾ ਦਾਲ ਤੇ ਸ਼ਗਨ ਸਕੀਮ ਵਰਗੀਆਂ ਕਈ ਸਕੀਮਾਂ ਰਾਹੀਂ ਗ਼ਰੀਬ ਤੇ ਅਨੁਸੂਚਿਤ ਜਾਤਾਂ ਨਾਲ ਸਬੰਧਤ ਵੋਟ ਨੂੰ ਵੀ ਨਾਲ ਲੈਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਇਸ ਸਬੰਧੀ ਅਸਰ ਅਤੇ ਵਿਕਾਸ ਕਾਰਜਾਂ ਦਾ ਆਮ ਵੋਟਰ 'ਤੇ ਪਿਆ ਅਸਰ ਚੋਣ ਨਤੀਜਿਆਂ ਤੋਂ ਹੀ ਸਪੱਸ਼ਟ ਹੋ ਸਕੇਗਾ। ਇਸੇ ਤਰ੍ਹਾਂ ਕਾਂਗਰਸ ਜਿਸ ਦੀ ਹਮੇਸ਼ਾਂ ਗ਼ਰੀਬ ਦਲਿਤ ਅਤੇ ਨਵੇਂ ਵੋਟਰਾਂ ਤੇ ਨੌਜਵਾਨਾਂ 'ਤੇ ਵੱਡੀ ਟੇਕ ਰਹੀ ਹੈ ਪਰ ਆਮ ਆਦਮੀ ਪਾਰਟੀ ਦੇ ਚੋਣ ਦੰਗਲ ਵਿਚ ਸ਼ਾਮਿਲ ਹੋਣ ਤੋਂ ਬਾਅਦ ਕਾਂਗਰਸ ਦੇ ਇਸ ਰਵਾਇਤੀ ਵੋਟ ਬੈਂਕ ਦਾ ਇੱਕ ਚੰਗਾ ਚੋਖਾ ਹਿੱਸਾ ਆਮ ਆਦਮੀ ਪਾਰਟੀ ਨਾਲ ਚਲਾ ਗਿਆ ਹੈ। ਜਦੋਂਕਿ ਕਾਂਗਰਸ ਦਾ ਦੂਜਾ ਵੱਡਾ ਵੋਟ ਬੈਂਕ ਸ਼ਹਿਰੀ ਵੋਟਰ ਵੀ ਮਗਰਲੀਆਂ ਕੁਝ ਚੋਣਾਂ ਤੋਂ ਕਾਂਗਰਸ ਜਾਂ ਭਾਜਪਾ ਦਰਮਿਆਨ ਹੀ ਘੁੰਮਦਾ ਨਜ਼ਰ ਆ ਰਿਹਾ ਹੈ, ਲੇਕਿਨ ਇਸ ਚੋਣ ਵਿਚ ਉਠ ਕਿਸ ਕਰਵੱਟ ਬੈਠੇਗਾ ਇਹ ਅਜੇ ਸਪੱਸ਼ਟ ਨਹੀਂ ਹੋ ਰਿਹਾ। ਸ਼ਹਿਰੀ ਖੇਤਰਾਂ ਵਿਚ ਨੋਟਬੰਦੀ ਭਾਵੇਂ ਕੋਈ ਮੁੱਦਾ ਨਹੀਂ ਬਣ ਸਕਿਆ, ਪ੍ਰੰਤੂ ਇਸ ਦਾ ਵੋਟਾਂ 'ਤੇ ਕੋਈ ਅਸਰ ਪਵੇਗਾ ਜਾਂ ਨਹੀਂ? ਇਹ ਵੀ ਸਮਾਂ ਹੀ ਸਪੱਸ਼ਟ ਕਰ ਸਕੇਗਾ। ਆਮ ਆਦਮੀ ਪਾਰਟੀ ਜਿਸ ਦਾ ਪੰਜਾਬ ਵਿਚ ਕੋਈ ਵੋਟ ਬੈਂਕ ਜਾਂ ਕਾਡਰ ਨਹੀਂ ਸੀ, ਦੀ ਮੁੱਖ ਟੇਕ ਭਾਵੇਂ ਮੌਜੂਦਾ ਰਾਜ ਪ੍ਰਣਾਲੀ ਤੋਂ ਨਾਖੁਸ਼ ਲੋਕਾਂ 'ਤੇ ਹੈ।

# ਚੋਣਾਂ ਲੜ ਰਹੇ ਉਮੀਦਵਾਰਾਂ 'ਚ ਕਰੋੜਪਤੀਆਂ ਤੇ ਅਪਰਾਧੀਆਂ ਦੀ ਭਰਮਾਰ

**ਚੰਡੀਗੜ੍ਹ –** ਪੰਜਾਬ 'ਚ ਵੱਖ-ਵੱਖ ਪਾਰਟੀਆਂ ਵੱਲੋਂ ਵਿਧਾਨ ਸਭਾ ਚੋਣਾਂ ਲੜ ਰਹੇ 1145 ਉਮੀਦਵਾਰਾਂ ਵਿਚ ਕਰੋੜਪਤੀਆਂ ਤੇ ਅਪਰਾਧਿਕ ਮਾਮਲਿਆਂ ਵਾਲਿਆਂ ਦੀ ਭਰਮਾਰ ਹੈ। ਇਹ ਸੂਚਨਾ ਇਨ੍ਹਾਂ 1145 ਉਮੀਦਵਾਰਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਹਲਫ਼ੀਆ ਬਿਆਨਾਂ 'ਚ ਸਾਹਮਣੇ ਆਈ ਹੈ, ਜੋ ਕਿ ਅੱਜ ਏ.ਡੀ.ਆਰ. (ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼) ਅਤੇ 'ਪੰਜਾਬ ਇਲੈਕਸ਼ਨ ਵਾਚ' ਵੱਲੋਂ ਸਾਂਝੀ ਕੀਤੀ ਗਈ। ਰਿਪੋਰਟ ਅਨੁਸਾਰ ਵਿਧਾਨ ਸਭਾ ਚੋਣਾਂ ਲੜ ਰਹੇ 1145 ਉਮੀਦਵਾਰਾਂ 'ਚੋਂ 101 (9 ਫ਼ੀਸਦੀ) ਉਮੀਦਵਾਰਾਂ ਨੇ ਆਪਣੇ ਖਿਲਾਫ਼ ਅਪਰਾਧਿਕ ਮਾਮਲੇ ਚੱਲਦੇ ਹੋਣ ਦੀ ਦੀ ਗੱਲ ਕਬੂਲੀ ਹੈ। 78 ਉਮੀਦਵਾਰਾਂ ਖਿਲਾਫ਼ ਗੰਭੀਰ ਮਾਮਲੇ ਦਰਜ ਹਨ। 4 ਉਮੀਦਵਾਰਾਂ ਖਿਲਾਫ਼ ਕਤਲ ਨਾਲ ਸੰਬੰਧਿਤ ਮੁਕੱਦਮੇ ਦਰਜ ਹਨ। 11 ਖਿਲਾਫ਼ 'ਕਤਲ ਦੀ ਕੋਸ਼ਿਸ਼' ਦੇ ਮੁਕੱਦਮੇ ਤੇ 6 ਖਿਲਾਫ਼ ਔਰਤਾਂ ਵਿਰੁੱਧ ਜੁਰਮ ਦੇ ਮੁਕੱਦਮੇ ਹਨ।

ਵੱਖ-ਵੱਖ ਪਾਰਟੀਆਂ ਵੱਲੋਂ ਖੜ੍ਹੇ ਅਪਰਾਧਿਕ ਮਾਮਲਿਆਂ ਵਾਲੇ ਉਮੀਦਵਾਰਾਂ ਦੀ ਫੀਸਦ ਵੇਖੀ ਜਾਵੇ ਤਾਂ ਕਾਂਗਰਸ ਦੇ 12 ਫ਼ੀਸਦੀ, ਸ਼੍ਰੋਮਣੀ ਅਕਾਲੀ ਦਲ ਦੇ 11 ਫ਼ੀਸਦੀ, 'ਆਪ' ਦੇ ਦੇ 11 ਫ਼ੀਸਦੀ, ਆਪਣਾ ਪੰਜਾਬ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ 9-9 ਫ਼ੀਸਦੀ ਅਤੇ ਭਾਜਪਾ ਦੇ ਵੀ 9 ਫ਼ੀਸਦੀ ਉਮੀਦਵਾਰ ਅਪਰਾਧਿਕ ਕੇਸਾਂ ਵਾਲੇ ਹਨ। ਆਜ਼ਾਦ ਉਮੀਦਵਾਰਾਂ 'ਚੋਂ ਵੀ 7 ਫ਼ੀਸਦੀ ਉਮੀਦਵਾਰ ਅਪਰਾ ਧਿਕ ਮਾਮਲਿਆਂ ਵਾਲੀ ਸ਼੍ਰੇਣੀ 'ਚ ਆਉਂਦੇ ਹਨ। ਪੰਜਾਬ ਵਿਚ 6 ਹਲਕੇ 'ਰੈੱਡ ਅਲਰਟ' ਸ਼੍ਰੇਣੀ ਵਿਚ ਆਉਂਦੇ ਹਨ, ਜਿੱਥੇ 3 ਜਾਂ ਇਸ ਤੋਂ ਜ਼ਿਆਦਾ ਉਮੀਦਵਾਰਾਂ 'ਤੇ ਪਰਚੇ ਦਰਜ ਹਨ।

ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਉਪਰੋਕਤ ਚੋਣ ਸੁਧਾਰ ਸੰਸਥਾਵਾਂ ਨਾਲ ਸੰਬੰਧਿਤ ਪ੍ਰੋ.ਜਗਦੀਪ ਛੋਕਰ, ਜਸਕੀਰਤ ਸਿੰਘ ਤੇ ਪਰਵਿੰਦਰ ਸਿੰਘ ਕਿੱਤਨਾ ਵੱਲੋਂ ਜਾਰੀ ਰਿਪੋਰਟ ਅਨੁਸਾਰ ਚੋਣਾਂ ਲੜੇ ਰਹੇ ਕੁੱਲ ਉਮੀਦਵਾਰਾਂ 'ਚੋਂ 428 ਉਮੀਦਵਾਰ (37 ਫ਼ੀਸਦੀ) ਕਰੋੜਪਤੀ ਹਨ। ਇਨ੍ਹਾਂ 'ਚ 178 ਉਮੀਦਵਾਰ ਅਜਿਹੇ ਹਨ, ਜਿਨ੍ਹਾਂ ਦੀ ਜਾਇਦਾਦ 5 ਕਰੋੜ ਤੋਂ ਜ਼ਿਆਦਾ ਹੈ। ਅਕਾਲੀ ਦਲ ਦੇ 94 ਉਮੀਦਵਾਰਾਂ 'ਚੋਂ 87 ਉਮੀਦਵਾਰ (93 ਫ਼ੀਸਦੀ), ਕਾਂਗਰਸ ਦੇ 117 'ਚੋਂ 103 ਉਮੀਦਵਾਰ (88 ਫ਼ੀਸਦੀ ), ਭਾਜਪਾ ਦੇ 23 ਉਮੀਦਵਾਰਾਂ 'ਚੋਂ 20 (87 ਫ਼ੀਸਦੀ) ਉਮੀਦਵਾਰ, 'ਆਪ' ਪਾਰਟੀ ਦੇ 112 'ਚੋਂ 71 ਉਮੀਦਵਾਰ (63 ਫ਼ੀਸਦੀ), ਆਪਣਾ ਪੰਜਾਬ ਪਾਰਟੀ ਦੇ 77 'ਚੋਂ 24 ਉਮੀਦਵਾਰ (31 ਫ਼ੀਸਦੀ), ਅਕਾਲੀ ਦਲ ਅੰਮ੍ਰਿਤਸਰ ਦੇ 54 'ਚੋਂ 12 (22 ਫ਼ੀਸਦੀ) ਉਮੀਦਵਾਰ ਅਤੇ 304 ਆਜ਼ਾਦ ਉਮੀਦਵਾਰਾਂ ਵਿੱਚੋਂ 69 ਉਮੀਦਵਾਰ (23 ਫ਼ੀਸਦੀ) ਕਰੋੜਪਤੀ ਹਨ। ਸਭ ਤੋਂ ਜ਼ਿਆਦਾ ਜਾਇਦਾਦ ਦੀ ਗੱਲ ਕਰੀਏ ਤਾਂ ਕਪੂਰਥਲੇ ਤੋਂ ਰਾਣਾ ਗੁਰਜੀਤ ਸਿੰਘ ਕੋਲ 169 ਕਰੋੜ, ਅਤੇ ਸ੍ਰੀ ਮੁਕਤਸਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਸ੍ਰੀਮਤੀ ਕਰਨ ਬਰਾੜ ਦੇ 119 ਕਰੋੜ ਦੇ ਅਸਾਸੇ ਹਨ। ਦੇਣਦਾਰੀਆਂ ਦੇ ਮਾਮਲੇ 'ਚ ਕਪੂਰਥਲੇ ਤੋਂ ਰਾਣਾ ਗੁਰਜੀਤ ਸਿੰਘ 'ਤੇ 81 ਕਰੋੜ ਤੋਂ ਜ਼ਿਆਦਾ, ਜਲਾਲਾਬਾਦ ਤੋਂ ਸ. ਸੁਖਬੀਰ ਸਿੰਘ ਬਾਦਲ 'ਤੇ 39 ਕਰੋੜ ਤੋਂ ਜ਼ਿਆਦਾ ਅਤੇ ਅਬੋਹਰ ਤੋਂ ਅਮਿਤ ਡੋਡਾ 'ਤੇ 20 ਕਰੋੜ ਤੋਂ ਜ਼ਿਆਦਾ ਦੀਆਂ ਦੇਣਦਾਰੀਆਂ ਹਨ।

# ਅਕਾਲੀ-ਭਾਜਪਾ ਸਰਕਾਰ ਦੇ ਦੋ ਸ਼ਕਤੀਸਾਲੀ ਮੰਤਰੀਆਂ ਅਤੇ ਮਾਝੇ ਦੇ ਜਰਨੈਲਾਂ ਦਾ ਵੱਕਾਰ ਦਾਅ 'ਤੇ

**ਅੰਮ੍ਰਿਤਸਰ–** ਪੱਟੀ ਅਤੇ ਮਜੀਠਾ ਵਿਧਾਨ ਸਭਾ ਹਲਕਿਆਂ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਦੋ ਸ਼ਕਤੀਸ਼ਾਲੀ ਮੰਤਰੀਆਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਬਿਕਰਮ ਸਿੰਘ ਮਜੀਠੀਆ ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਦੋਵੇਂ ਮੰਤਰੀ ਵਿਕਾਸ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਨ ਪਰ ਦੋਵਾਂ ਨੂੰ ਹਲਕਿਆਂ ਵਿੱਚ ਸਥਾਪਤੀ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਜੀਠੀਆ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਮੰਤਰੀ ਨੇ ਹਲਕੇ ਵਿੱਚ 500 ਕਰੋੜ ਰੁਪਏ ਦੇ ਵਿਕਾਸ ਕੰਮ ਕਰਵਾਏ ਹਨ ਅਤੇ ਇਸ ਲਈ ਜਿੱਤ-ਹਾਰ ਦਾ ਫ਼ੈਸਲਾ ਵਿਕਾਸ ਦੇ ਮੁੱਦੇ 'ਤੇ ਹੋਵੇਗਾ। ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਬਾਦਲ ਸਰਕਾਰ ਦੇ ਮੰਤਰੀ ਮਜੀਠੀਆ ਨਾਲ ਫਸਵੀਂ ਟੱਕਰ ਹੈ। ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਿੰਮਤ ਸਿੰਘ ਸ਼ੇਰਗਿੱਲ ਦੀਆਂ ਸਰਗਰਮੀਆਂ ਵਿੱਚ ਵੀ ਤੇਜ਼ੀ ਆਈ ਹੈ। ਹਲਕੇ ਦੇ ਪਿੰਡਾਂ ਆਮਦ, ਅੱਠਵਾਲ, ਸ਼ਾਮਨਗਰ ਦੇ ਲੋਕਾਂ ਦਾ ਕਹਿਣਾ ਹੈ ਕਿ ਵਿਕਾਸ ਦਾ ਫਾਇਦਾ ਉਨ੍ਹਾਂ ਤੱਕ ਘੱਟ ਪਹੁੰਚਿਆ ਹੈ ਅਤੇ ਨੀਲੇ ਕਾਰਡਾਂ ਦਾ ਫਾਇਦਾ ਵੀ ਵੱਡੇ ਲੋਕ ਲੈ ਗਏ ਹਨ। ਹਲਕੇ ਦੇ ਪਿੰਡ ਮਰੜੀ ਕਲਾਂ, ਭੰਗਾਲੀ ਦੇ ਲੋਕਾਂ ਨੇ ਕਿਹਾ ਕਿ ਹਲਕੇ ਵਿੱਚ ਸਟੇਡੀਅਮ ਬਣੇ ਹਨ ਅਤੇ ਕਈ ਹੋਰ ਸਹੂਲਤਾਂ ਮਿਲੀਆਂ ਹਨ, ਇਸ ਲਈ ਉਹ ਅਕਾਲੀ ਉਮੀਦਵਾਰ ਦੇ ਹੱਕ ਵਿੱਚ ਹਨ। ਪਿੰਡਾਂ ਵਿੱਚ ਕਿਤੇ-ਕਿਤੇ ਆਮ ਆਦਮੀ ਪਾਰਟੀ ਦੇ ਹਮਾਇਤੀ ਵੀ ਮਿਲੇ, ਜਿਨ੍ਹਾਂ ਕਿਹਾ ਕਿ ਨੌਜਵਾਨਾਂ ਵਰਗ ਉਨ੍ਹਾਂ ਦੇ ਹੱਕ 'ਚ ਹੈ ਤੇ ਉਨ੍ਹਾਂ ਨੂੰ ਕਾਫ਼ੀ ਉਮੀਦਾਂ ਹਨ।

ਪੱਟੀ ਹਲਕੇ ਤੋਂ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਕਾਂਗਰਸ ਦੇ ਹਰਮਿੰਦਰ ਸਿੰਘ ਗਿੱਲ ਫਸਵੀਂ ਟੱਕਰ ਦੇ ਰਹੇ ਹਨ।

ਗਿੱਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕੇਵਲ 59 ਵੋਟਾਂ ਦੇ ਫ਼ਰਕ ਨਾਲ ਹਾਰ ਗਏ ਸਨ। ਇਸ ਵਾਰ ਉਹ ਜਿੱਤ ਦੇ ਦਾਅਵੇ ਕਰ ਰਹੇ ਹਨ। ਸਿਆਸੀ ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਹਲਕੇ ਵਿੱਚ ਜਿੱਤ-ਹਾਰ ਲਈ ਹਲਕੇ ਤੋਂ ਬਾਹਰਲੇ ਇੱਕ-ਦੋ ਆਗੂ ਆਖਰੀ ਸਮੇਂ ਸਮੀਕਰਨ ਬਦਲਣ 'ਚ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਇਸ ਵਾਰ ਵੀ ਉਨ੍ਹਾਂ ਦੀ ਭੂਮਿਕਾ 'ਤੇ ਨਿਗ੍ਹਾ ਰੱਖੀ ਜਾ ਰਹੀ ਹੈ। ਇਸ ਹਲਕੇ ਤੋਂ 'ਆਪ' ਦੇ ਰਣਜੀਤ ਸਿੰਘ ਚੀਮਾ ਕਿਸਮਤ ਅਜ਼ਮਾ ਰਹੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ 'ਆਪ' ਨੇ ਹਲਕੇ ਵਿੱਚ ਪੈਰ ਲਾਉਣ ਵਾਲੇ ਆਗੂ ਨੂੰ ਚੋਣ ਮੈਦਾਨ 'ਚ ਉਤਾਰਿਆ ਹੁੰਦਾ ਤਾਂ ਸਥਿਤੀ ਕੁਝ ਹੋਰ ਹੋਣੀ ਸੀ। ਪੱਟੀ ਕਸਬੇ ਦੇ ਲੋਕਾਂ ਦਾ ਕਹਿਣਾ ਹੈ ਕਿ ਹਲਕੇ ਵਿੱਚ ਨਸ਼ੀਲੇ ਪਦਾਰਥ ਆਮ ਹਨ ਅਤੇ ਨਸ਼ਿਆਂ ਦੇ ਤੰਦੂਆ ਜਾਲ ਨੂੰ ਤੋੜਨ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ ਹੈ। ਦੋਵਾਂ ਹਲਕਿਆਂ 'ਚੋਂ ਜਿੱਥੇ ਹਾਕਮ ਧਿਰ ਨਾਲ ਜੁੜੇ ਲੋਕ ਵਿਕਾਸ ਦੀਆਂ ਗੱਲਾਂ ਕਰਦੇ ਹੋਏ ਅਕਾਲੀ ਦਲ ਦੇ ਉਮੀਦਵਾਰਾਂ ਦੇ ਹੱਕ ਵਿੱਚ ਵੋਟ ਦੇਣ ਦੀ ਗੱਲ ਕਰਦੇ ਹਨ, ਉਥੇ ਵਿਰੋਧੀ ਧਿਰ ਕਾਂਗਰਸ, ਆਮ ਆਦਮੀ ਪਾਰਟੀ ਦੇ ਹਮਾਇਤੀ ਲੋਕਾਂ ਨਾਲ ਧੱਕੇ, ਬੇਇਨਸਾਫ਼ੀਆਂ, ਝੂਠੇ ਪਰਚਿਆਂ ਦੇ ਮਾਮਲੇ ਉਠਾ ਰਹੇ ਹਨ। ਉਨ੍ਹਾਂ ਦਾ ਕਹਿਣਾ ਕਿ ਜੇਕਰ ਅਗਲੇ ਪੰਜ ਸਾਲ ਆਰਾਮ ਨਾਲ ਰਹਿਣਾ ਹੈ ਤਾਂ ਤਬਦੀਲੀ ਦੇ ਹੱਕ 'ਚ ਫਤਵਾ ਦਿੱਤਾ ਜਾਵੇ। ਹਾਕਮ ਧਿਰ ਦੇ ਹਮਾਇਤੀਆਂ ਨੂੰ ਆਸ ਹੈ ਕਿ ਸਥਾਪਤੀ ਵਿਰੋਧੀ ਵੋਟਾਂ ਦੋ ਪਾਰਟੀਆਂ 'ਚ ਵੰਡੇ ਜਾਣ ਕਾਰਨ ਉਨ੍ਹਾਂ ਨੂੰ ਲਾਹਾ ਮਿਲ ਸਕਦਾ ਹੈ। ਰਾਜਨੀਤਕ ਹਲਕਿਆਂ ਦਾ ਤਰਕ ਹੈ ਕਿ ਇਸ ਸਥਿਤੀ ਦਾ ਲਾਹਾ ਹਾਕਮ ਧਿਰ ਦੇ ਉਮੀਦਵਾਰਾਂ ਨੂੰ ਨਹੀਂ ਮਿਲੇਗਾ।

# ਜੁਝਾਰੂ ਕਲਾ ਦਿਖਾਉਂਦਾ ਗੱਤਕਾ ਕੱਪ ਭਿੱਖੀਵਿੰਡ ਸੰਪਨ

## ਗੱਤਕਾ ਕੱਪ ਵਿੱਚੋ ਲੁਧਿਆਣਾ ਦੀ ਟੀਮ ਰਹੀ ਜੇਤੂ, ਇਲਾਕਾ ਨਿਵਾਸੀਆ ਕੀਤੀ ਗੱਤਕਾ ਕੱਪ ਦੀ ਸ਼ਲਾਘਾ







**ਭਿੱਖੀਵਿੰਡ (ਭੁਪਿੰਦਰ ਸਿੰਘ)–** ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ 335ਵੇਂ ਜਨਮ ਦਿਹਾੜੇ ਦੇ ਸਬੰਧ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਐਸੋਸੀਏਸ਼ਨ ਐਂਡ ਗੱਤਕਾ ਕਲੱਬ ਭਿੱਖੀਵਿੰਡ ਵੱਲੋ ਜਿਲ੍ਹਾ ਗੱਤਕਾ ਐਸੋਸੀਏਸ਼ਨ ਤਰਨ ਤਾਰਨ ਅਤੇ ਪੰਜਾਬ ਗੱਤਕਾ ਐਸੋਸੀਏਸ਼ਨ ਦੇ ਸਹਿਯੋਗ ਨਾਲ ਬਾਬਾ ਦੀਪ ਸਿੰਘ ਗੱਤਕਾ ਕੱਪ ਕਰਵਾਇਆ ਗਿਆ। ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜਿਲ੍ਹਿਆ ਵਿੱਚੋ 13 ਟੀਮਾ ਨੇ ਗੱਤਕਾ ਕੱਪ ਵਿੱਚ ਭਾਗ ਲਿਆ ਅਤੇ ਗੱਤਕਾ ਮੁਕਾਬਲ ਵਿੱਚ ਜੁਝਾਰੂ ਕਲਾ ਦੇ ਜੋਹਰ ਦਿਖਾਏ ਜਿਸ ਵਿੱਚ ਬਾਬਾ ਬੰਦਾ ਬਹਾਦਰ ਗੱਤਕਾ ਅਖਾੜਾ ਲੁਧਿਆਣਾ ਨੇ ਪਹਿਲਾ, ਅਕਾਲ ਸਹਾਇ ਗੱਤਕਾ ਅਖਾੜਾ ਕੁਰਾਲੀ ਨੇ ਦੂਸਰਾ ਅਤੇ ਮੀਰੀ ਪੀਰੀ ਗੱਤਕਾ ਅਖਾੜਾ ਮੋਗਾ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਗੱਤਕਾ ਕੱਪ ਵਿੱਚ ਗੱਤਕਾ ਕਲੱਬ ਭਿੱਖੀਵਿੰਡ ਵੱਲੋ ਜੇਤੂ ਟੀਮਾ ਨੂੰ ਨਕਦ ਰਾਸ਼ੀ ਨਾਲ ਸ਼ਨਮਾਨਿਤ ਕੀਤਾ ਗਿਆ।ਇਸ ਮੌਕੇ ਗੱਤਕਾ ਕਲੱਬ ਭਿੱਖੀਵਿੰਡ ਦੇ ਪ੍ਰਧਾਨ ਪਲਵਿੰਦਰ ਸਿੰਘ ਵਲੋ ਜਾਣਕਾਰੀ ਦਸਦਿਆਂ ਕਿਹਾ ਮਾਰਸ਼ਲ ਆਰਟ ਗੱਤਕਾ ਸਿੱਖ ਗੁਰੂ ਸਹਿਬਾਨ ਵੱਲੋ ਜੁਲਮ ਨਾਲ ਲੜਨ ਅਤੇ ਆਤਮ ਰਖਿਆ ਲਈ ਦਾਤ ਦਿਤੀ ਗਈ ਸੀ ਅਤੇ ਇਹ ਖੇਡ ਗੱਤਕਾ ਆਤਮ ਰਖਿਆ ਦੇ ਨਾਲ ਸਰੀਰਕ ਤੰਦਰੁਸਤੀ ਵੀ ਪ੍ਰਦਾਨ ਕਰਦੀ ਹੈ।

ਅੱਜ ਦੇ ਸਮੇਂ ਵਿੱਚ ਜਿਸ਼ ਤਰਾ ਨੌਜਵਾਨ ਵੀਰ ਨਸ਼ਿਆ ਦੀ ਦਲਦਲ ਵਿੱਚ ਫਸੇ ਹੋਏ ਹਨ ਉਹਨਾ ਨੂੰ ਇਹੋ ਜਿਹੀਆਂ ਭੈੜੀਆ ਆਦਤਾ ਤੋ ਬਚਾਉਣ ਲਈ ਗੱਤਕਾ ਕਲੱਬ ਵੱਲੋ ਨੌਜਵਾਨਾ ਨੂੰ ਖੇਡਾ ਨਾਲ ਜੋੜ ਕਈ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾ ਇਹ ਵੀ ਜਾਣਕਾਰੀ ਦਿੱਤੀ ਕਿ ਗੱਤਕਾ ਖੇਡ ਅੱਜ ਦੁਨੀਆਂ ਭਰ ਵਿੱਚ ਆਪਣੀ ਪਹਿਚਾਣ ਪਾ ਰਹੀ ਹੈ ਅਤੇ ਨੈਸ਼ਨਲ ਪੱਧਰ ਤੇ ਗੱਤਕਾ ਖੇਡ ਯੂਨੀਵਰਸਿਟੀਆ ਕਾਲਜ਼ਾ ਸਕੂਲਾ ਵਿੱਚ ਲਾਗੂ ਹੋਣ ਨਾਲ ਅਤੇ ਗ੍ਰੇਡੇਸ਼ਨ ਮਿਲਣ ਨਾਲ ਗੱਤਕਾ ਖਿਡਾਰੀਆ ਨੂੰ ਕਾਫੀ ਉਤਸ਼ਾਹ ਮਿਲਿਆ ਹੈ।ਇਸ ਤਰਾਂ ਗੱਤਕਾ ਖੇਡ ਵੀ ਦੁਜੀਆ ਖੇਡਾ ਵਾਂਗ ਉਲੰਪਿਕ ਤੱਕ ਪੰਹੁਚਨ ਲਈ ਆਪਣਾ ਕਦਮ ਵਧਾ ਚੁਕੀ ਹੈ। ਇਸ ਤੋ ਇਲਾਵਾ ਗੱਤਕਾ ਕੱਪ ਦੋਰਾਨ ਭੁਪਿੰਦਰ ਸਿੰਘ ਪਨੇਸਰ ਅਤੇ ਭਿੱਖੀਵਿੰਡ ਇਲਾਕਾ ਨਿਵਾਸੀਆ ਨੇ ਕਿਹਾ ਕਿ ਤਰਨ ਤਾਰਨ ਦੇ ਬਾਰਡਰ ਜ਼ੋਨ ਵਿੱਚ ਪਹਿਲੀ ਵਾਰ ਗੱਤਕਾ ਕੱਪ ਕਰਵਾਇਆ ਗਿਆ ਗੱਤਕਾ ਕੱਪ ਸ਼ਲਾਘਾਯੋਗ ਕਦਮ ਹੈ, ਅੱਜ ਦੀ ਨੋਜਵਾਨ ਪੀੜੀ ਨਸ਼ੇ ਦੀ ਦਲਦਲ ਵਿੱਚ ਫਸਣ ਦੇ ਨਾਲ ਨਾਲ ਆਪਣੇ ਇਤਿਹਾਸ ਤੇ ਵਿਰਾਸਤ ਨੂੰ ਵੀ ਭੁਲਦੀ ਜਾ ਰਹੀ ਹੈ।

ਸ਼ਹੀਦ ਬਾਬਾ ਦੀਪ ਸਿੰਘ ਐਸੋਸੀਏਸ਼ਨ ਐਂਡ ਗੱਤਕਾ ਕਲੱਬ ਭਿੱਖੀਵਿੰਡ ਵੱਲੋ ਕਰਵਾਏ ਗਏ ਗੱਤਕਾ ਕੱਪ ਨਾਲ ਨੋਜਵਾਨਾ ਨੂੰ ਆਪਣੇ ਵਿਰਸੇ ਤੋ ਜਾਣੂ ਕਰਵਾਉਣਾ ਬਹੁਤ ਵਧੀਆ ਉਪਰਾਲਾ ਹੈ ਅਤੇ ਉਹਨਾ ਵੱਲੋ ਪੰਹੁਚੇ ਸਮੂਹ ਪਿੰਡਾ ਦੇ ਮੋਹਤਬਾਰਾ ਨੂੰ ਬੇਨਤੀ ਕੀਤੀ ਕਿ ਗੱਤਕਾ ਕਲੱਬ ਭਿੱਖੀਵਿੰਡ ਜੋ ਬਾਰਡਰ ਦੇ ਇਲਾਕੇ ਵਿੱਚ ਇਕਲੌਤੀ ਗੱਤਕਾ ਟੀਮ ਜੋ ਨੋਜਵਾਨਾਂ ਨੂੰ ਬੁਰੀਆ ਆਦਤਾ ਤੋ ਬਚਾਉਣ ਲਈ ਉਪਰਾਲੇ ਕਰ ਰਹੀ ਹੈ ਇਲਾਕੇ ਦੇ ਹਰ ਪਿੰਡ ਨੂੰ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਹਰ ਇਕ ਪਿੰਡ ਵਿਚ ਇਕ ਗਤਕਾ ਟੀਮ ਤਿਆਰ ਕਰਨ ਦੇ ਨਾਲ ਪਿੰਡ ਪੱਧਰ ਤੇ ਕਰਵਾਏ ਜਾਂਦੇ ਪ੍ਰੋਗਰਾਮਾ ਵਿੱਚ ਗੱਤਕਾ ਮੁਕਾਬਲੇ ਵੀ ਕਰਵਾਉਣੇ ਚਾਹੀਦੇ ਹਨ ਤਾਂ ਜੋ ਨੋਜਵਾਨ ਵੀਰਾ ਨੂੰ ਆਪਣੇ ਇਤਿਹਾਸ ਤੋ ਵੀ ਜਾਣੂ ਕਰਵਾ ਸਕੀਏ।

ਅਖੀਰ ਵਿੱਚ ਗੱਤਕਾ ਕੱਪ ਵਿੱਚ ਵਿਸ਼ੇਸ਼ ਸਹਿਯੋਗ ਕਰਨ ਤੇ ਗੱਤਕਾ ਕਲੱਬ ਭਿੱਖੀਵਿੰਡ ਵੱਲੋਂ ਜਗਦੀਸ਼ ਸਿੰਘ ਕੁਰਾਲੀ ਕੁਆਡੀਨੇਟਰ ਪੰਜਾਬ ਗੱਤਕਾ ਐਸੋਸੀਇਸ਼ਿਨ ਜਸਵਿੰਦਰ ਸਿੰਘ ਪਾਬਲਾ ਸ਼ੋਸ਼ਲ ਮੀਡੀਆ ਇੰਚਾਰਜ਼ ਪੀ. ਜੀ. ਏ. ਜਜਮੈਂਟ ਟੀਮ ਹਰਦੀਪ ਸਿੰਘ ਭਿੰਡਰ ਕਰਮਜੀਤ ਸਿੰਘ ਬਰਨਾਲਾ, ਹਰਦੇਵ ਸਿੰਘ ਬਰਨਾਲਾ, ਬੂਟਾ ਸਿੰਘ ਇਸ ਤੋ ਇਲਾਵਾ ਲੋਕਲ ਗੁਰਦੁਆਰਾ ਪ੍ਰੰਬਧਕ ਕਮੇਟੀ ਭਿੱਖੀਵਿੰਡ, ਗੁਰਿਦਰ ਸਿੰਘ ਮਾਝਾ, ਮਨਜੀਤ ਸਿੰਘ ਐਸ ਐਸ ਫੈਸ਼ਨ ਪੁਆਇੰਟ ਵਾਲੇ , ਹੀਰਾ ਸਿੰਘ ਆੜਤੀਆ ਆਦਿ ਸ਼ਖਸ਼ੀਅਤਾਂ ਨੂੰ ਧੰਨਵਾਦ ਸਹਿਤ ਸਨਮਾਨਿਤ ਕੀਤਾ ਗਿਆ। ਇਸ ਮੋਕੇ ਹਰਿੰਦਰ ਸਿੰਘ ਲਵਲੀ, ਰੇਸ਼ਮ ਸਿੰਘ, ਅਵਤਾਰ ਸਿੰਘ, ਮੈਨੇਜਰ ਦਲਜਿੰਦਰ ਸਿੰਘ, ਅਮਰਜੀਤ ਸਿੰਘ ਪ੍ਰਧਾਨ ਨਗਰ ਪੰਚਾਇਤ ਭਿੱਖੀਵਿੰਡ ,ਠੇਕੇਦਾਰ ਵਿਰਸਾ ਸਿੰਘ ਜਿਲ੍ਹਾ ਪ੍ਰਧਾਨ ਪਛੜੀਆ ਸ਼੍ਰੇਣੀਆ ਅਤੇ ਗੱਤਕਾ ਕਲੱਬ ਦੇ ਸਮੂਹ ਮੈਂਬਰ ਭੁਪਿੰਦਰ ਸਿੰਘ ਪਨੇਸ਼ਰ, ਡਾ ਕਰਨੈਲ ਸਿੰਘ , ਗੁਰਅਵਤਾਰ ਸਿੰਘ ਲਾਲੀ, ਅਮਨਦੀਪ ਸਿੰਘ, ਪ੍ਰਬਦੀਪ ਸਿੰਘ, ਰਣਦੀਪ ਸਿੰਘ , ਧੰਨਦੀਪ ਸਿੰਘ, ਗੁਰਲਾਲ ਸਿੰਘ,ਗੁਰਸਾਹਿਬ ਸਿੰਘ, ਵਰਿੰਦਰ ਸਿੰਘ ਆਦਿ ਹਾਜਿਰ ਸਨ।

# ਬਸਪਾ ਤੋਂ ਸਿਆਸੀ ਗੁੜ੍ਹਤੀ ਲੈਣ ਵਾਲੇ ਕਈ ਆਗੂ ਜੋ ਦੂਜੀਆਂ ਪਾਰਟੀਆਂ ਦੀ ਘਨੇੜੀ ਜਾ ਚੜ੍ਹੇ

## ਹਾਥੀ ਤੋਂ ਲੱਥ ਕੇ 'ਹੱਥ' ਤੇ 'ਝਾੜੂ' ਫੜਨ ਅਤੇ 'ਤੱਕੜੀ' ਵਿੱਚ ਤੁਲਣ ਵਾਲਿਆਂ 'ਚ ਟੀਨੂੰ, ਕੈਂਥ ਤੇ ਫ਼ਲੀਆਵਾਲਾ ਸਮੇਤ ਕਈ ਆਗੂ ਸ਼ਾਮਲ

**–ਸੁਰਜੀਤ ਮਜਾਰੀ**

ਪੰਜਾਬ ਵਿਧਾਨ ਸਭਾ ਚੋਣਾਂ ਲਈ ਦਲ ਬਦਲ ਕੇ ਟਿਕਟ ਪ੍ਰਾਪਤ ਕਰਨ ਵਾਲਿਆਂ ਦੀ ਮਾਰ ਤੋਂ ਕੋਈ ਸਿਆਸੀ ਧਿਰ ਬਚ ਨਹੀਂ ਸਕੀ। ਕਿਸੇ ਸਮੇਂ ਬਹੁਜਨ ਸਮਾਜ ਪਾਰਟੀ ਦੇ ਮੋਹਰੀ ਰਹੇ ਕਈ ਆਗੂ ਵੀ ਦੂਜੀਆਂ ਪਾਰਟੀਆਂ ਦੀਆਂ ਦੀਆਂ ਗੱਡੀਆਂ ਵਿੱਚ ਚੜ੍ਹਨ ਤੋਂ ਪਿੱਛੇ ਨਹੀਂ ਰਹੇ। ਬਸਪਾ ਤੋਂ ਅੱਡ ਹੋਏ ਜ਼ਿਆਦਾਤਰ ਆਗੂ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ 'ਚ ਜਾ ਰਲੇ ਅਤੇ ਹੁਣ ਕੁਝ ਆਮ ਆਦਮੀ ਪਾਰਟੀ ਅਤੇ ਕੁਝ ਤਾਂ ਬਿਲਕੁਲ ਹੀ ਵੱਖਰੀ ਵਿਚਾਰਧਾਰਾ ਵਾਲੀ ਮੰਨੀ ਜਾਂਦੀ ਭਾਰਤੀ ਜਨਤਾ ਪਾਰਟੀ 'ਚ ਚਲੇ ਗਏ।

ਅਜਿਹੇ ਆਗੂਆਂ ਦੀ ਲੰਬੀ ਕਤਾਰ 'ਚ ਬੰਗਾ ਤੋਂ ਬਸਪਾ ਵਲੋਂ ਵਿਧਾਇਕ ਰਹੇ ਸਤਨਾਮ ਕੈਂਥ ਇਸ ਵਾਰ ਇਸੇ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਹਨ। ਬਾਦਲ ਸਰਕਾਰ ਦੀ ਸੰਸਦੀ ਸਕੱਤਰੀ ਮਾਣ ਚੁੱਕੇ ਪਵਨ ਕੁਮਾਰ ਟੀਨੂੰ ਵੀ ਪਹਿਲਾਂ ਬਸਪਾ ਦੇ ਆਗੂ ਸਨ, ਜੋ ਹੁਣ ਅਕਾਲੀ ਦਲ ਵਲੋਂ ਦੂਜੀ ਵਾਰ ਹਲਕਾ ਆਦਮਪੁਰ ਤੋਂ ਉਮੀਦਵਾਰ ਹਨ। ਆਮ ਆਦਮੀ ਪਾਰਟੀ ਦੀ ਜਲਾਲਾਬਾਦ ਸੀਟ ਤੋਂ ਲੜ ਰਹੇ ਡਾ. ਮੋਹਣ ਸਿੰਘ ਫ਼ਲੀਆਂਵਾਲਾ ਲੰਬਾ ਸਮਾਂ ਬਸਪਾ ਦੇ ਸੂਬਾ ਪ੍ਰਧਾਨ ਰਹੇ ਅਤੇ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਬਸਪਾ ਵਲੋਂ ਦੋ ਵਾਰ ਐਮਪੀ ਬਣੇ। ਅਕਾਲੀ ਦਲ ਦੇ ਬੰਗਾ ਹਲਕੇ ਤੋਂ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਫਿਲੌਰ ਤੋਂ ਉਮੀਦਵਾਰ ਸੁਖਪਾਲ ਖਹਿਰਾ ਵੀ ਪਹਿਲਾਂ ਬਸਪਾ ਦੀ ਟਿਕਟ 'ਤੇ ਚੋਣ ਲੜ ਚੁੱਕੇ ਹਨ। ਬਸਪਾ ਦੇ ਸੂਬਾ ਪ੍ਰਧਾਨ ਰਹੇ ਕਰਨਲ ਸੀ.ਡੀ. ਕੰਬੋਜ ਹੁਣ ਫਿਰੋਜ਼ਪੁਰ ਦਿਹਾਤੀ ਤੋਂ ਕਾਂਗਰਸੀ ਉਮੀਦਵਾਰ ਹਨ। ਨਵਾਂ ਸ਼ਹਿਰ ਤੋਂ ਆਪ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਵੀ ਬਸਪਾ 'ਚ ਆਪਣੀ



ਤਾਕਤ ਵਧਾਉਣ ਲਈ ਸਮਾਂ ਗੁਜ਼ਾਰ ਚੁੱਕੇ ਹਨ। ਬਲਚੌਰ ਤੋਂ ਅਜ਼ਾਦ ਉ–ਮੀਦਵਾਰ ਵਜੋਂ ਖੜ੍ਹੇ ਐਡਵੋਕੇਟ ਹਰਗੋਪਾਲ ਸਿੰਘ ਵੀ ਬਸਪਾ ਦੇ ਸੂਬਾ ਜਨਰਲ ਸਕੱਤਰ ਤੇ 1992 ਵਿੱਚ ਵਿਧਾਇਕ ਰਹਿ ਚੁੱਕੇ ਹਨ। ਗੜ੍ਹਸ਼ੰਕਰ ਤੋਂ ਬਸਪਾ ਵਲੋਂ ਦੋ ਵਾਰ ਵਿਧਾਇਕ ਰਹੇ ਸ਼ਿੰਗਾਰਾ ਰਾਮ ਸਹੂੰਗੜਾ ਪਹਿਲਾਂ ਕਾਂਗਰਸ ਦੀ ਘਨੇੜੀ ਚੜ੍ਹੇ ਅਤੇ ਹੁਣ 'ਆਪ' ਦੀ ਡਫ਼ਲੀ ਵਜਾ ਰਹੇ ਹਨ। ਬਸਪਾ ਦੇ ਮੋਢੀ ਆਗੂਆਂ 'ਚ ਸ਼ਾਮਲ ਰਹੇ ਡਾ. ਰਾਮ ਲਾਲ ਜੱਸੀ ਦਲ ਬਦਲ ਕੇ ਕਾਂਗਰਸ, ਚੌਧਰੀ ਦਰਸ਼ਨ ਸਿੰਘ ਜੇਠੂਮਜਾਰਾ ਅਕਾਲੀ ਦਲ ਤੇ ਪ੍ਰਕਾਸ਼ ਸਿੰਘ ਜੰਡਾਲੀ 'ਆਪ' ਦਾ ਪ੍ਰਚਾਰ ਕਰ ਰਹੇ ਹਨ। ਦੇਵੀ ਦਾਸ ਨਾਹਰ ਵੀ ਵੱਖਰੀ ਪਾਰਟੀ ਚਲਾ ਰਹੇ ਹਨ। ਬਸਪਾ ਵੱਲੋਂ ਹਲਕਾ ਫ਼ਿਲੌਰ ਤੋਂ ਦੋ ਵਾਰ ਐਮਪੀ ਰਹੇ ਸਵ. ਹਰਭਜਨ ਲਾਖਾ, ਜਿਹਨਾਂ ਨੂੰ ਪਾਰਟੀ ਵਰਕਰਾਂ ਨੇ 'ਬਾਬਾ ਬੋਹੜ' ਦਾ ਮਾਣ ਦਿੱਤਾ ਸੀ, ਨੇ ਵੀ ਆਪਣਾ ਅਲੱਗ ਸਿਆਸੀ ਧੜਾ ਬਣਾ ਲਿਆ ਸੀ। ਬਸਪਾ ਛੱਡ ਕੇ ਦੂਜੀਆਂ ਸਿਆਸੀ ਧਿਰਾਂ ਨਾਲ ਗੰਢਤੁੱਪ ਕਰਨ ਵਾਲਿਆਂ ਵਿੱਚ ਅਕਾਲੀ ਦਲ ਵਲੋਂ ਫਿਲੌਰ ਤੇ ਕਰਤਾਰਪੁਰ ਤੋਂ ਵਿਧਾਇਕ ਰਹੇ ਅਵਿਨਾਸ਼ ਚੰਦਰ, ਦਸੂਹਾ ਤੋਂ ਵਿਧਾਇਕ ਰਹੇ ਦੇਸ ਰਾਜ ਧੁੱਗਾ, ਫ਼ਗਵਾੜਾ ਤੋਂ ਭਾਜਪਾ ਆਗੂ ਚੌਧਰੀ ਮੋਹਣ ਲਾਲ ਬਹਿਰਾਮ ਅਤੇ ਲੋਕ ਸਭਾ ਹਲਕਾ ਬਠਿੰਡਾ ਦੇ ਅਕਾਲੀ ਦਲ ਵਲੋਂ ਚੋਣ ਇੰਚਾਰਜ ਰਹੇ ਡਾ. ਹਰਜਿੰਦਰ ਜੱਖੂ ਵੀ ਸ਼ਾਮਲ ਹਨ। ਕਦੇ ਸਮਾਂ ਸੀ ਜਦੋਂ ਇਨ੍ਹਾਂ ਆਗੂਆਂ ਦੀਆਂ ਤਕਰੀਰਾਂ ਸੁਣਨ ਲਈ ਬਸਪਾ ਦੀਆਂ ਰੈਲੀਆਂ 'ਚ ਭਾਰੀ ਇਕੱਠ ਕਰਕੇ ਵਰਕਰ ਉਤਾਵਲੇ ਹੁੰਦੇ ਸਨ ਅਤੇ ਹੁਣ ਉਹੀ ਆਗੂ ਦੂਜੀਆਂ ਸਿਆਸੀ ਪਾਰਟੀਆਂ ਰਾਹੀਂ ਮੰਗਵੀਆਂ ਟਿਕਟਾਂ 'ਤੇ ਆਪਣਾ ਸਿਆਸੀ ਕੱਦ-ਬੁੱਤ ਉੱਚਾ ਕਰਨ ਦੀ ਤਾਕ 'ਚ ਹਨ।

# ਲੋਕ ਕਵੀ ਜਮਨਾ ਪ੍ਰਕਾਸ਼ 'ਨਾਚੀਜ਼' ਦਾ ਲੋਕ ਸਾਹਿਤ ਸੰਗਮ ਵੱਲੋਂ ਹੋਇਆ ਸਨਮਾਨ

**ਰਾਜਪੁਰਾ (ਪ੍ਰਵਾਨਾ)–** ਪ੍ਰੋੜ ਲੋਕ ਕਵੀ ਜਮਨਾ ਪ੍ਰਕਾਸ਼ ਨਾਚੀਜ਼ ਦਾ ਸਨਮਾਨ ਲੋਕ ਸਾਹਿਤ ਸੰਗਮ ਵੱਲੋਂ ਰੋਟਰੀ ਕਲੱਬ ਰਾਜਪੁਰਾ ਵਿਖੇ ਕੀਤਾ ਗਿਆ। ਸਾਹਿਤਕਾਰਾਂ ਦੀ ਭਰਵੀਂ ਇਕੱਤਰਤਾ ਵਿਚ



ਸਾਹਿਤ ਦਾ ਖ਼ੂਬ ਰੰਗ ਬੰਨ੍ਹਿਆ ਗਿਆ। ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ਪ੍ਰੇਮ ਸਿੰਘ ਸਾਬਕਾ ਸਕੱਤਰ ਪੰਜਾਬ ਸਰਕਾਰ। ਸਾਹਿਤਕ ਦੌਰ ਵਿਚ ਹਾਜ਼ਰ ਸਨ ਅਵਤਾਰ ਸਿੰਘ ਪੁਆਰ, ਸੁਰਿੰਦਰ ਸਿੰਘ ਸੋਹਣਾ, ਕਰਮ ਸਿੰਘ ਹਕੀਰ, ਬਚਨ ਸਿੰਘ ਬਚਨ ਸੋਢੀ, ਕੁਲਵੰਤ ਸਿੰਘ ਜੱਸਲ, ਗੁਰਵਿੰਦਰ ਆਜ਼ਾਦ, ਜਸਵੀਰ ਕੌਰ, ਐਮ. ਐਲ. ਆਜ਼ਾਦ, ਕਮਲ ਵਰਮਾ, ਸ਼ਰਤ ਚੰਦਰ ਭਾਵੁਕ, ਆਸ਼ਾ ਰਾਣੀ, ਸ਼ਾਮ ਸੁੰਦਰ ਅਕੇਲਾ, ਅਜੈ ਵਰਮਾ, ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਅਮਨ, ਬਲਦੇਵ ਸਿੰਘ ਖੁਰਾਣਾ, ਅੰਗਰੇਜ਼ ਸਿੰਘ ਕਲੇਰ ਆਦਿ ਸ਼ਾਮਲ ਸਨ। ਮੰਚ ਸੰਚਾਲਨ ਅੰਗਰੇਜ਼ ਸਿੰਘ ਕਲੇਰ ਵੱਲੋਂ ਕੀਤਾ ਗਿਆ।

# ਚੋਣਾਂ ਵਿੱਚ ਸ਼ਰਾਬ ਅਤੇ ਨਸ਼ਾ ਵੰਡਣ ਵਾਲੇ ਦੇਸ਼ ਅਤੇ ਸਮਾਜ ਦੇ ਦੁਸ਼ਮਣ ਹਨ'- ਅਨੀਤਾ ਸ਼ਰਮਾ

**ਲੁਧਿਆਣਾ–** ਚੋਣਾਂ ਵਿੱਚ ਜਿਥੇ ਸਾਰੀ ਰਾਜਨੀਤਕ ਪਾਰਟੀਆਂ ਆਪਣੇ ਹੱਕ ਵਿੱਚ ਵੋਟ ਲੈਣ ਲਈ ਦਿਨ ਰਾਤ ਘਰ ਘਰ ਜਾਕੇ ਵੋਟਰਾਂ ਨੂੰ



ਹੱਥ ਜੋੜਕੇ ਮਿੰਨਤਾਂ ਕਰ ਰਹੀਆਂ ਹਨ। ਉਥੇ ਹੀ ਬੇਲਨ ਬ੍ਰਿਗੇਡ ਵੱਲੋਂ ਗਲੀ ਗਲੀ ਜਾਕੇ ਬਜ਼ੁਰਗ ਮਹਿਲਾਵਾਂ ਅਤੇ ਵੋਟਰਾਂ ਨੂੰ ਸ਼ਰਾਬ ਅਤੇ ਨਸ਼ਾ ਨਹੀਂ ਲੈਣ ਦੀ ਅਪੀਲ ਕੀਤੀ ਜਾ ਰਹੀ ਹੈ।

ਬੇਲਨ ਬ੍ਰਿਗੇਡ ਦੀ ਕੌਮੀ ਪ੍ਰਧਾਨ ਅਨੀਤਾ ਸ਼ਰਮਾ ਨੇ ਕਿਹਾ ਕਿ ਜਿਨ੍ਹਾਂ ਮਾਤਾਵਾਂ ਦੇ ਨੌਜਵਾਨ ਬੇਟੇ ਨਸ਼ੇ ਦਾ ਸ਼ਿਕਾਰ ਹੋਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਚੁੱਕੇ ਹਨ ਉਨ੍ਹਾਂ ਦੀ ਦਰਦ ਭਰੀ ਕਹਾਣੀ ਸੁਣ ਕੇ ਅੱਜ ਤਕ ਕੋਈ ਵੀ ਨੇਤਾ ਸ਼ਰਾਬ ਦਾ ਕਾਰੋਬਾਰ ਪੰਜਾਬ ਵਿੱਚ ਬੰਦ ਕਰਣ ਦੀ ਗੱਲ ਨਹੀਂ ਕਰਦਾ ਅਤੇ ਕੇਵਲ ਸਾਰੇ ਨੇਤਾ ਪੰਜਾਬ ਤੋਂ ਨਸ਼ਾ 4 ਮਹੀਨੇ ਵਿੱਚ ਖਤਮ ਕਰਣ ਦਾ ਚੋਣਾਂ ਵਿੱਚ ਢੰਡੋਰਾ ਕੁੱਟ ਕੇ ਜਨਤਾ ਨੂੰ ਮੂਰਖ ਬਣਾ ਰਹੇ ਹਨ। ਅਨੀਤਾ ਸ਼ਰਮਾ ਨੇ ਕਿਹਾ ਕਿ ਜੇਕਰ ਕਿਸੇ ਵੀ ਪਾਰਟੀ ਦੇ ਵਰਕਰ, ਨੇਤਾ ਜਾਂ ਉਮੀਦਵਾਰ ਵੋਟਰਾਂ ਨੂੰ ਨਸ਼ਾ ਵੰਡ ਕੇ ਵੋਟ ਹਾਸਲ ਕਰਣ ਦੀ ਕੋਸ਼ਿਸ਼ ਕਰਣਗੇ ਤਾਂ ਬੇਲਨ ਬ੍ਰਿਗੇਡ ਦੇ ਮੈਂਬਰ ਇਸਦਾ ਵਿਰੋਧ ਕਰਣਗੇ ਅਤੇ ਇਸਦੀ ਪੂਰੀ ਰਿਪੋਰਟ ਚੋਣ ਕਮੀਸ਼ਨਰ ਨੂੰ ਦੇਣ ਗੇ ਅਤੇ ਨਸ਼ਾ ਵੰਡਣ ਵਾਲੀ ਪਾਰਟੀ ਨੂੰ ਸਮਾਜ ਵਿੱਚ ਨੰਗਾ ਕਰਕੇ ਉਸਦਾ ਪੂਰ ਜ਼ੋਰ ਵਿਰੋਧ ਕੀਤਾ ਜਾਵੇਗਾ ਅਤੇ ਜਨਤਾ ਨੂੰ ਇਹ ਵੀ ਦੱਸਿਆ ਜਾਵੇਗਾ ਕਿ ਚੋਣ ਵਿੱਚ ਜੋ ਨੇਤਾ ਸ਼ਰਾਬ ਅਤੇ ਨਸ਼ਾ ਵੰਡਕੇ ਨੌਜਵਾਨਾਂ ਦੀ ਜਿੰਦਗੀ ਬਰਬਾਦ ਕਰਦੇ ਹਨ ਇਹੋ ਜਹੇ ਨੇਤਾ ਸਮਾਜ ਅਤੇ ਦੇਸ਼ ਦੇ ਦੁਸ਼ਮਨ ਹਨ ਜੋ ਸੱਤਾ ਹਾਸਲ ਕਰਣ ਲਈ ਸ਼ਰਾਬ ਦਾ ਪ੍ਰਯੋਗ ਕਰਦੇ ਹਨ।

## ਜਨਮਦਿਨ ਮੁਬਾਰਕ



ਪੂਰਵੀ, ਸਪੁੱਤਰੀ ਵਨੀਤ ਕੁਮਾਰ ਤੇ ਸਵਿਤਾ ਕੁਮਾਰੀ।



ਲਵਪ੍ਰੀਤ ਸਿੰਘ ਘੁੰਮਣ, ਸਪੁੱਤਰ ਸਰਵਣ ਸਿੰਘ।

## ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਤਿੰਨਾਂ ਸੀਟਾਂ ਦਾ ਚੋਣ ਸਰਵੇ

# ਬੰਗਾ, ਨਵਾਂ ਸ਼ਹਿਰ ਅਤੇ ਬਲਾ ਚੌਰ 'ਚ ਕ੍ਰਿਸ਼ਮਈ ਚੋਣ ਨਤੀਜੇ ਆਉਣ ਦੀ ਸੰਭਾਵਨਾ



ਪੰਮੀ ਲਾਲੋ ਮਜਾਰਾ
91-95011-43755

**ਬੰਗਾ (ਰਿਜ਼ਰਵ)**

1 ਲੱਖ 29 ਹਜ਼ਾਰ ਦੇ ਲਗਭਗ ਵੋਟਰਾਂ ਨੂੰ ਆਪਣੀ ਸਿਆਸੀ ਬੁੱਕਲ 'ਚ ਲਈ ਬੈਠਾ ਹਲਕਾ ਬੁੰਗਾ ਨਵੀਂ ਇਬਾਰਤ ਲਿਖਣ ਲਈ ਬਿਲਕੁਲ ਤਿਆਰ ਬੈਠਾ ਹੈ। ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜ ਰਹੇ ਡਾਂਸ ਸੁੱਖੀ ਲਈ ਸਿਆਸੀ ਰਾਹ ਪਾਰ ਕਰਨਾ ਇੱਥੋਂ ਅਸੰਭਵ ਜਾਪ ਰਿਹਾ ਹੈ, ਕਿਉਂਕਿ ਉਹਦੇ ਲਈ ਸਭ ਤੋਂ ਵੱਡਾ ਫੈਕਟਰ ਮੋਹਨ ਲਾਲ ਸਾਬਕਾ ਵਿਧਾਇਕ ਹੈ। ਮੋਹਨ ਲਾਲ ਦਾ ਇੱਥੇ ਆਪਣਾ ਗਰੁੱਪ ਹੈ। ਬੇਸ਼ੱਕ ਹਾਈ ਕਮਾਂਡ ਨੇ ਪਿੱਛੇ ਜਿਹੇ ਦੋਵਾਂ ਦੀਆਂ ਗਲਵੱਕੜੀਆਂ ਤਾਂ ਪੁਆ ਦਿੱਤੀਆਂ ਸਨ ਪਰ ਉਸ ਗਲਵੱਕੜੀ ਵਿਚ ਮਜਬੂਰੀ ਦਾ ਨਿੱਘ ਘੱਟ ਤੇ ਸਿਆਸੀ ਤਲਖਬਾਜ਼ੀ ਦੀ ਗਰਮਾਇਸ਼ ਕੁਝ ਜ਼ਿਆਦਾ ਸੀ। ਮੋਹਨ ਲਾਲ ਗਰੁੱਪ ਅੱਜ ਵੀ ਫੁੱਟੀ ਅੱਖ ਨਾਲ ਡਾਂਸ ਸੁੱਖੀ ਨੂੰ ਵੇਖ ਰਿਹਾ ਹੈ। ਦੂਸਰਾ ਸਿੱਖੀ 'ਚ ਜਾਣਿਆ-ਪਹਿਚਾਣਿਆ ਚਿਹਰਾ ਸੁਖਦੇਵ ਭੌਰ ਵੀ ਅਕਾਲੀ ਦਲ ਛੱਡ ਕੇ ਆਪ 'ਚ ਚਲਾ ਗਿਆ ਹੈ। ਡਾਂਸ ਸੁੱਖੀ ਦੀ ਸਭ ਤੋਂ ਕਮਜ਼ੋਰ ਕੜੀ ਉਹਦੇ ਨਾਲ ਚੱਲ ਰਹੇ 5-7 ਨੇਤਾਗਣ ਹਨ, ਜਿਹਨਾਂ ਦੀਆਂ ਸਰਗਰਮੀਆਂ ਅਖਬਾਰਾਂ ਵਿਚ ਵੱਧ, ਪਰ ਜੀਰੋ ਗਰਾਊਂਡ ਤੇ ਨਾਮਾਤਰ ਹੀ ਹਨ। ਪਰ ਇਸ ਵਾਰ ਮੋਹਨ ਲਾਲ ਧੜਾ ਅੰਦਰਖਾਤੇ ਆਮ ਆਦਮੀ ਪਾਰਟੀ ਦੇ ਹੱਕ 'ਚ ਭੁਗਤਣ ਲਈ ਤਿਆਰ ਬੈਠਾ ਹੈ। ਅਕਾਲੀ ਦਲ ਦੀ ਹਾਲਤ ਦਾ ਅੰਦਾਜ਼ਾ ਤੁਸੀਂ ਆਪ ਹੀ ਲਾ ਲਓ। ਸਿਰੋਪਾ ਕਾਂਡ ਨੇ ਵੀ ਅਕਾਲੀ ਉਮੀਦਵਾਰ ਨੂੰ ਸਿਆਸੀ ਟਰੈਕ ਤੋਂ ਕਿਤੇ ਨਾ ਕਿਤੇ ਉਤਰਨ ਲਈ ਮਜਬੂਰ ਕੀਤਾ ਹੈ।

ਹਰਜੋਤ ਕੌਰ ਲੋਹਟੀਆ ਇੱਥੋਂ ਪੜ੍ਹੀ-ਲਿਖੀ ਉਮੀਦਵਾਰ ਹੈ ਤੇ ਉਹ ਆਪ ਦੀ ਟਿਕਟ ਤੇ ਪਹਿਲੀ ਵਾਰ ਬੁੰਗਾ ਦੀ ਸਿਆਸੀ ਆਬੋ-ਹਵਾ 'ਚ ਸਭ ਤੋਂ ਉੱਚੀ ਪ੍ਰਵਾਜ਼ ਭਰਨ ਲਈ ਤਿਆਰ ਬੈਠੀ ਹੈ। ਹਰਜੋਤ ਕੌਰ ਇਸ ਵਕਤ ਵੁਹ ਉਮੀਦਵਾਰ ਹੈ, ਜਿਸਦਾ ਕੋਈ ਸਿਆਸੀ ਪਿਛੋਕੜ ਬਹੁਤਾ ਲੰਮਾ ਤਾਂ ਨਹੀਂ ਹੈ ਪਰ ਉਹਦਾ ਪੜ੍ਹਿਆ-ਲਿਖਿਆ ਹੋਣਾ, ਉਹਦਾ ਭੋਲਾ ਭਾਲਾ ਚਿਹਰਾ ਤੇ ਇਕੋ ਇਕ ਔਰਤ ਉਮੀਦਵਾਰ ਹੋਣਾ, ਉਹਦੇ ਚੋਣ ਚਿਹਰੇ ਨੂੰ ਚਾਰ ਚੰਨ ਲਾ ਰਿਹਾ ਹੈ। ਬੰਗਲਾ ਹਲਕੇ ਦੀ ਨਵੀਂ ਪੀੜ੍ਹੀ ਵੀ ਜ਼ਿਆਦਾਤਰ ਬਦਲਾਅ ਚਾਹੁੰਦੀ ਹੈ ਤੇ ਉਹ ਬਦਲਾਅ ਦੇ ਰੂਪ ਵਿਚ ਆਪ ਨੂੰ ਚੁਣ ਸਕਦੀ ਹੈ।

ਕਾਂਗਰਸ ਨੇ ਇੱਥੋਂ 1992 'ਚ ਵਿਰੋਧੀ ਧਿਰ ਦੇ ਨੇਤਾ ਰਹੇ ਸ. ਸਤਨਾਮ ਸਿੰਘ ਕੈਂਥ ਤੇ ਬਾਜ਼ੀ ਖੇਡੀ ਹੈ। ਪੰਜਾਬ ਦੀ ਸਿਆਸਤ ਵਿਚ ਕੈਂਥ ਦੀ ਸਮਝਦਾਰ ਲੋਕਾਂ 'ਚ ਗਿਣਤੀ ਹੁੰਦੀ ਹੈ। ਉਹਨੇ ਕਦੇ ਵੀ ਰਫ ਭਾਸ਼ਾ ਦੀ ਵਰਤੋਂ ਨਹੀਂ ਕੀਤੀ। ਸਾਹਿਬ ਕਾਂਸ਼ੀ ਰਾਮ ਜੀ ਦੇ ਮੋਢੇ ਨਾਲ ਮੋਢਾ ਲਾ ਕੇ ਸੰਘਰਸ਼ ਕਰਨ ਵਾਲੇ ਕੈਂਥ ਦੇ ਰਾਹ ਵਿਚ ਸ. ਤਰਲੋਚਨ ਸਿੰਘ ਸੂੰਢ ਵੱਡੀ ਰੁਕਾਵਟ ਬਣਿਆ ਹੋਇਆ ਹੈ। ਜਿੰਨੀ ਵੋਟ ਸੂੰਢ ਲੈ ਕੇ ਜਾਊਗਾ ਜੇ ਉਨੀ ਵੋਟ ਦੀ ਪੂਰਤੀ ਕੈਂਥ ਸੱਜੇ ਖੱਬੇ ਤੋਂ ਪੂਰੀ ਕਰ ਲੈਂਦਾ ਹੈ ਤਾਂ ਅਵੱਸ਼ ਹੀ ਉਹ ਜਿੱਤ ਦੀ ਲਕੀਰ ਨੂੰ ਜਿੱਤ ਲੈਣ ਦਾ ਦਮ ਭਰ ਸਕਦਾ ਹੈ।

ਬੁੰਗਾ 'ਚ ਚੌਥਾ ਸਭ ਤੋਂ ਵੱਡਾ ਖਤਰਾ ਸਭ ਪਾਰਟੀਆਂ ਲਈ ਬਸਪਾ ਦੀ ਟਿਕਟ 'ਤੇ ਚੋਣ ਲੜਨ ਵਾਲਾ ਰਾਜਿੰਦਰ ਕੁਮਾਰ ਠੇਕੇਦਾਰ ਬਣਿਆ ਹੋਇਆ ਹੈ। ਕਿਉਂਕਿ ਕੈਂਥ, ਸੁੱਖੀ (ਇਹ ਦੋਵੇਂ ਬਸਪਾ 'ਚ ਰਹੇ ਹਨ) ਦੀ ਅੱਖ ਵੀ ਕਿਤੇ ਨਾ ਕਿਤੇ ਬਸਪਾ ਵੋਟ ਬੈਂਕ 'ਤੇ ਟਿਕੀ ਹੋਈ ਹੈ। ਪਰ ਬਸਪਾ ਦੀ ਕੇਡਰ ਵੋਟ ਤੋੜਨੀ ਬਹੁਤ ਔਖੀ ਹੈ। ਰਾਜਿੰਦਰ ਮਿਹਨਤੀ ਤੇ ਬੇਦਾਗ ਹੈ, ਉਹ ਬਸਪਾ ਦੀ ਪਿਛਲੀ ਵੋਟ ਨੂੰ ਸੇਫ ਰੱਖ ਕੇ ਨਵੀਂ ਵੋਟ ਹੋਰ ਕਿੱਥੋਂ ਜੋੜਦਾ ਹੈ, ਬੱਸ ਉਸਦਾ ਭਵਿੱਖ ਇਸ 'ਤੇ ਹੀ ਟਿਕਿਆ ਹੋਇਆ ਹੈ।

**ਨਵਾਂ ਸ਼ਹਿਰ**

ਲਵਾਂ ਸ਼ਹਿਰ ਤੋਂ ਆਪ ਨੇ ਸਵ. ਦਿਲਬਾਗ ਸਿੰਘ ਦੇ ਸਪੁੱਤਰ ਚਰਨਜੀਤ ਚੰਨੀ ਨੂੰ ਟਿਕਟ ਨਾਲ ਨਿਵਾਜਿਆ ਹੈ। ਅਗਰ ਬਹੁਤੀ ਸੈਣੀ ਵੋਟ ਕਾਂਗਰਸ ਦੇ ਮੁਕਾਬਲੇ ਉਹਦੇ ਨਾਲ ਚਲੀ ਗਈ ਤਾਂ ਫਿਰ ਉਹਦੀ ਜਿੱਤ ਨੂੰ ਕੋਈ ਵੀ ਨਹੀਂ ਰੋਕ ਸਕਦਾ। ਬਸਪਾ ਨੇ ਇੱਥੋਂ ਜਾਣੇ-ਪਹਿਚਾਣੇ ਚਿਹਰੇ ਡਾਕਟਰ ਨਛੱਤਰਪਾਲ ਰਾਹੋਂ ਨੂੰ ਟਿਕਟ ਦਿੱਤੀ ਹੈ। ਅਗਰ ਐਸ. ਸੀ. ਵੋਟ ਬੈਂਕ ਦੇ ਭਾਅ 'ਚ ਨਛੱਤਰ ਲੈਣ 'ਚ ਸਫਲ ਹੋ ਗਿਆ ਤਾਂ ਉਹ ਵੀ ਇੱਥੋਂ ਜਿੱਤ ਦੀ ਇਬਾਰਤ ਲਿਖ ਕੇ ਨਵਾਂ ਇਤਿਹਾਸ ਰਚ ਸਕਦਾ ਹੈ।

ਅਕਾਲੀ ਦਲ ਨੇ ਇੱਥੋਂ ਫਗਵਾੜਾ ਤੋਂ ਲਿਆ ਕੇ ਪੈਰਾਸ਼ੂਟ ਰਾਹੀਂ ਜਰਨੈਲ ਵਾਹਿਦ ਨੂੰ ਉਤਾਰਿਆ ਹੈ। ਜਿਸਦੇ ਕਾਰਨ ਇੱਥੋਂ ਟਕਸਾਲੀ ਪਰਿਵਾਰ ਕਰੀਹਾ ਤੇ ਬੁਹਾਰੇ ਵਾਲਾ ਸੇਠ ਜਗਜੀਤ ਸਿੰਘ ਅੰਦਰਖਾਤੇ ਨਾਖੁਸ਼ ਹੈ। ਉਂਝ ਮਜਬੂਰੀ ਦਾ ਨਾਂ ਸ਼ੁਕਰੀਆ ਵਾਂਗ ਦੋਵੇਂ ਚੋਣ ਮੁਹਿੰਮ ਵਿਚ ਸ਼ਾਮਲ ਤਾਂ ਹਨ, ਪਰ ਇਹ ਚੋਣ ਮੁਹਿੰਮ ਕਿਸੇ ਤਣ-ਪੱਤਣ ਲੱਗੂਗੀ, ਡਾਹਢਾ ਹੀ ਅੰਦੇਸ਼ਾ ਹੈ।

ਕਾਂਗਰਸ ਨੇ ਇੱਥੋਂ ਮੌਜੂਦਾ ਵਿਧਾਇਕ ਦੇ 25 ਸਾਲਾ ਸਪੁੱਤਰ ਅੰਗਦ ਨੂੰ ਟਿਕਟ ਤਾਂ ਦੇ ਦਿੱਤੀ ਹੈ, ਪਰ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸਤਵੀਰ ਪੱਲੀ ਝਿੱਕੀ ਵੀ ਨਾਖੁਸ਼ ਹਨ। ਕਿਉਂਕਿ ਉਹਨਾਂ ਖੁਦ ਵੀ ਇੱਥੋਂ ਆਪਣੀ ਦਾਅਵੇਦਾਰੀ ਜਤਾਈ ਸੀ, ਪਰ ਦਾਅਵੇਦਾਰੀ ਨੂੰ ਬੂਰ ਨਹੀਂ ਪਿਆ। ਪਰ ਇਸਦਾ ਫਾਇਦਾ ਵੀ ਅੰਦਰਖਾਤੇ ਚਰਨਜੀਤ ਚੰਨੀ ਨੂੰ ਹੋਣ ਦੀ ਸੰਭਾਵਨਾ ਹੈ।

**ਬਲਾ ਚੌਰ**

ਰੋਪੜ ਦੀ ਹੱਦ ਨਾਲ ਲੱਗਣ ਵਾਲੇ ਬਲਾ ਚੌਰ ਦੇ ਹਲਕੇ ਦੇ ਸਿਆਸੀ ਸਮੀਕਰਨ ਬਦਲਣ ਦੀ ਆਸ ਹੈ। ਆਪ ਦਾ ਉਮੀਦਵਾਰ ਡਾਂਸ ਰਾਜ ਕੁਮਾਰ ਜੋ ਕਿ ਫੌਜ 'ਚ ਬ੍ਰਿਗੇਡੀਅਰ ਰਿਹਾ ਹੈ ਤੇ ਵੀ ਬਾਹਰੀ ਹੋਣ ਦਾ ਦੋਸ਼ ਲੱਗਦਾ ਹੈ। ਅਕਾਲੀ ਦਲ ਨੇ ਆਪਣੇ ਮੌਜੂਦਾ ਵਿਧਾਇਕ ਨੰਦ ਲਾਲ ਗੁੱਜਰ ਨੂੰ ਟਿਕਟ ਦਿੱਤੀ ਹੈ, ਜਿਸਦੀ ਸਿਆਸੀ ਸਿਹਤ ਠੀਕ ਨਹੀਂ ਕਹੀ ਜਾ ਸਕਦੀ।

ਬਸਪਾ ਨੇ ਜਦ ਸਿੱਖ ਬਲਜੀਤ ਸਿੰਘ ਭਾਗਪੁਰ ਨੂੰ ਉਮੀਦਵਾਰ ਬਣਾਇਆ ਹੈ, ਪਰ ਉਸਦੀ ਬੇੜੀ 'ਚ ਛੇਕ ਕਰਨ ਲਈ ਐਡਵੋਕੇਟ ਹਰਗੋਪਾਲ ਵੀ ਆਜ਼ਾਦ ਖੜ੍ਹ ਗਿਆ ਹੈ। ਸਭ ਤੋਂ ਮਜ਼ਬੂਤ ਉਮੀਦਵਾਰ ਇੱਥੋਂ ਕਾਂਗਰਸ ਦਾ ਦਰਸ਼ਨ ਸਿੰਘ ਮੰਗੂਪੁਰ ਹੈ। ਗੁੱਜਰ ਹੋਣ ਕਰਕੇ ਇਸ ਵਾਰ ਲੱਗਦਾ ਹੈ ਜਿੱਤ ਦੀ ਇਬਾਰਤ ਉਸੇ ਦੁਆਰਾ ਹੀ ਲਿਖੇ ਜਾਣ ਦੀ ਸੰਭਾਵਨਾ ਹੈ।

## ਪਿੰਡ ਮਜਾਰੀ 'ਚ ਸਜੀ ਕਾਵਿ ਮਹਿਫ਼ਲ

# ਰੇਡੀਓ ਚੜ੍ਹਦੀ ਕਲਾ (ਅਮਰੀਕਾ) ਦੇ ਪ੍ਰੋਗਰਾਮ 'ਸੱਤਰੰਗ' 'ਤੇ ਹੋਇਆ ਸਿੱਧਾ ਪ੍ਰਸਾਰਨ




**ਮੁਕੰਦਪੁਰ, (ਰੇਸ਼ਮ ਕਰਨਾਣਵੀ)-** ਸਮਾਜਿਕ ਸਾਂਝ ਸੰਸਥਾ ਬੰਗਾ ਰਜਿ. ਵੱਲੋਂ ਪ੍ਰਵਾਸੀ ਭਾਰਤੀਆਂ ਜਸਵਿੰਦਰ ਮਜਾਰੀ ਕੈਨੇਡਾ ਅਤੇ ਹਰਮਿੰਦਰ ਸਿੰਘ ਸ਼ੇਕਰ ਕੈਨੇਡਾ ਦੇ ਸਹਿਯੋਗ ਨਾਲ ਪਿੰਡ ਮਜਾਰੀ ਵਿਖੇ ਸ਼ਾਇਰ ਸੁਰਜੀਤ ਮਜਾਰੀ ਦੇ ਘਰ ਵਿੱਚ ਕਵੀ ਦਰਬਾਰ ਕੀਤਾ ਗਿਆ। ਇਸ ਕਵੀ ਦਰਬਾਰ ਦਾ ਰੇਡੀਓ ਚੜ੍ਹਦੀ ਕਲਾ ਅਮਰੀਕਾ ਨੇ ਆਪਣੇ ਸਾਹਿਤਕ ਪ੍ਰੋਗਰਾਮ ਸੱਤਰੰਗ ਵਿੱਚ ਸਿੱਧਾ ਪ੍ਰਾਸਰਨ ਕੀਤਾ। ਇਸ ਪ੍ਰੋਗਰਾਮ ਦਾ ਭਾਰਤ ਤੋਂ ਹਰਬੰਸ ਹੀਉਂ ਅਤੇ ਅਮਰੀਕਾ ਤੋਂ ਹਰਿੰਦਰ ਸਿੰਘ ਬੀਸਲਾ ਨੇ ਸੰਚਾਲਨ ਕੀਤਾ। ਸੁਰਜੀਤ ਮਜਾਰੀ ਨੇ ਪਿੰਡ ਦਾ ਇਤਿਹਾਸ ਦੱਸਣ ਤੋਂ ਬਾਅਦ ਆਪਣੀ ਗ਼ਜ਼ਲ 'ਆਪਣਿਆਂ ਦੀ ਪਾਈ ਉਲਝਣ ਝੱਲ ਰਹੇ ਹਾਂ' ਨਾਲ ਪ੍ਰੋਗਰਾਮ ਦਾ ਆਗਾਜ਼ ਕੀਤਾ। ਰਾਮ ਸ਼ਰਨ ਜੋਸ਼ੀਲਾ ਨੇ ਆਪਣਾ ਗੀਤ 'ਫੁੱਲ ਖਿੜੇ ਹੋਏ ਮੁਹੱਬਤਾਂ ਦੇ ਛੱਡ ਕੇ, ਇੰਜ ਜਾਈਦਾ ਨਹੀਂ ਮਚਕੋੜ ਕੇ' ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਅਵਤਾਰ ਸੰਧੂ, ਡਾ. ਪ੍ਰਿਤਪਾਲ ਕੌਰ ਚਾਹਲ ਅਤੇ ਜਗਤਾਰ ਨਿਰਮਲ ਨੇ ਤਰਨੰਮ 'ਚ ਆਪਣੀਆਂ ਰਚਨਾਵਾਂ ਸੁਣਾ ਕੇ ਸਾਰਿਆਂ ਨੂੰ ਆਨੰਦਿਤ ਕੀਤਾ। ਇੰਗਲੈਂਡ ਤੋਂ ਆਏ ਸ਼ਾਇਰ ਹਰਜਿੰਦਰ ਮੱਲ ਕਲੇਰਾਂ ਨੇ ਇੱਕ ਵੱਖਰੀ ਕਿਸਮ ਦਾ ਗੀਤ ਸਾਂਝਾ ਕਰਕੇ ਦਾਦ ਪ੍ਰਾਪਤ ਕੀਤੀ। ਰੇਸ਼ਮ ਕਰਨਾਣਵੀ, ਰਿਸ਼ੀ ਚਿੱਤਰਕਾਰ, ਜਸਵਿੰਦਰ ਮਜਾਰੀ ਅਤੇ ਹਰਿੰਦਰ ਸਿੰਘ ਬੀਸਲਾ ਨੇ ਆਪਣੀਆਂ ਭਾਵੁਪੂਰਵ ਗ਼ਜ਼ਲਾਂ ਸੁਣਾ ਕੇ ਰੰਗ ਬੰਨਿਆਂ। ਸ਼ਾਇਰਾ ਬੀਬਾ ਕੁਲਵੰਤ ਨੇ ਆਪਣੀ ਨਜ਼ਮ ਸਾਂਝੀ ਕੀਤੀ। ਇਸ ਪ੍ਰੋਗਰਾਮ ਦੌਰਾਨ ਪ੍ਰਵਾਸੀ ਭਾਰਤੀ ਮੁਖਵੈਨ ਸਿੰਘ ਅਮਰੀਕਾ ਨੇ ਵੀ ਸਰੋਤਿਆਂ ਨਾਲ ਗੱਲਾਂਬਾਤਾਂ ਕੀਤੀਆਂ। ਇਸ ਮੌਕੇ ਸੰਸਥਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ ਫੱਤੂ, ਡਾ. ਵਰਿੰਦਰਪਾਲ ਸਿੰਘ ਚਾਹਲ ਲੁਧਿਆਣਾ, ਇਕਬਾਲ ਸਿੰਘ ਸਾਬਕਾ ਸਰਪੰਚ, ਮਲਕੀਤ ਸਿੰਘ ਡਾਇਰੈਕਟਰ ਮਾਰਕੀਟ ਕਮੇਟੀ ਬੰਗਾ, ਤੇਜਾ ਸਿੰਘ ਇੰਗਲੈਂਡੀਆ , ਸ੍ਰੀਮਤੀ ਰਾਜ ਰਾਣੀ, ਬੇਬੀ ਸਿਮਰਨ ਆਦਿ ਵੀ ਹਾਜ਼ਰ ਸਨ।

# ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਬੰਗਾ ਹਲਕੇ ਦੇ ਅਕਾਲੀ ਪਰਿਵਾਰਾਂ ਵਲੋਂ ਆਪ ਦੀ ਹਮਾਇਤ



**ਮੁਕੰਦਪੁਰ, (ਰੇਸ਼ਮ ਕਰਨਾਣਵੀ)-** ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਹਲਕੇ ਦੇ ਅਕਾਲੀ ਪਰਿਵਾਰਾਂ ਵਲੋਂ ਆਮ ਆਦਮੀ ਪਾਰਟੀ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੀ ਵਿਧਾਨ ਸਭਾ ਹਲਕਾ ਬੰਗਾ ਤੋਂ ਉਮੀਦਵਾਰ ਹਰਜੋਤ ਕੌਰ ਨੇ ਇਨ੍ਹਾਂ ਪਰਿਵਾਰਾਂ ਦੇ ਆਮ ਆਦਮੀ ਪਾਰਟੀ ਦੀ ਹਮਾਇਤ ਕਰਨ ਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਨਾਲ਼ ਆਪ ਦੀ ਚੋਣ ਮੁਹਿਮ ਨੂੰ ਹੋਰ ਵੀ ਹੁਲਾਰਾ ਮਿਲਿਆ ਹੈ ਜਿਸ ਨਾਲ਼ ਵੱਡੇ ਫਰਕ ਨਾਲ਼ ਆਪ ਦੀ ਜਿੱਤ ਯਕੀਨੀ ਹੋਵੇਗੀ। ਜ਼ਿਕਰਯੋਗ ਹੈ ਕਿ ਇਹ ਪਰਿਵਾਰ ਅਕਾਲੀ ਦਲ ਅਤੇ ਇਸ ਦੇ ਐਸ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਦੇ ਨਜ਼ਦੀਕੀ ਮੰਨੇ ਜਾਂਦੇ ਸਨ। ਜਿਨ੍ਹਾਂ ਵਿਚ ਤਿਲਕ ਸਿੰਘ ਚਾਹਲ ਕਲਾਂ, ਮਹਿੰਦਰਪਾਲ ਪਿੰਕੀ, ਇਕਬਾਲ ਸਿੰਘ, ਪ੍ਰਿਤਪਾਲ ਸਿੰਘ, ਰਾਜੂ ਭਲਵਾਨ, ਬਿੰਦਾ ਢਿੱਲੋਂ, ਸੁਰਿੰਦਰ ਸਿੰਘ, ਗੁਰਵਿੰਦਰ ਸਿੰਘ ਨਿੱਪੀ, ਗੁਰਸ਼ਰਨ ਸਿੰਘ, ਮਨਪ੍ਰੀਤ ਸਿੰਘ, ਹਰਜਿੰਦਰ ਸਿੰਘ, ਮੁਖਤਿਆਰ ਸਿੰਘ, ਹਰਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

# ਕਾਂਗਰਸ ਤੋਂ ਬਾਗੀ ਚੌਧਰੀ ਸੂੰਢ ਵੱਲੋਂ ਬੰਗਾ ਵਿੱਚ ਫਿਰ ਰੋਡ ਸ਼ੋਅ



**ਬੰਗਾ-** ਕਾਂਗਰਸ ਤੋਂ ਬਾਗੀ ਹੋ ਕੇ ਚੋਣ ਮੈਦਾਨ ਵਿੱਚ ਨਿੱਤਰੇ ਚੌਧਰੀ ਤਰਲੋਚਨ ਸਿੰਘ ਸੂੰਢ ਨੇ ਫਿਰ ਆਪਣੇ ਹਮਾਇਤੀਆਂ ਦਾ ਇਕੱਠ ਕਰਕੇ ਪਾਰਟੀ ਹਾਈਕਮਾਂਡ ਨੂੰ ਅੱਖਾਂ ਦਿਖਾਈਆਂ। ਇਸ ਦੌਰਾਨ ਉਨ੍ਹਾਂ ਸ਼ਹਿਰ ਵਿੱਚ ਰੋਡ ਸ਼ੋਅ ਵੀ ਕੱਢਿਆ। ਅੱਜ ਇੱਥੇ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਸੂੰਢ ਨੇ ਸਪੱਸ਼ਟ ਕੀਤਾ ਕਿ ਉਹ ਕਾਂਗਰਸ ਪਾਰਟੀ ਨਾਲ ਲੰਬੇ ਅਰਸੇ ਤੋਂ ਜੁੜੇ ਵਰਕਰਾਂ ਤੇ ਆਪਣੇ ਹਮਾਇਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਲੱਗਣ ਦੇਣਗੇ। ਉਨ੍ਹਾਂ ਕਾਂਗਰਸ ਹਾਈਕਮਾਂਡ 'ਤੇ ਬਿਨਾਂ ਕਿਸੇ ਕਾਰਨ ਟਿਕਟ ਕੱਟਣ ਦਾ ਦੋਸ਼ ਮੜ੍ਹਦਿਆਂ ਕਿਹਾ ਕਿ ਉਹ ਇਹ ਸੀਟ ਜਿੱਤ ਕੇ ਸਾਰਿਆਂ ਸਾਹਮਣੇ ਸੱਚ ਤੇ ਝੂਠ ਦਾ ਨਿਤਾਰਾ ਕਰ ਦੇਣਗੇ। ਉਨ੍ਹਾਂ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਕਿ ਪਾਰਟੀ ਨੇ ਉਨ੍ਹਾਂ ਦੇ ਪਿਤਾ ਸਵ. ਜਗਤ ਰਾਮ ਸੂੰਢ ਦੀ ਸ਼ਹਾਦਤ ਨੂੰ ਅੱਖੋਂ ਪਰੋਖੇ ਕਰਨ ਲੱਗਿਆਂ ਇਕ ਮਿੰਟ ਨਹੀ ਲਾਇਆ ਅਤੇ ਉਨ੍ਹਾਂ ਵੱਲੋਂ ਬੰਗਾ ਤੋਂ ਦੋ ਵਾਰ ਹਾਸਲ ਕੀਤੀ ਗਈ ਜਿੱਤੀ ਨੂੰ ਵੀ ਯਾਦ ਨਹੀਂ ਰੱਖਿਆ। ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਂਡ ਨੇ ਟਿਕਟ ਕੱਟ ਕੇ ਉਨ੍ਹਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ ਜਦੋਂ ਕਿ ਹਲਕੇ ਦੇ ਟਕਸਾਲੀ ਵਰਕਰ ਉਨ੍ਹਾਂ ਦੀ ਪਿੱਠ 'ਤੇ ਮਜ਼ਬੂਤੀ ਨਾਲ ਖੜ੍ਹੇ ਹਨ।

# ਸਿਆਸਤ ਨੇ ਖਤਮ ਕਰ ਦਿੱਤੀ ਪਿੰਡਾਂ ਦੇ ਲੋਕਾਂ ਦੀ ਭਾਈਚਾਰਕ ਸਾਂਝ

ਨਵਜੋਤ ਬਜਾਜ (ਗੱਗੂ) 91-98721-02614

ਪੰਜਾਬ ਵਿੱਚ ਸਹਿਰਾਂ ਨਾਲੋ ਪਿੰਡਾਂ ਦੀ ਗਿਣਤੀ ਜਿਆਦਾ ਹੈ। ਪਿੰਡਾਂ ਦੇ ਭੋਲੇ ਭਾਲੇ ਲੋਕ ਆਪਣੇ ਰੀਤੀ-ਰਿਵਾਜ, ਤਿਉਹਾਰ, ਜਨਮ ਤੋਂ ਲੈਕੇ ਮਰਨ ਤੱਕ ਦੀਆਂ ਸਾਰੀਆਂ ਰਸਮਾਂ ਅਤੇ ਸਭ ਤੋਂ ਅਹਿਮ ਪਿੰਡਾਂ ਦੇ ਲੋਕਾਂ ਦੀ ਭਾਈਚਾਰਕ ਸਾਂਝ ਅਸਲੀ ਪੰਜਾਬ ਦਾ ਵਿਰਸਾ ਤੇ ਸੱਭਿਆਚਾਰ ਸੀ। ਇਥੋਂ ਤੱਕ ਕਿ ਖਾਣ ਪੀਣ ਪਹਿਰਾਵਾ, ਰਹਣਿ ਸਹਿਣ ਚੋ ਵੀ ਸੱਭਿਆਚਾਰ ਦੀ ਝਲਕ ਵੇਖਣ ਨੂੰ ਮਿਲ ਜਾਂਦੀ ਸੀ। ਪੰਜਾਬ ਤੇ ਅਨੇਕਾਂ ਵਾਰ ਸੰਕਟ ਦੇ ਬੱਦਲ ਛਾਏ ਜਿਵੇਂ ਐਮਰਜੈਂਸੀ ਤੇ ਅੱਤਵਾਦ। ਪਰ ਫਿਰ ਵੀ ਪੰਜਾਬੀਆਂ ਦਾ ਆਪਸੀ ਮੇਲ ਜੋਲ ਅਤੇ ਭਾਈਚਾਰਾ ਖਤਮ ਨਹੀਂ ਹੋਇਆ, ਸਗੋਂ ਹੋਰ ਵੀ ਮਜਬੂਤ ਹੋਇਆ। ਪਰ ਅੱਜ ਦੇ ਸਮੇ ਵਿੱਚ ਸਿਆਸਤ ਨੇ ਭਾਈਚਾਰਕ ਸਾਂਝ ਨੂੰ ਲੀਰਾਂ-ਲੀਰ ਕਰਕੇ ਰੱਖ ਦਿੱਤਾ।

ਅੱਜ ਸਿਆਸਤ ਦਾ ਨਾਂ ਹਰ ਇੱਕ ਵਿਅਕਤੀ ਦੇ ਸਿਰ ਚੜ ਕੇ ਬੋਲ ਰਿਹਾ ਹੈ। ਪਿੰਡਾਂ ਦੇ ਲੋਕ ਆਪਣੇ ਆਪ ਨੂੰ ਵੱਖ-ਵੱਖ ਸਿਆਸੀ ਦਲਾਂ ਦੇ ਵਰਕਰਾਂ ਵਜੋਂ ਇੱਕ ਦੂਜੇ ਨਾਲ ਵਿਚਰਦੇ ਹਨ।

ਹਰੇਕ ਪਿੰਡ ਵਿੱਚ ਪਾਰਟੀ ਦੇ ਧੜੇ ਹਨ ਤੇ ਕਈ ਪਿੰਡਾ ਵਿੱਚ ਇੱਕ ਹੀ ਪਾਰਟੀ ਦੇ ਕਈ ਧੜੇ ਹੁੰਦੇ ਹਨ। ਇਸ ਧੜੇ ਬੰਦੀ ਕਾਰਨ ਨਫਰਤ ਦਾ ਦੋਰ ਸੁਰੂ ਹੁੰਦਾ ਹੈ। ਜਿਸ ਕਾਰਨ ਲੜਾਈ ਝਗੜੇ ਹੁੰਦੇ ਹਨ। ਇਸ ਧੜੇ ਬੰਦੀ ਕਾਰਨ ਨਫਰਤ ਹੁੰਦੇ ਹਨ। ਮਸਲੇ ਥਾਣੇ, ਕਚਿਹਰੀ ਵਿੱਚ ਪੁਜ ਜਾਦੇ ਹਨ ਅਤੇ ਪਿੰਡਾ ਦਾ ਮਹੌਲ ਪੁਰਾਣਾ ਹੋ ਜਾਦਾ ਹੈ। ਕਿਉਕਿ ਅਕਸਰ ਵੇਖਣ ਨੂੰ ਵੀ ਮਿਲਦਾ ਹੈ ਚਾਚਾ ਕਿਸੇ ਹੋਰ ਪਾਰਟੀ ਵਿੱਚ ਤੇ ਭਤੀਜਾ ਕਿਸੇ ਹੋਰ ਪਾਰਟੀ ਵਿੱਚ ਹੁੰਦਾ ਹੈ। ਮੈਨੂੰ ਇਥੋ ਤੱਕ ਵੀ ਵੇਖਣ ਨੂੰ ਮਿਲਿਆ ਕਿ ਇੱਕ ਘਰ ਦੇ ਤਿੰਨ ਮੈਬਰ ਦੋ ਸਕੇ ਭਰਾ ਤੇ ਇੱਕ ਪੁੱਤ ਤਿੰਨੋ ਅਲੱਗ-ਅਲੱਗ ਪਾਰਟੀਆਂ ਵਿੱਚ ਹਨ।

ਸਭ ਕੁਰਸੀ ਤੇ ਫੋਕੀ ਸੋਹਰਤ ਦੇ ਭੁਖੇ ਹਨ। ਜਿਸ ਕਾਰਨ ਪਿੰਡਾਂ ਵਿੱਚ ਸਾਝੇ ਵਿਕਾਸ ਦੀ ਭਾਵਨਾ ਵੀ ਸਿਆਸਤ ਕਾਰਨ ਗਾਇਬ ਹੋ ਗਈ ਹੈ। ਧੜੇਬੰਦੀ ਕਾਰਨ ਸਿਰਫ ਆਪਣੇ ਧੜੇ ਦੇ ਕੰਮ ਹੀ ਕਰਵਾਏ ਜਾਦੇ ਹਨ। ਸਾਝੇ ਕੰਮਾਂ ਵਿੱਚ ਰੁਕਾਵਟਾਂ ਪਾਈਆਂ ਜਾਦੀਆ ਹਨ ਤੇ ਕਈ ਸਮਾਜ ਭਲਾਈ ਦੇ ਅਹਿਮ ਕੰਮ ਇਸੇ ਕਾਰਨ ਸਿਰੇ ਨਹੀ ਚੜ੍ਹਦੇ। ਇਥੋ ਤੱਕ ਕਿ ਅੱਤ ਦੇ ਗਰੀਬ ਲੋਕਾ ਨੂੰ ਵੀ ਨੁਕਸਾਨ ਝੱਲਣਾ ਪੈ ਜਾਦਾ ਹੈ, ਕਿਉਕਿ ਮਜੂਦਾ ਸਰਕਾਰ ਦੇ ਨੁਮਾਇਦੇ ਸਿਰਫ ਆਪਣੀ ਪਾਰਟੀ ਨਾਲ ਜੁੜੇ ਲੋਕਾਂ ਨੂੰ ਹੀ ਜਿਆਦਾ ਲਾਭ ਦਿੰਦੇ ਹਨ। ਹੁਣ ਪਿੰਡਾਂ ਦਾ ਸਾਝਾਂ ਤੇ ਦੁੱਖ-ਸੁੱਖ ਦਾ ਭਾਈਵਾਲ ਬਣਨਵਾਲਾ ਭਾਈਚਾਰਾ ਖਤਮ ਹੋ ਗਿਆ ਹੈ। ਹਲਾਤ ਬਦ ਤੋ ਵੀ ਬੱਤਰ ਹੋ ਗਏ ਹਨ ਕਿ ਜਨਮ-ਮਰਨ ਤੇ ਵਿਆਹ ਸਾਦੀ ਦੇ ਸਮਾਗਮਾਂ ਤੇ ਵੀ ਧੜੇਬੰਦੀ ਹਾਵੀ ਹੋ ਗਈ ਹੈ। ਹੋਰ ਤਾਂ ਹੋਰ ਧਾਰਮਿਕ ਸਮਾਗਮਾ ਦੇ ਸੱਦਾ-ਪੱਤਰ ਅਤੇ ਇਨਾਂ ਵਿੱਚ ਸਮੂਲੀਅਤ ਵੀ ਸਿਆਸੀ ਧੜੇਬਾਜੀ ਦੇ ਆਧਾਰ ਤੇ ਹੁੰਦੀ ਹੈ। ਅੱਜ ਸਿਆਸਤ ਕਾਰਨ ਖੂਨ ਦਾ ਲਾਲ ਰੰਗ ਵੀ ਫਿਕਾ ਪੈ ਗਿਆ ਹੈ, ਆਪਣੇ ਹੀ ਆਪਣਿਆ ਤੋ ਦੂਰ ਹੋ ਗਏ ਹਨ, ਗੁਆਂਢੀ ਆਪਣੇ ਗੁਆਂਢੀ ਨਾਲ ਬੋਲ ਚਾਲ ਨਹੀ ਰੱਖਦਾ ।ਇੱਕ ਹੀ ਗਲੀ ਮੁਹੱਲੇ ਦੇ ਲੋਕ ਸਿਆਸੀ ਧੜੇਬਾਜੀ ਕਾਰਨ ਇੱਕ ਦੂਸਰੇ ਨਾਲ ਦੁਸਮਨਾਂ ਵਾਲਾ ਵਿਹਾਰ ਰਖਦੇ ਹਨ।ਪੰਜਾਬੀ ਸੱਭਿਆਚਾਰ ਵਿੱਚ ਅਹਿਮ ਸਥਾਨ ਰੱਖਣ ਵਾਲੀ ਸੱਥ, ਖੁੰਢ-ਚਰਚਾ ਤੇ ਥੜਾ ਜਿਥੇ ਲੋਕ ਮਿਲ ਕੇ ਇੱਕ ਦੂਜੇ ਨਾਲ ਆਪਸੀ ਪਿਆਰ ਤੇ ਸਾਝ ਨੂੰ ਵਧਾਉਦੇ ਸਨ। ਇਹ ਸਭ ਅੱਜ ਪਿੰਡਾ ਵਿੱਚ ਗੰਧਲੀ ਸਿਆਸਤ ਕਾਰਨ ਬੀਤੇ ਸਮੇ ਦੀ ਗੱਲ ਬਣ ਗਈ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

## ਪੰਜਾਬ ਚੋਣਾਂ

# ਖੁੰਝਿਆ ਵੇਲਾ ਕਿਧਰੇ ਕੁਵੇਲਾ ਨਾ ਬਣ ਜਾਏ



ਗੁਰਮੀਤ ਸਿੰਘ ਪਲਾਹੀ
91-98158-02070

**ਪੰਜਾਬ ਦੀ ਫ਼ਿਜ਼ਾ, ਚੋਣ-ਕੁੜੱਤਣ ਨਾਲ ਭਰੀ ਪਈ ਹੈ। ਪੰਜਾਬ ਦੇ ਨੇਤਾ, ਵੋਟਰਾਂ ਅੱਗੇ ਆਪਣੀ ਪਟਾਰੀ ਖੋਲ੍ਹ ਅਗਲੇ ਪੰਜ ਸਾਲਾਂ 'ਚ ਉਨ੍ਹਾਂ ਨੂੰ ਆਟਾ, ਦਾਲ, ਚੌਲ ਦੇ ਨਾਲ ਖੰਡ-ਘਿਉ, ਲੜਕੀਆਂ ਲਈ ਸ਼ਗਨ, ਬੁੱਢਿਆਂ, ਵਿਧਵਾਵਾਂ ਲਈ ਪੈਨਸ਼ਨ, ਮੁਫ਼ਤ ਸਿੱਖਿਆ, ਲੈਪ-ਟਾਪ, ਲੱਖਾਂ ਦੀ ਗਿਣਤੀ 'ਚ ਨੌਕਰੀਆਂ ਦੇਣ ਦੇ ਲਾਰੇ ਲਾ ਰਹੇ ਹਨ। ਲਗਭਗ ਹਰੇਕ ਪਾਰਟੀ ਵੱਲੋਂ 'ਸ਼ਾਨਦਾਰ ਵਾਅਦੇ ਭਰਪੂਰ' ਚੋਣ ਮਨੋਰਥ ਪੱਤਰ ਛਾਪ ਕੇ ਲੋਕਾਂ ਨੂੰ ਚੁੰਧਿਆਇਆ ਜਾ ਰਿਹਾ ਹੈ। ਲੋਕ ਇਸ ਵੇਲੇ ਦੁਬਿਧਾ ਵਿਚ ਹਨ, ਉਨ੍ਹਾਂ ਦੀ ਗੱਲ ਕਰਨ ਵਾਲਾ, ਉਨ੍ਹਾਂ ਦਾ ਦਰਦ ਬਿਆਨਣ ਵਾਲਾ, ਉਨ੍ਹਾਂ ਦੇ ਦੁੱਖ ਉੱਚ ਕਚਿਹਰੀ ਤੱਕ ਪਹੁੰਚਾਉਣ ਵਾਲਾ ਕਿਧਰੇ ਕੋਈ ਵਿਖਾਈ ਹੀ ਨਹੀਂ ਦੇਂਦਾ।**

ਦੋਸ਼ਾਂ, ਦਾਅਵਿਆਂ, ਵਾਅਦਿਆਂ, ਵਿਅੰਗ-ਬਾਣਾਂ, ਚੁਟਕੁਲਿਆਂ 'ਚ ਦੱਬ ਕੇ ਰਹਿ ਗਏ ਹਨ ਪੰਜਾਬ ਦੇ ਮਸਲੇ, ਮੁੱਦੇ, ਸਮੱਸਿਆਵਾਂ। ਪਤਾ ਨਹੀਂ ਕਿੱਥੇ ਗੁੰਮ ਗਿਆ ਹੈ ਪੰਜਾਬ ਦੇ ਪਾਣੀਆਂ ਦਾ ਮੁੱਦਾ, ਕਿੱਥੇ ਗੁਆਚ ਗਿਆ ਹੈ ਚੰਡੀਗੜ੍ਹ ਦਾ ਮਸਲਾ ਤੇ ਕਿੱਥੇ ਅਲੋਪ ਗਈ ਹੈ ਨਸ਼ਿਆਂ, ਬੇਰੁਜ਼ਗਾਰੀ, ਕੁਨਬਾਪਰਵਰੀ, ਭ੍ਰਿਸ਼ਟਾਚਾਰ ਦੀ ਸਮੱਸਿਆ! ਪੰਜਾਬ ਦੀ ਫ਼ਿਜ਼ਾ ਚੋਣ-ਕੁੜੱਤਣ ਨਾਲ ਭਰੀ ਪਈ ਹੈ। ਪੰਜਾਬ ਦੇ ਨੇਤਾ ਵੋਟਰਾਂ ਅੱਗੇ ਆਪਣੀ ਪਟਾਰੀ ਖੋਲ੍ਹ ਕੇ ਅਗਲੇ ਪੰਜ ਸਾਲਾਂ 'ਚ ਉਨ੍ਹਾਂ ਨੂੰ ਆਟਾ, ਦਾਲ, ਚੌਲ ਦੇ ਨਾਲ ਖੰਡ-ਘਿਉ, ਲੜਕੀਆਂ ਦੇ ਵਿਆਹ ਲਈ ਸ਼ਗਨ, ਬੁੱਢਿਆਂ, ਵਿਧਵਾਵਾਂ ਲਈ ਪੈਨਸ਼ਨ, ਮੁਫ਼ਤ ਸਿੱਖਿਆ, ਲੈਪ-ਟਾਪ, ਲੱਖਾਂ ਦੀ ਗਿਣਤੀ 'ਚ ਨੌਕਰੀਆਂ ਦੇਣ ਦੇ ਲਾਰੇ ਲਾ ਰਹੇ ਹਨ। ਲੱਗਭੱਗ ਹਰੇਕ ਪਾਰਟੀ ਵੱਲੋਂ 'ਸ਼ਾਨਦਾਰ ਵਾਅਦੇ ਭਰਪੂਰ' ਚੋਣ ਮਨੋਰਥ-ਪੱਤਰ ਛਾਪ ਕੇ ਲੋਕਾਂ ਨੂੰ ਚੁੰਧਿਆਇਆ ਜਾ ਰਿਹਾ ਹੈ। ਤੇ ਲੋਕ ਇਸ ਵੇਲੇ ਦੁਬਿਧਾ ਵਿੱਚ ਹਨ। ਉਨ੍ਹਾਂ ਦੀ ਗੱਲ ਕਰਨ ਵਾਲਾ, ਉਨ੍ਹਾਂ ਦਾ ਦਰਦ ਬਿਆਨਣ ਵਾਲਾ, ਉਨ੍ਹਾਂ ਦੇ ਦੁੱਖ ਉੱਚ ਕਚਹਿਰੀ ਤੱਕ ਪਹੁੰਚਾਉਣ ਵਾਲਾ ਕਿਧਰੇ ਕੋਈ ਵਿਖਾਈ ਹੀ ਨਹੀਂ ਦੇਂਦਾ। ਕਿੱਥੇ ਅਲੋਪ ਹੋ ਗਈਆਂ ਹਨ ਉਨ੍ਹਾਂ ਦੇ ਹਾਣ ਦੀਆਂ ਬਾਤਾਂ ਪਾਉਣ ਵਾਲੀਆਂ ਕਲਮਾਂ? ਕਿੱਥੇ ਲੁਕ-ਛਿਪ ਕੇ ਬੈਠ ਗਿਆ ਹੈ ਸਮੇਂ ਦੀਆਂ ਪੈੜਾਂ ਪਛਾਣਨ ਵਾਲਾ ਪੰਜਾਬ ਦਾ ਬੁੱਧੀਜੀਵੀ ਵਰਗ? 'ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ, ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ...'। ਕਿੱਧਰ ਬੁੱਕਲ ਮਾਰ ਕੇ ਬੈਠ ਗਏ ਹਨ ਸਮਾਜ ਨੂੰ ਸੇਧ ਦੇਣ ਵਾਲੇ ਭੱਦਰ-ਪੁਰਸ਼ ਅਤੇ ਸਮਾਜ-ਸੇਵੀ ਜਥੇਬੰਦੀਆਂ ਦੇ ਕਾਰਕੁਨ, ਮਨੁੱਖੀ ਅਧਿਕਾਰਾਂ ਦੇ ਰਾਖੇ?

ਇਸ ਮੌਕੇ ਪੰਜਾਬ ਸਮਾਜਿਕ, ਆਰਥਿਕ, ਸੱਭਿਆਚਾਰਕ ਸੰਕਟ ਦਾ ਸ਼ਿਕਾਰ ਹੈ। ਬੌਧਿਕ ਸੰਕਟ ਨਾਲ ਵੀ ਪੰਜਾਬ ਜੂਝ ਰਿਹਾ ਹੈ। ਇਹੋ ਜਿਹੀ ਹਾਲਤ ਵਿੱਚ ਪੰਜਾਬ ਦੀ ਹੋਣੀ ਕਿਹੋ ਜਿਹੀ ਹੋਵੇਗੀ? ਕੀ ਇਸ ਦੀ ਹਸਤੀ ਉੱਤੇ ਪ੍ਰਸ਼ਨ-ਚਿੰਨ੍ਹ ਤਾਂ ਨਹੀਂ ਲੱਗ ਜਾਏਗਾ? ਇਹ ਵੱਡਾ ਸਵਾਲ ਅੱਜ ਪੰਜਾਬ ਦੇ ਸਾਹਮਣੇ ਹੈ, ਪਰ ਇੱਥੋਂ ਦੇ ਨੇਤਾ ਇਸ ਤੋਂ ਬੇਖ਼ਬਰ ਹਨ। ਉਨ੍ਹਾਂ ਨੂੰ ਤਾਂ ਕੁਰਸੀ ਹਥਿਆਉਣ ਦੀ ਫ਼ਿਕਰ ਹੈ। ਪੰਜਾਬ ਦੇ ਲੇਖਕ, ਬੁੱਧੀਜੀਵੀ ਇਹ ਹਾਲਤ ਵੇਖ ਵੀ ਸੁਸਤਾ ਰਹੇ ਹਨ। ਕਈ ਬੁੱਧੀਜੀਵੀ, ਲੇਖਕ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਖ਼ਾਤਰ ਵਿਦੇਸ਼ਾਂ ਵੱਲ ਚਾਲੇ ਪਾ ਗਏ ਹਨ ਅਤੇ ਇਧਰ ਰਹਿੰਦੇ ਬਚਦੇ-ਖੁਚਦੇ ਯੂਨੀਵਰਸਿਟੀਆਂ, ਕਾਲਜਾਂ 'ਚ ਬੈਠੇ ਬੁੱਧੀਜੀਵੀ ਪੰਜਾਬ ਦੇ ਭਵਿੱਖ ਬਾਰੇ ਕੋਈ ਗੰਭੀਰ ਸੰਵਾਦ ਰਚਾਉਣ ਦੀ ਬਜਾਇ ਚੁੱਪੀ ਸਾਧੀ ਬੈਠੇ ਹਨ। ਕਿਸੇ ਗੰਭੀਰ ਚੈਲਿੰਜ ਨੂੰ ਨਾ ਭਾਂਪਦਿਆਂ ਪੰਜਾਬ ਦਾ ਨੇਤਾ ਸੱਤਾ ਹਾਸਲ ਕਰਨ ਲਈ ਅਜੀਬੋ-ਗ਼ਰੀਬ ਸੁਫ਼ਨੇ ਵੇਚਣ ਦੀ ਪੁਰਾਣੀ ਰਿਵਾਇਤ ਵਾਰ-ਵਾਰ ਦੁਹਰਾ ਰਿਹਾ ਹੈ।

ਅਮੀਰਾਂ ਅਤੇ ਬਾਹੂਬਲੀਆਂ ਦੀ ਖੇਡ ਦਾ ਅਖਾੜਾ ਬਣਿਆ ਦਿੱਸਦਾ ਹੈ ਪੰਜਾਬ ਇਨ੍ਹਾਂ ਦਿਨਾਂ ਵਿੱਚ। ਚੋਣਾਂ ਵਿੱਚ ਮਾਇਆ ਦਾ ਦਬਦਬਾ ਵਧਿਆ ਹੈ। ਜੇ ਇੰਜ ਨਾ ਹੋਵੇ ਤਾਂ ਕਿਵੇਂ ਹੋ ਰਹੀਆਂ ਹਨ ਵੱਡੀਆਂ-ਵੱਡੀਆਂ ਰੈਲੀਆਂ, ਵੱਡੇ-ਵੱਡੇ ਇਕੱਠ, ਜਿਨ੍ਹਾਂ ਵਿੱਚ ਨੇਤਾਵਾਂ ਦੀ ਸੁਰੱਖਿਆ ਉੱਤੇ ਸਰਕਾਰੀ ਖ਼ਰਚਾ ਹੀ ਕਰੋੜਾਂ ਦਾ ਹੈ ਅਤੇ ਭੀੜ ਵੀ ਕਈ ਹਾਲਤਾਂ ਵਿੱਚ ਕਿਰਾਏ ਉੱਤੇ ਲਈ ਹੋਈ ਲੱਭ ਰਹੀ ਹੈ? ਇਸ ਭੀੜ ਵਿੱਚ ਆਮ ਆਦਮੀ ਕਿੱਥੇ ਹੈ, ਜੋ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਹੈ? ਕੀ ਆਮ ਲੋਕਾਂ ਦੀ ਮੌਜੂਦਾ ਚੋਣ ਪ੍ਰਣਾਲੀ ਵਿੱਚ ਸੱਤਾ ਤਬਦੀਲੀ ਲਈ ਫ਼ੈਸਲਾ ਕਰਨ ਦੀ ਪ੍ਰਕਿਰਿਆ ਵਿੱਚ ਹਿੱਸੇਦਾਰੀ ਹੈ? ਪੰਜ ਸਾਲਾਂ ਬਾਅਦ ਇੱਕ ਵੇਰ ਵੋਟ ਕਰਨ ਤੋਂ ਬਾਅਦ ਪੰਜ ਸਾਲਾਂ ਤੱਕ ਲਈ ਉਸ ਕੋਲ ਕੋਈ ਹੱਕ ਨਹੀਂ। ਚੋਣਾਂ ਦੀ ਇਸ ਖੇਡ ਦੇ ਨਿਯਮ ਵੀ ਆਮ ਲੋਕਾਂ ਦੇ ਹਿੱਤ ਵਾਲੇ ਨਹੀਂ ਹਨ। ਲੱਗਭੱਗ ਸਾਰੀਆਂ ਪ੍ਰਮੁੱਖ ਪਾਰਟੀਆਂ ਚੋਣ ਸੁਧਾਰਾਂ ਬਾਰੇ ਚੁੱਪੀ ਸਾਧੀ ਬੈਠੀਆਂ ਹਨ ਅਤੇ ਪਰਵਾਰ ਅਤੇ ਵਿਅਕਤੀ ਕੇਂਦਰਤ ਰਾਜਨੀਤੀ ਨੂੰ ਹੀ ਪ੍ਰਮੁੱਖਤਾ ਦੇ ਰਹੀਆਂ ਹਨ। ਨਹੀਂ ਤਾਂ ਕਿਉਂ ਨਹੀਂ ਉਹ ਇਸ ਰਾਹੇ ਤੁਰਦੀਆਂ ਕਿ ਨਾ-ਕਾਬਲ ਚੁਣੇ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਲੋਕਾਂ ਕੋਲ ਹੋਵੇ, ਦੋ ਤੋਂ ਵੱਧ ਵੇਰ ਚੁਣੇ ਉਮੀਦਵਾਰ ਦੇ ਚੋਣ ਲੜਨ 'ਤੇ ਪਾਬੰਦੀ ਹੋਵੇ? ਚੋਣ ਮਨੋਰਥ-ਪੱਤਰਾਂ ਨੂੰ ਕਨੂੰਨੀ ਦਾਇਰੇ 'ਚ ਲਿਆਂਦਾ ਜਾਵੇ ਅਤੇ ਬਹੁ-ਗਿਣਤੀ ਦੀ ਸਰਕਾਰ ਬਣਾਉਣ ਲਈ ਘੱਟੋ-ਘੱਟ 50 ਫ਼ੀਸਦੀ ਉਮੀਦਵਾਰ ਅਨੁਪਾਤਿਕ ਪ੍ਰਤੀਨਿਧਤਾ ਦੇ ਅਸੂਲ ਰਾਹੀਂ ਚੁਣੇ ਜਾਣ?



ਪੰਜਾਬ ਦੀ ਮੌਜੂਦਾ ਚੋਣ ਪ੍ਰਕਿਰਿਆ ਦੌਰਾਨ ਇਹ ਵੇਖਣ ਨੂੰ ਮਿਲ ਰਿਹਾ ਹੈ ਕਿ ਵੱਡੀਆਂ ਪ੍ਰਮੁੱਖ ਪਾਰਟੀਆਂ 'ਚ ਗ਼ਰੀਬਾਂ, ਦਲਿਤਾਂ, ਔਰਤਾਂ ਦੀ ਖੜੇ ਹੋਏ ਉਮੀਦਵਾਰਾਂ 'ਚ ਹਿੱਸੇਦਾਰੀ ਨਿਗੂਣੀ ਜਿਹੀ ਹੈ ਅਤੇ ਉਮੀਦਵਾਰਾਂ ਵਿੱਚ ਬੋਲਬਾਲਾ ਕੁਝ ਘਰਾਣਿਆਂ, ਗਰੁੱਪਾਂ ਜਾਂ ਤਕੜੇ ਅਮੀਰਾਂ ਦਾ ਵੇਖਣ ਨੂੰ ਮਿਲ ਰਿਹਾ ਹੈ, ਜਦੋਂ ਕਿ ਸਮੇਂ ਦੀ ਮੰਗ ਹੈ ਕਿ ਆਮ ਲੋਕਾਂ ਦੀ ਭਾਗੀਦਾਰੀ ਚੋਣ ਅਮਲ ਵਿੱਚ ਵਧਾਈ ਜਾਵੇ ਅਤੇ ਪ੍ਰਸ਼ਾਸਨਕ ਖੇਤਰ ਵਿੱਚ ਤਾਕਤਾਂ ਦਾ ਵਿਕੇਂਦਰੀਕਰਨ ਕੀਤਾ ਜਾਵੇ। ਪੰਜਾਬ ਦਾ ਸੰਤੁਲਤ ਵਿਕਾਸ ਤਦੇ ਹੋਣਾ ਹੈ, ਜੇਕਰ ਆਮ ਲੋਕਾਂ, ਸਥਾਨਕ ਸਰਕਾਰਾਂ ਤੇ ਚੁਣੇ ਹੋਏ ਵਿਧਾਨ ਸਭਾਈ ਨੁਮਾਇੰਦਿਆਂ ਕੋਲ ਤਾਕਤ ਹੋਵੇ। ਜ਼ਿਲ੍ਹਿਆਂ, ਤਹਿਸੀਲਾਂ, ਪੰਚਾਇਤਾਂ ਅਤੇ ਪਿੰਡਾਂ 'ਚ ਸਥਾਨਕ ਸਰਕਾਰਾਂ ਉੱਤੇ ਸਿਆਸਤਦਾਨਾਂ, ਅਫ਼ਸਰਾਂ, ਸਰਕਾਰੀ ਕਰਮਚਾਰੀਆਂ ਦੀ ਤਿੱਕੜੀ ਨੇ ਕਬਜ਼ਾ ਕੀਤਾ ਹੋਇਆ ਹੈ ਅਤੇ ਹਾਕਮ ਧਿਰ ਦੇ ਚੁਣੇ ਹੋਏ ਵਿਧਾਨ ਸਭਾ ਮੈਂਬਰ ਜਾਂ ਥਾਪੇ ਹੋਏ ਹਲਕਾ ਇੰਚਾਰਜ ਦੀ ਮਰਜ਼ੀ ਅਨੁਸਾਰ ਸਰਕਾਰੀ ਸ਼ਹਿ ਉੱਤੇ ਉਹ ਸਰਵੇ-ਸਰਵਾ ਬਣੇ ਬੈਠੇ ਹਨ। ਕਿਉਂਕਿ ਪਿੰਡਾਂ ਵਿੱਚ ਧੜੇਬੰਦੀ ਹੈ, ਇਸ ਲਈ ਇਸ ਦਾ ਲਾਹਾ ਇਹ ਤਿੱਕੜੀ ਉਠਾ ਰਹੀ ਹੈ ਅਤੇ ਸਥਾਨਕ ਸਰਕਾਰਾਂ ਨੂੰ ਸਾਹ-ਸੱਤਹੀਣ ਕਰੀ ਬੈਠੀ ਹੈ। ਕਿਉਂਕਿ ਲੋਕ ਆਪਣੀਆਂ ਤਾਕਤਾਂ ਪ੍ਰਤੀ ਬੇਖ਼ਬਰ ਹਨ, ਇਸ ਲਈ ਇਹ ਤਿੱਕੜੀ ਨਾ ਪੰਜਾਬ ਦੇ ਵਾਤਾਵਰਣ ਦੀ ਭੈੜੀ ਹੋ ਰਹੀ ਸਥਿਤੀ ਬਾਰੇ ਚਿੰਤਤ ਹੈ, ਨਾ ਲੋਕਾਂ ਦੀ ਸਿੱਖਿਆ ਅਤੇ ਸਿਹਤ ਬਾਰੇ। ਕੀ ਇਹੋ ਜਿਹੀ ਹਾਲਤ ਵਿੱਚ ਪੰਜਾਬ ਦੇ ਬੁੱਧੀਜੀਵੀ ਵਰਗ ਦਾ ਫਰਜ਼ ਨਹੀਂ ਬਣਦਾ ਕਿ ਉਹ ਲੋਕਾਂ ਦੇ ਮਸਲਿਆਂ, ਮੁੱਦਿਆਂ ਪ੍ਰਤੀ ਉਨ੍ਹਾਂ ਨੂੰ ਜਾਗਰੂਕ ਕਰਨ ਲਈ ਹੀ ਅੱਗੇ ਨਾ ਆਉਣ, ਸਗੋਂ ਲੋਕਾਂ ਦੇ ਮਨਾਂ 'ਚ ਇਹ ਆਦਤ ਵਿਕਸਤ ਕਰਨ ਲਈ ਪ੍ਰੇਰਨਾ-ਸ੍ਰੋਤ ਬਣਨ ਕਿ ਉਹ ਵੋਟ ਮੰਗਣ ਵਾਲੇ ਉਮੀਦਵਾਰਾਂ ਤੋਂ ਸੁਆਲ ਪੁੱਛਣ ਦੀ ਜੁਰਅੱਤ ਕਰ ਸਕਣ?

ਸਵਾਲ ਇਹ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿਰਫ਼ ਗ਼ਰੀਬਾਂ ਅਤੇ ਦਲਿਤਾਂ ਦੇ ਬੱਚੇ ਹੀ ਪੜ੍ਹਨ ਲਈ ਕਿਉਂ ਰਹਿ ਗਏ ਹਨ? ਕੀ ਬੱਚਿਆਂ ਨੂੰ ਇੱਕਸਾਰ ਸਿੱਖਿਆ ਦਾ ਅਧਿਕਾਰ ਨਹੀਂ ਹੈ? ਕੁਦਰਤ, ਸੰਵਿਧਾਨ ਅਤੇ ਕਨੂੰਨ ਦੇ ਸਾਹਮਣੇ ਬਰਾਬਰੀ ਤਦੇ ਸੰਭਵ ਹੈ, ਜੇਕਰ ਸਭਨਾਂ ਨੂੰ ਇੱਕਸਾਰ ਸਿੱਖਿਆ ਮਿਲੇ। ਸਵਾਲ ਇਹ ਵੀ ਹੈ ਕਿ ਜਦ ਇਲਾਹਾਬਾਦ ਹਾਈ ਕੋਰਟ ਵੱਲੋਂ 18 ਅਗਸਤ 2015 ਨੂੰ ਇਹ ਜੱਜਮੈਂਟ ਦਿੱਤੀ ਗਈ ਹੈ ਕਿ ਸਰਕਾਰੀ ਖ਼ਜ਼ਾਨੇ ਵਿੱਚੋਂ ਤਨਖ਼ਾਹ ਲੈਣ ਵਾਲੇ ਹਰ ਮਾਪੇ ਦੇ ਬੱਚੇ ਸਰਕਾਰੀ ਸਕੂਲ 'ਚ ਪੜ੍ਹਨਗੇ, ਤਦ ਪੰਜਾਬ ਦੀ ਹਾਕਮ ਧਿਰ ਵੱਲੋਂ ਇਸ ਹੁਕਮ ਨੂੰ ਰਾਜ 'ਚ ਲਾਗੂ ਕਿਉਂ ਨਹੀਂ ਕੀਤਾ ਗਿਆ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਨੇ ਇਸ ਹੁਕਮ ਨੂੰ ਲਾਗੂ ਕਰਵਾਉਣ ਲਈ ਹਾਕਮ ਧਿਰ ਨੂੰ ਮਜਬੂਰ ਕਿਉਂ ਨਹੀਂ ਕੀਤਾ? ਕਿਉਂ ਸਿੱਖਿਆ ਦਾ ਵਪਾਰੀਕਰਨ ਕਰ ਕੇ ਧੜਾਧੜ ਪਬਲਿਕ ਮਾਡਲ ਸਕੂਲ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹੀਆਂ ਜਾ ਰਹੀਆਂ ਹਨ?

ਸਵਾਲ ਇਹ ਵੀ ਹੈ ਕਿ ਪੰਜਾਬ ਦੀ ਮਿੱਟੀ, ਪੰਜਾਬ ਦਾ ਪਾਣੀ, ਪੰਜਾਬ ਦੀ ਆਬੋ-ਹਵਾ ਪਲੀਤ ਕਰਨ ਤੇ ਪੰਜਾਬ 'ਚ ਕੈਂਸਰ ਫੈਲਾਉਣ ਲਈ ਕਿਹੜੀ ਧਿਰ ਜ਼ਿੰਮੇਵਾਰ ਹੈ? ਕਿਉਂ ਨਹੀਂ ਹਾਕਮਾਂ ਨੇ ਪੰਜਾਬ ਦੇ ਕੁਦਰਤੀ ਸਾਧਨਾਂ ਦੀ ਸੰਭਾਲ ਨੂੰ ਤਰਜੀਹ ਦਿੱਤੀ? ਕਿਉਂ ਸਰਕਾਰੀ ਹਸਪਤਾਲਾਂ 'ਚ ਸਿਹਤ ਸੰਭਾਲ ਲਈ ਬੁਨਿਆਦੀ ਸਹੂਲਤਾਂ ਮੁਹੱਈਆ ਕਰਨ ਦੀ ਥਾਂ ਪ੍ਰਾਈਵੇਟ ਨਿੱਜੀ ਹਸਪਤਾਲ ਖੁੱਲ੍ਹਵਾ ਕੇ ਲੋਕਾਂ ਦੀ ਲੁੱਟ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ?

ਵੱਡਾ ਸਵਾਲ ਇਹ ਵੀ ਹੈ ਕਿ ਪੰਜਾਬ ਦੀ ਰੀੜ੍ਹ ਦੀ ਹੱਡੀ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਕਿਉਂ ਪੈ ਰਹੇ ਹਨ? ਕਿਹੜੀਆਂ ਨੀਤੀਆਂ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰ ਰਹੀਆਂ ਹਨ ਅਤੇ ਕਿਹੜੀ ਧਿਰ ਇਸ ਲਈ ਜ਼ਿੰਮੇਵਾਰ ਹੈ?

ਕਿਸਾਨਾਂ ਵੱਲੋਂ ਲਏ ਕਰਜ਼ੇ ਮੁਆਫ਼ ਕਰ ਕੇ ਜਾਂ ਉਨ੍ਹਾਂ ਉੱਤੇ ਵਿਆਜ ਮੁਆਫ਼ ਕਰ ਕੇ ਜਾਂ ਖੇਤੀ ਫ਼ਸਲਾਂ ਦੇ ਲਾਹੇਵੰਦ ਭਾਅ ਦੇ ਕੇ ਕੀ ਉਨ੍ਹਾਂ ਦੀ ਹਾਲਤ ਸੁਧਾਰੀ ਨਹੀਂ ਜਾ ਸਕਦੀ? ਕੀ ਕਿਸਾਨ ਪਰਵਾਰਾਂ ਨੂੰ ਘੱਟੋ-ਘੱਟ ਉਜਰਤ ਅਨੁਸਾਰ ਬੁਨਿਆਦੀ ਆਮਦਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ?

ਸਵਾਲ ਇਹ ਵੀ ਪੁੱਛਣ ਯੋਗ ਹੈ ਕਿ ਪੰਜਾਬ ਦੇ ਉਦਯੋਗ ਬੰਦ ਕਿਉਂ ਹੋਏ ਹਨ? ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਭੱਜਣ ਲਈ ਮਜਬੂਰ ਕਿਉਂ ਹੋਣਾ ਪੈ ਰਿਹਾ ਹੈ? ਕੀ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਨਹੀਂ? ਸਵਾਲ ਇਹ ਵੀ ਹੈ ਕਿ ਪੰਜਾਬ ਦਾ ਨੌਜਵਾਨ ਨਿਰਾਸ਼ ਕਿਉਂ ਹੋ ਰਿਹਾ ਹੈ? ਕਿਉਂ ਉਹ ਨਸ਼ਿਆਂ ਦੀ ਦਲਦਲ 'ਚ ਧੱਸਦਾ ਜਾ ਰਿਹਾ ਹੈ? ਪੰਜਾਬ ਦਾ ਨੌਜਵਾਨ ਬੇਰੁਜ਼ਗਾਰੀ ਦੀ ਹਾਲਤ ਵਿੱਚ ਬੇਰੁਜ਼ਗਾਰੀ ਭੱਤੇ ਦਾ ਹੱਕਦਾਰ ਨਹੀਂ ਹੋਣਾ ਚਾਹੀਦਾ?

ਭਾਰਤ ਦੇ ਬਾਕੀ ਰਾਜਾਂ ਵਾਂਗ ਪੰਜਾਬ 'ਚ ਗ਼ਰੀਬ-ਅਮੀਰ ਦਾ ਪਾੜਾ ਵਧ ਰਿਹਾ ਹੈ। ਕੁਦਰਤ ਅਤੇ ਮਨੁੱਖ-ਵਿਰੋਧੀ ਵਿਕਾਸ ਮਾਡਲ ਨੇ ਸੂਬੇ ਵਿੱਚ ਵਾਤਾਵਰਣਕ ਸੰਕਟ ਪੈਦਾ ਕਰ ਦਿੱਤਾ ਹੈ। ਪੰਜਾਬ ਦਾ ਧਰਤੀ ਹੇਠਲਾ ਪਾਣੀ ਮੁੱਕ ਰਿਹਾ ਹੈ। ਵੱਧ ਫ਼ਸਲਾਂ ਤੇ ਵੱਧ ਆਮਦਨ ਲੈਣ ਦੇ ਚੱਕਰ 'ਚ ਪੰਜਾਬ ਦੇ ਕਿਸਾਨ ਨੂੰ ਫਸਾ ਕੇ ਕਰਜ਼ਾਈ ਹੋਣ ਵੱਲ ਤੋਰ ਦਿੱਤਾ ਗਿਆ ਹੈ। ਇਸ ਦਾ ਸਿੱਟਾ ਕਿਸਾਨਾਂ, ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਰੂਪ 'ਚ ਨਿਕਲ ਰਿਹਾ ਹੈ। ਥੋੜ੍ਹ-ਚਿਰੀਆਂ ਸਹੂਲਤਾਂ; ਆਟਾ-ਦਾਲ, ਸਸਤੀ ਬਿਜਲੀ, ਸਬਸਿਡੀਆਂ ਦੇ ਚਾਟੇ ਲਾ ਕੇ ਪੰਜਾਬ ਦੇ ਆਮ ਲੋਕਾਂ ਨੂੰ ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਖੇਤਰਾਂ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ। ਇੱਕ ਰੱਜਿਆ-ਪੁੱਜਿਆ ਵਰਗ ਵਿਸ਼ੇਸ਼ ਹੀ ਰਾਜਨੀਤੀ ਦਾ ਪਿੜ ਮੱਲੀ ਬੈਠਾ ਹੈ। ਮੰਦੀ ਦੇ ਦੌਰ ਵਿੱਚ ਨੋਟ-ਬੰਦੀ ਨੇ ਪਹਿਲਾਂ ਹੀ ਉੱਜੜ ਰਹੇ ਉਦਯੋਗਾਂ ਲਈ ਠੋਸ ਨੀਤੀ ਦੀ ਅਣਹੋਂਦ ਕਾਰਨ ਉਨ੍ਹਾਂ ਦਾ ਉਜਾੜਾ ਵਧਾ ਦਿੱਤਾ ਹੈ ਅਤੇ ਪੰਜਾਬ ਦੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਹੋਰ ਵੀ ਸੀਮਤ ਕਰ ਦਿੱਤੇ ਹਨ।

ਪਿਛਲੇ ਸਾਲਾਂ 'ਚ ਪੰਜਾਬ ਨੂੰ ਵੱਡੀ ਮਾਰ ਪਈ ਹੈ; ਆਰਥਿਕ ਪੱਖੋਂ ਵੀ, ਸਮਾਜਿਕ ਪੱਖੋਂ ਵੀ। ਰੇਤਾ, ਕੇਬਲ, ਟਰਾਂਸਪੋਰਟ, ਨਸ਼ਾ, ਭੂ-ਮਾਫੀਏ ਨੇ ਆਮ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੈ। ਸਮੱਗਲਰਾਂ, ਕੁਝ ਸਵਾਰਥੀ ਪੁਲਸ ਅਫ਼ਸਰਾਂ ਅਤੇ ਬੇਈਮਾਨ ਸਿਆਸਤਦਾਨਾਂ ਦੇ ਗੱਠਜੋੜ ਨੇ ਆਪ ਤਾਂ ਮੋਟੀਆਂ ਕਮਾਈਆਂ ਕੀਤੀਆਂ ਹਨ, ਪਰ ਆਮ ਲੋਕਾਂ ਦਾ ਖ਼ੂਨ ਨਿਚੋੜ ਦਿੱਤਾ ਹੈ।

ਇਹੋ ਜਿਹੀ ਹਾਲਤ ਵਿੱਚ 'ਗੰਭੀਰ ਸੋਚਾਂ' ਦੀ ਚੁੱਪ ਪੰਜਾਬ ਨੂੰ ਕਿਹੜੇ ਰਸਤਿਆਂ ਵੱਲ ਧੱਕੇਗੀ? ਕੀ 'ਸੋਚਵਾਨ ਕਲਮਾਂ', ਬੁੱਧੀਜੀਵੀ ਇੱਕ ਪਲੇਟਫਾਰਮ ਉੱਤੇ ਜੁੜ ਕੇ ਆਮ ਲੋਕਾਂ ਨੂੰ ਇੱਕ ਸਾਂਝਾ ਸੱਦਾ ਨਹੀਂ ਦੇ ਸਕਦੇ ਕਿ ਸੱਚ ਨੂੰ ਪਛਾਣਨ ਦੀ ਹਿੰਮਤ ਕਰਨ, ਵੋਟਾਂ ਖ਼ਰੀਦਣ ਵਾਲਿਆਂ ਨੂੰ ਨਕਾਰ ਦੇਣ, ਨਸ਼ੇ-ਪੱਤੇ, ਮਾਫ਼ੀਏ ਦੀ ਸਿਆਸਤ ਕਰਨ ਵਾਲਿਆਂ ਨੂੰ ਮੂੰਹ ਨਾ ਲਾਉਣ ਅਤੇ ਉਸੇ ਉਮੀਦਵਾਰ ਨੂੰ ਵੋਟ ਪਾਉਣ, ਜਿਹੜਾ ਪੰਜਾਬ-ਹਿਤੈਸ਼ੀ ਹੋਵੇ, ਲੋਕ-ਹਿਤੈਸ਼ੀ ਹੋਵੇ? ਹਾਲੇ ਵੀ ਕੁਝ ਨਹੀਂ ਵਿਗੜਿਆ, ਸੱਚ ਦੀ ਪਹਿਚਾਣ ਕਰਨ ਦਾ ਕੋਈ ਵੇਲਾ ਨਹੀਂ ਹੁੰਦਾ, ਖੁੰਝਿਆ ਵੇਲਾ ਕੁਵੇਲਾ ਹੋ ਸਕਦਾ ਹੈ।

# ਪਰਵਾਸੀ ਪੰਜਾਬੀ ਲੇਖਕਾਂ ਦਾ ਸਕੇਪ ਪੰਜਾਬ ਸੰਸਥਾ ਵਲੋਂ ਸਨਮਾਨ

**ਫਗਵਾੜਾ-** ਸਕੇਪ ਪੰਜਾਬ ਵਲੋਂ ਇੱਕ ਸਾਹਿਤਕ ਮਿਲਣੀ ਅਤੇ ਕਵੀ ਦਰਬਾਰ ਦਾ ਅਯੋਜਨ ਸਥਾਨਕ ਬਲੱਡ ਬੈਂਕ ਹਰਗੋਬਿੰਦ ਨਗਰ ਵਿਖੇ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਸੰਯੁਕਤ ਰੂਪ ਵਿੱਚ ਵਿਦੇਸ਼ਾਂ ਵਿੱਚ ਚਸੇ ਪੰਜਾਬੀ ਸਾਹਿਰ ਅਤੇ ਚਿੰਤਕਾ ਨੇ ਕੀਤੀ ਜਿਨ੍ਹਾਂ ਵਿੱਚ ਕਨੇਡਾ ਤੋਂ ਪੰਜਾਬੀ ਵਰਲਡ ਕਾਨੰਫੈਂਸ ਦੇ ਕਨਵੀਨਰ ਅਜਾਇਬ ਸਿੰਘ ਚੱਠਾ, ਕਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਅਜਾਇਬ ਸਿੰਘ ਸੰਗਾ, ਅਮਰੀਕਾ ਤੋਂ ਆਏ ਨਾਮਵਰ ਲੇਖਕ ਚਰਨਜੀਤ ਸਿੰਘ ਪੰਨੂ ਅਤੇ ਕੈਲੀਫੋਰਨੀਆਂ ਸਾਹਿਤ ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਝਰ, ਇਟਲੀ ਤੋਂ ਸਾਹਿਤ ਸੁਰ ਸੰਗਮ ਸਭਾ ਦੇ ਨੁਮਾਏਦੇ ਸ੍ਰੀ ਰਵੇਲ ਸਿੰਘ ਇਟਲੀ ਨੇ ਪ੍ਰਧਾਨਗੀ ਮੰਡਲ ਦੀ ਸ਼ੋਭਾ ਵਧਾਈ। ਇਸ ਦਾ ਸੰਚਾਲਣ ਗੁਰਮੀਤ ਸਿੰਘ ਪਲਾਹੀ ਅਤੇ ਮਨੋਜ ਫਗਵਾੜਵੀ ਦੁਆਰਾ ਸੰਯੁਕਤ ਰੂਪ ਵਿੱਚ ਕੀਤਾ ਗਿਆ। ਸਮਾਗਮ ਦਾ ਉਦਾਘਾਟਨ ਪਰਵਾਸੀ ਪੰਜਾਬੀ ਲੇਖਕਾਂ ਨੂੰ ਸਨਮਾਨ ਦੇ ਨਾਲ ਕੀਤਾ। ਇਸ ਮਗਰੋਂ ਕਵੀ ਦਰਬਾਰ ਦਾ ਆਗਾਜ਼ ਸੁਖਦੇਵ ਸਿੰਘ ਗੰਡਵਾ ਨੇ ਆਪਣੀ ਧਾਰਮੀਕ ਕਵਿਤਾ ਸੁਣਾ ਕੇ ਕੀਤਾ। ਭਜਨ ਵਿਰਕ ਨੇ ਅਮਨ ਸ਼ਾਤੀ ਦੀ ਗ਼ਜ਼ਲ ਸੁਣਾ ਕੇ ਸਮਾਂ ਬਨ ਦਿੱਤਾ।




ਕਵੀ /ਸ਼ਾਇਰਾ ਵਿਚ ਨਾਮਵਰ ਲੇਖਕ/ਚਿੰਤਕ ਡਾ. ਇੰਦਰਜੀਤ ਸਿੰਘ ਵਾਸੂ ਨੇ ਆਪਣੀ ਧਾਰਮਿਕ ਕਵਿਤਾ ਸੁਣਾਈ, ਇਸ ਮਗਰੋ ਭਜਨ ਸਿੰਘ ਵਿਰਕ ਨੇ ਆਪਣੀ ਗ਼ਜ਼ਲ ਸੁਣਾਕੇ ਵਾਹ-ਵਾਹੀ ਖੱਟੀ ਇਸ ਤੋਂ ਇਲਾਵਾਂ ਬਲਦੇਵ ਰਾਜ ਕੋਮਲ, ਹਰਚਰਨ ਭਾਰਤੀ, ਰਾਜ ਸੰਧੂ, ਜਸਵਿੰਦਰ ਸਿੰਘ ਹਮਦਰਦ, ਜਸਵੀਰ ਕੌਰ ਜੱਸੀ, ਜਵਾਹਰ ਧੀਰ, ਮਲਕੀਅਤ ਸੁਹਲ, ਨਵਨੀਤ ਔਬਰਾਏ ਸੇਵਕ, ਆਦਿ ਨੇ ਆਪਣੀਆਂ ਕਵਿਤਾਵਾਂ ਨਾਲ ਮੰਚ ਤੇ ਹਾਜ਼ਰੀ ਲਗਵਾਈ। ਅਜਾਇਬ ਸਿੰਘ ਸੰਗਾ ਨੇ ਪੰਜਾਬ 'ਚ ਵਾਪਰੇ 84 ਦੇ ਦੁਖਾਂਤ ਨੂੰ ਕਾਵਿ ਰੂਪ ਵਿੱਚ ਪੇਸ਼ ਕੀਤਾ। ਦਲਵੀਰ ਦਿਲ ਨਿੱਝਰ ਨੇ ਪਰਵਾਸੀ ਜੀਵਨ ਦੀ ਝੱਲਕ ਮਾਰਦੀਆਂ ਕਵੀਤਾਵਾਂ ਪੇਸ਼ ਕੀਤੀਆ। ਰਵੇਲ ਸਿੰਘ ਇਟਲੀ ਸਾਂਝੀ ਵਾਲਤਾ ਦਾ ਸੁਨੇਹਾ ਦਿੰਦੇ ਹੋਏ ਆਪਣੀ ਰਚਨਾ ਪੇਸ਼ ਕੀਤੀ। ਨਾਮਵਰ ਪਰਵਾਸੀ ਲੇਖਕ ਚਰਨਜੀਤ ਸਿੰਘ ਪੰਨੂ ਨੇ ਹਾਸ ਰਸ ਕਵਿਤਾ "ਪੇਪਰ ਪਤਨੀ" ਸੁਣਾ ਕਿ ਸ਼ਰੋਤਿਆ ਦਾ ਮਨੋਰੰਜਨ ਕੀਤਾ। ਡਾ. ਜਗੀਰ ਸਿੰਘ ਨੂਰ ਨੇ ਸੰਵਾਦ ਅਤੇ ਨੈਤੀਕ ਦੀ ਪਰੀਭਾਸ਼ਾ ਦਾ ਬਾਰੇ ਜਾਣਕਾਰੀ ਦਿੱਤੀ। ਅਜਾਇਬ ਸਿੰਘ ਚੱਠਾ ਨੇ ਨੈਤੀਕਤਾ ਦੀ ਜਰੂਰਤ ਬਾਰੇ ਚਾਨਣਾ ਪਾਇਆ। ਇਸ ਮੌਕੇ ਆਏ ਹੋਏ ਪਰਵਾਸੀ ਪੰਜਾਬੀ ਲੇਖਕਾਂ ਦਾ ਸਨਮਾਨ ਅਤੇ ਸਕੇਪ ਪੰਜਾਬ ਦੇ ਮੈਂਬਰ ਸੀਤਲ ਰਾਮ ਬੰਗਾ ਦਾ ਸਨਮਾਨ ਕੀਤਾ ਗੀਆ। ਇਸ ਸਮਾਗਮ ਦੌਰਾਨ ਸ਼ਬਦਾਂ ਦੀ ਫੁਲਕਾਰੀ, ਉੱਚੇ ਬੁਰਜ ਲਾਹੌਰ ਦੇ, ਦਿਲ ਦਰਿਆ ਦੇ ਵਿਹਣ, ਸਾਂਝੀਆ ਪੈੜਾ ਅਤੇ ਸਕੇਪ ਪੰਜਾਬ ਦੀ ਆਨਲਾਈਨ ਪੁਸਤਕ ਵਿਕਰੀ ਵੈੱਬਸਾਈਟ ਦੀ ਘੁੰਡ ਚੁਕਾਈ ਕੀਤੀ ਗਈ। ਆਏ ਹੋਏ ਮਹਿਮਾਨ ਦਾ ਧੰਨਵਾਦ ਪਰਵਿੰਦਰ ਜੀਤ ਸਿੰਘ ਦੁਆਰਾ ਕੀਤਾ ਗਿਆ। ਇਸ ਮੌਕੇ ਤੇ ਆਏ ਹੋਏ ਸ਼੍ਰੋਤਿਆ ਵਿੱਚ ਜੋਨੀ ਪਾਲ, ਮਨੀ, ਭਿੰਡਰ ਪਟਵਾਰੀ, ਡਾ. ਕਮਲੇਸ਼, ਅਮਨ, ਕੁਨਾਲ ਸ਼ਰਮਾ, ਸੁਦੇਸ਼ ਕੁਮਾਰੀ ਆਦਿ ਹਾਜਰ ਸਨ।

# ਲਤਾੜਿਆਂ ਲਈ ਮਸੀਹਾ ਅਤੇ ਇਨਕਲਾਬੀ ਸ੍ਰੀ ਗੁਰੂ ਰਵਿਦਾਸ ਜੀ



ਪਹਿਲਾਂ ਸਮਾਜ ਛੋਟੇ ਅਤੇ ਵੱਡੇ ਵਰਗਾਂ ਵਿਚ ਉਲਝਿਆ ਹੋਇਆ ਸੀ। ਇਸੇ ਉਲਝੇ ਸਮਾਜ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ ਜਲਮ ਸਮੁੱਚੇ ਸਫਰ ਅਸੰਤੁਲਿਤ ਤਾਣੇ-ਬਾਣੇ ਨੂੰ ਸੁਲਝਾਉਣ ਵਿਚ ਹੀ ਬੀਤਿਆ। ਉਹ ਉਸੇ ਸੋਸ਼ਿਤ ਵਰਗ ਵਿਚ ਪੈਦਾ ਹੋਏ, ਜਿਸ ਨੂੰ ਅਛੂਤ ਕਹਿ ਗੱਲ-ਗੱਲ, ਪਲ-ਪਲ ਦੁਰਕਾਰਿਆ ਜਾਂਦਾ ਸੀ। ਇੱਥੋਂ ਤੱਕ ਹਰ ਕੰਮ ਲਈ ਵਗਾਰ ਕਰਾਈ ਜਾਂਦੀ ਸੀ। ਇਸ ਦੇ ਇਵਜ਼ ਵਿਚ ਉਸ ਨੂੰ ਸੁੱਕੀ ਦਿੱਤੀ ਜਾਂਦੀ ਤਾਂ ਜੋ ਉਹ ਬਚੇ ਵੀ ਨਾ ਤੇ ਜਿਉਂਦਾ ਵੀ ਨਾ ਰਹਿ ਸਕੇ। ਰਾਜ ਪ੍ਰਬੰਧ ਐਨਾ ਮਾੜਾ ਸੀ ਕਿ ਲਤਾੜੇ ਹੋਏ ਇਸ ਵਰਗ ਵਿਚ ਕਿਸੇ ਦੇ ਜਨਮ-ਮਰਨ ਦੀ ਕੋਈ ਅਹਿਮੀਅਤ ਨਹੀਂ ਸੀ। ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ 1376 ਈ: ਨੂੰ ਉਤਰ ਪ੍ਰਦੇਸ਼ ਦੇ ਬਨਾਰਸ ਨਗਰ ਵਿਖੇ ਅਤਿ ਗਰੀਬ ਪਰਿਵਾਰ 'ਚ ਹੋਇਆ। ਗੁਰੂ ਜੀ ਆਪਣੇ ਜਾਤੀ ਹਾਲਾਤਾਂ ਬਾਰੇ ਲਿਖਦੇ ਹਨ:

ਮੇਰੀ ਜਾਤਿ ਬਾਂਢਲਾ ਢੋਰ ਢੋਵੰਤਾ,
ਨਿਤਹਿ ਬਨਾਰਸੀ ਆਸ ਪਾਸਾ।

ਗੁਰੂ ਜੀ ਨੇ ਜਿੱਥੋਂ ਤੱਕ ਸਹਿਣ ਹੋ ਸਕਿਆ ਪਰਿਵਾਰ ਸਮੇਤ ਸਹਿਆ। ਆਖਿਰ ਸਬਰ ਦਾ ਪਿਆਲਾ ਭਰ ਆਇਆ ਤੇ ਸਵਾਲੀਆ ਸੋਚ ਸਦਕੇ ਉਪਰੰਤ ਇਸ ਸਿਲਸਿਲੇ ਦਾ ਅੰਤ ਕਰਨ ਲਈ ਸੰਘਰਸ਼ ਦਾ ਰਾਹ ਅਪਣਾਇਆ। ਪਰ ਇਹ ਰਾਹ ਕੰਡਿਆਂ ਦੀ ਸੇਜ ਸੀ ਪਰ ਉਹਨਾਂ ਜਨ ਕਲਿਆਣ ਦਾ ਉਦੇਸ਼ ਮੁੱਖ ਰੱਖ ਕੇ ਜ਼ੁਲਮ ਨਾਲ ਹਰ ਮੋੜ ਉਤੇ ਟੱਕਰ ਲਈ। ਗੁਰੂ ਜੀ ਨੇ ਆਪ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੱਖਾਂ ਕਾਨਿਆਂ ਦੀ ਝੁੱਗੀ 'ਚ ਨਿਵਾਸ ਕਰਕੇ ਆਪਣਾ ਜੀਵਨ ਸੰਘਰਸ਼ ਸ਼ੁਰੂ ਕਰ ਦਿੱਤਾ। ਨਾਲ ਦੀ ਨਾਲ ਕਿਰਤ ਦੇ ਪੱਖ ਤੋਂ ਪਿਤਾ ਪੁਰਖੀ ਚਮੜੇ ਦੇ ਕੰਮ ਨੂੰ ਪਹਿਲ ਦਿੱਤੀ।

ਗੁਰੂ ਰਵਿਦਾਸ ਜੀ ਘੋਖ ਪੜਤਾਲ ਕੀਤੀ ਕਿ ਲੋਕਾਂ ਨੂੰ ਪ੍ਰੇਰਿਤ ਕੀਤੇ ਬਿਨਾਂ ਇਸ ਮੁਸੀਬਤ ਦਾ ਹੱਲ ਨਹੀਂ। ਇਸ ਸੰਦਰਭ ਵਿਚ ਉਹਨਾਂ ਲੋਕ ਉਪਦੇਸ਼ ਰਾਹੀਂ ਹੱਕ ਸੱਚ ਦੀ ਗੱਲ ਨੂੰ ਘਰ-ਘਰ ਪਹੁੰਚਾਉਣ ਦਾ ਬੀੜਾ ਚੁੱਕ ਥਾਂ-ਥਾਂ ਤੇ ਜਾ ਕੇ ਦਲੀਲਾਂ ਸਾਂਝੀਆਂ ਕੀਤੀਆਂ। ਉਨ੍ਹਾਂ ਲਤਾੜੇ ਹੋਏ ਵਰਗ ਦੇ ਲੋਕਾਂ ਨੂੰ ਇਕ ਹੋ ਕੇ ਅੱਗੇ ਵਧਣ ਦਾ ਹੋਕਾ ਦਿੱਤਾ। ਆਪਣਾ ਜੀਵਨ ਗੁਲਾਮੀ ਵਿਚ ਬਤੀਤ ਕਰਦਿਆਂ ਲਾਗੀ-ਵਗਾਰੀ ਬਣ ਕੇ ਇਸ ਵਰਗ ਦੇ ਲੋਕ ਦਿਨ ਕੱਟੀ ਕਰਿਆ ਕਰਦੇ ਸਨ। ਇਹ ਲਤਾੜੇ ਹੋਏ ਲੋਕ ਉਚ ਵਰਗ ਦਾ ਹੁਕਮ ਮੰਨਣ ਲਈ ਮਜਬੂਰ ਸਨ। ਦੂਜੇ ਪਾਸੇ ਵਿਚਰਦਿਆਂ ਰਾਹ ਵਿਚੋਂ ਛਾਪੇ ਬੰਨ੍ਹ ਕੇ ਆਪਦੇ ਪੈਰਾਂ ਦੇ ਨਿਸ਼ਾਨ ਮਿਟਾਉਣੇ, ਦੁਪਹਿਰ ਸਮੇਂ ਪਰਛਾਵਾਂ ਛੋਟਾ ਹੋਣ ਵੇਲੇ ਹੀ ਰਸਤਿਉਂ ਲੰਘਣ ਦੀ ਪਾਬੰਦੀ ਤੇ ਤਸੀਹੇ ਦੇਣੇ, ਜਿਸ ਨੂੰ ਗੁਰੂ ਜੀ ਨੇ ਨਵੀਂ ਵੰਗਾਰ ਦਿੱਤੀ।

ਪਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ
ਰਵਿਦਾਸ ਪਰਧੀਨ ਕੋਲ ਕਰੈ ਹੈ ਪ੍ਰੀਤ।

ਸਮੇਂ ਦੇ ਹਾਕਮਾਂ ਲਈ ਗੁਰੂ ਜੀ ਇਕ ਚਿੰਤਾ ਦਾ ਵਿਸ਼ਾ ਬਣ ਗਏ। ਆਪਣੀਆਂ ਮਰਜ਼ੀਆਂ ਕਰਦਿਆਂ ਰਾਜਿਆਂ-ਮਹਾਰਾਜਿਆਂ ਨੇ ਇਹ ਗੱਲ ਦਿਲ ਉਪਰ ਲਾ ਲਈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਇਹ ਸੰਘਰਸ਼ ਲੋਕਾਂ ਨੂੰ ਇਕੱਠਿਆਂ ਕਰਕੇ ਸਫਲ ਨਾ ਹੋ ਜਾਵੇ। ਇਸੇ ਫਿਕਰ ਵਿਚ ਹੀ ਉਨ੍ਹਾਂ ਨੂੰ ਨੀਂਦ ਆਉਣੋਂ ਹਟ ਗਈ ਤੇ ਗੁਰੂ ਵਿਰੁੱਧ ਕੋਝੀਆਂ ਚਾਲਾਂ ਚੱਲਣ ਲੱਗ ਪਏ। ਭਾਵੇਂ ਕਿ ਮਿਥਿਹਾਸਕ ਤੌਰ 'ਤੇ ਇਸ ਸਬੰਧ ਵਿਚ ਸ੍ਰੀ ਗੁਰੂ ਰਵਿਦਾਸ ਜੀ ਨਾਲ ਵਾਪਰੀਆਂ ਵੱਖ-ਵੱਖ ਘਟਨਾਵਾਂ ਨੂੰ ਵੱਖ-ਵੱਖ ਰੂਪ ਵਿਚ ਪੇਸ਼ ਕੀਤਾ ਗਿਆ। ਪਰ ਇਤਿਹਾਸ ਵਿਚ ਗੁਰੂ ਜੀ ਨੂੰ ਸੋਨੇ, ਚਾਂਦੀ ਤੇ ਦਮੜਿਆਂ ਦਾ ਲਾਲਚ ਦੇਣ ਅਤੇ ਸਰੀਰਕ ਵਾਸ਼ਨਾਵਾਂ ਵਿਚ ਉਲਝਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਪਿੱਛੇ ਹਾਕਮਾਂ ਦਾ ਇਕੋ ਮਕਸਦ ਸੀ ਕਿ ਗੁਰੂ ਜੀ ਆਪਣੇ ਮਿਸ਼ਨ ਤੋਂ ਭਟਕ ਜਾਣ। ਮੰਨੂ ਸੋਚ ਨੂੰ ਉਸ ਵੇਲੇ ਮੂੰਹ ਦੀ ਖਾਣੀ ਪਈ ਜਦੋਂ ਵੱਡੀਆਂ ਰੁਕਾਵਟਾਂ ਨੂੰ ਪਾਰ ਕਰਦਿਆਂ ਗੁਰੂ ਜੀ ਨੇ ਇਨਸਾਫ ਦੀ ਗੱਲ ਨੂੰ ਅੱਗੇ ਵਧਾਇਆ। ਉਨ੍ਹਾਂ ਉਸ ਸਮੇਂ ਸੂਦਰਾਂ ਤੇ ਲੱਗੀਆਂ ਪਾਬੰਦੀਆਂ ਨੂੰ ਤੋੜਦਿਆਂ ਸੰਖ ਵਜਾਇਆ, ਸਾਂਝੇ ਪਾਣੀਆਂ ਵਿਚ ਉਹਨਾਂ ਇਸ਼ਨਾਨ ਕੀਤਾ ਅਤੇ ਧਾਰਮਿਕ ਸਥਾਨਾਂ ਵਿਚ ਪ੍ਰਵੇਸ਼ ਕੀਤਾ।



ਡਾ. ਬਲਰਾਜ ਸਿੰਘ ਜੱਖੂ
91-98150-65177

ਜਦੋਂ ਸਿਰ ਤੋਂ ਪਾਣੀ ਲੰਘ ਗਿਆ ਤਾਂ ਰਾਜਾ ਨਾਗਰ ਮੱਲ ਨੇ ਆਪਣੇ ਸਿਪਾਹੀ ਭੇਜ ਕੇ ਗੁਰੂ ਜੀ ਨੂੰ ਬੰਦੀ ਬਣਾ ਲਿਆ। ਜਦੋਂ ਗੁਰੂ ਜੀ ਨੂੰ ਦਰਬਾਰ ਵਿਚ ਪੇਸ਼ ਕੀਤਾ ਗਿਆ ਤਾਂ ਆਪਣਾ ਪੱਖ ਪੇਸ਼ ਕਰਨ ਲਈ ਕਿਹਾ। ਗੁਰੂ ਜੀ ਨੇ ਇਸ ਸਮੇਂ ਵੀ ਹੱਕ ਸੱਚ ਅਤੇ ਇਨਸਾਫ ਦਾ ਨਾਅਰਾ ਬੁਲੰਦ ਕੀਤਾ। ਗੁਰੂ ਜੀ ਨੇ ਆਖਿਆ ਕਿ ਮੇਰਾ ਤਾਂ ਇਹੀ ਉਦੇਸ਼ ਹੈ ਕਿ ਸਭ ਬਰਾਬਰ ਹੋਣ। ਜੇ ਕਿਸੇ ਅਛੂਤ ਅਤੇ ਉੱਚ ਜਾਤੀ ਦੇ ਖੂਨ ਵਿਚ ਫਰਕ ਹੈ ਤਾਂ ਇਹ ਸਿੱਧ ਹੋਣ ਤੇ ਮੈਂ ਆਪਣਾ ਜਵੀਨ ਤਿਆਗ ਦਿਆਂਗਾ। ਜੇ ਅਜਿਹਾ ਨਹੀਂ ਹੈ ਤਾਂ ਅਛੂਤ ਵਰਗ ਨੂੰ ਵੀ ਬਰਾਬਰ ਦਾ ਮਾਣ ਸਤਿਕਾਰ ਮਿਲਣਾ ਚਾਹੀਦਾ ਹੈ।

ਗੁਰੂ ਜੀ ਨੇ ਮਾਨਵਤਾ ਦੇ ਹੱਕ ਵਿਚ ਵੀ ਇਹ ਸੰਦੇਸ਼ ਦਿੱਤਾ ਕਿ ਕੁਦਰਤ ਇਕ ਹੈ ਅਤੇ ਕੁਦਰਤ ਦੇ ਬੰਦਿਆਂ ਨੂੰ ਹਰ ਥਾਂ 'ਤੇ ਵਿਚਰਨ ਦਾ ਪੂਰਾ ਹੱਕ ਹੈ। ਧਰਮ ਦੀ ਇਕ ਟੂੱਕ ਪਰਿਭਾਸ਼ਾ ਉਹਨਾਂ ਨੇ ਇਹੀ ਦਿੱਤੀ ਕਿ ਇਹ ਉਹ ਅਵਸਥਾ ਹੈ ਜਦੋਂ ਕੋਈ ਅਡੰਬਰਬਾਜ਼ੀ ਤੋਂ ਉਪਰ ਉਠ ਕੇ ਸੱਚੇ-ਸੁੱਚੇ ਧਰਮ ਦੀ ਓਟ ਲੈ ਸਮਾਜ ਭਲਾਈ ਦੇ ਕੰਮ ਕਰਦਾ ਹੈ।

ਅਜਿਹੇ ਸਾਰੇ ਕੁਝ ਦਾ ਸਿੱਟਾ ਹੀ ਸੀ ਕਿ ਉਹਨਾਂ ਦੀ ਗੱਲ ਸਰਵ ਪ੍ਰਵਾਨਿਤ ਹੋਈ। ਇਕ ਰਾਜੇ ਦੀ ਬੇਟੀ ਮੀਰਾਂ ਬਾਈ ਸਤੀ ਪ੍ਰਥਾ ਦੀ ਸਤਾਈ ਹੋਈ ਉਹਨਾਂ ਦੀ ਸ਼ਰਨ ਵਿਚ ਆ ਗਈ ਤੇ ਉਸਨੇ ਗੁਰੂ ਜੀ ਦੀ ਸੰਘਰਸ਼ਮਈ ਸੋਚ ਨੂੰ ਅਪਣਾ ਲਿਆ।

ਗੁਰੂਆਂ ਜੀ ਦੀਆਂ ਲਿਖਤਾਂ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਉਹਨਾਂ ਧਾਰਮਿਕ ਅਤੇ ਸਮਾਜਿਕ ਬਰਾਬਰੀ ਦੇ ਨਾਲ-ਨਾਲ ਰਾਜ ਭਾਗ ਦੀ ਗੱਲ ਵੀ ਬਰਾਬਰ ਰੱਖੀ। ਗੁਰੂ ਜੀ ਚਾਹੁੰਦੇ ਸਨ ਕਿ ਰਾਜ ਭਾਗ ਦੀ ਤਾਕਤ ਨਾਲ ਹੀ ਜ਼ਿੰਦਗੀ ਦੇ ਸਾਰੇ ਸੁੱਖਾਂ ਨੂੰ ਆਜ਼ਾਦੀ ਨਾਲ ਮਾਣਿਆ ਜਾ ਸਕਦਾ ਹੈ। ਬੇਗਮਪੁਰਾ ਵਰਗੇ ਸ਼ਹਿਰ ਦੇ ਸੰਕਲਪ ਨੂੰ ਲੈ ਕੇ ਉਹਨਾਂ ਅਛੂਤ ਵਰਗ ਅਤੇ ਸਮੁੱਚੀ ਮਾਨਵਤਾ ਦੀ ਭਲਾਈ ਹਿੱਤ ਕਾਰਜ ਕੀਤੇ। ਗੁਰੂ ਰਵਿਦਾਸ ਜੀ ਦੇ ਸਮੁੱਚੇ ਜੀਵਨ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਉਹਨਾਂ ਆਪਣੀ ਜ਼ਿੰਦਗੀ ਦਾ ਸਭ ਕੁਝ ਦੂਜਿਆਂ ਦੇ ਦੁੱਖ ਨਿਵਾਰਨ ਲਈ ਅਰਪਿਤ ਕਰ ਦਿੱਤਾ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੇ ਚਾਲੀ ਸ਼ਬਦ ਸ਼ਾਮਲ ਕਰਕੇ ਮਾਣਯੋਗ ਜਗ੍ਹਾ ਦਿੱਤੀ। ਗੁਰੂ ਰਵਿਦਾਸ ਜੀ ਦੀ ਬਾਣੀ ਪੜ੍ਹ ਕੇ ਜੀਵਨ ਨੂੰ ਸਾਰਥਕ ਸੇਧ ਮਿਲਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਆਪਣੇ ਜੀਵਨ ਦੇ ਸਾਰੇ ਸੁੱਖ ਆਰਾਮ ਤਿਆਗ ਬਿਰਧ ਅਵਸਥਾ ਤੱਕ ਹੱਕ, ਸੱਚ ਅਤੇ ਇਨਸਾਫ ਲਈ ਸਮਰਪਿਤ ਰਹੇ।

# ਲੜਕੀਆਂ ਦੀ ਘੱਟ ਰਹੀ ਗਿਣਤੀ ਸਮਾਜ ਵਿੱਚ ਅਸੰਤੁਲਨ ਪੈਦਾ ਕਰ ਰਹੀ ਹੈ



ਕੁਲਦੀਪ ਚੰਦ
91-94175-63054

24 ਜਨਵਰੀ ਨੂੰ ਦੇਸ਼ ਵਿੱਚ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਜਾਂਦਾ ਹੈ। ਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਸਾਲ 2009 ਤੋਂ ਸ਼ੁਰੂ ਕੀਤੀ ਗਈ। ਸਰਕਾਰ ਨੇ ਇਸ ਲਈ 24 ਜਨਵਰੀ ਦਾ ਦਿਨ ਚੁਣਿਆ ਕਿਉਂਕਿ ਇਹ ਉਹ ਦਿਨ ਸੀ ਜਦੋਂ 1966 ਵਿੱਚ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਦੇ ਤੌਰ ਤੇ ਸੌਂਹ ਚੁੱਕੀ ਸੀ। ਇਸ ਮੌਕੇ ਤੇ ਸਰਕਾਰ ਵੱਲੋਂ ਕਈ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਮਹਿਲਾ ਅਤੇ ਬਾਲ ਵਿਕਾਸ ਵਿਭਾਗ ਆਪਣੇ ਪੱਧਰ ਤੇ ਸਮਾਜ ਵਿੱਚ ਬਾਲ ਕੰਨਿਆਵਾਂ ਨੂੰ ਉਹਨਾਂ ਦੇ ਅਧਿਕਾਰਾਂ ਦੇ ਪ੍ਰਤੀ ਜਾਗਰੂਕ ਬਣਾਉਣ ਦੇ ਲਈ ਪ੍ਰੋਗਰਾਮ ਕਰਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਅੱਜ ਭਾਵੇਂ ਅਸੀਂ 21 ਸਦੀ ਵਿੱਚ ਪਹੁੰਚ ਗਏ ਹਾਂ ਪਰ ਅੱਜ ਵੀ ਸਾਡੀ ਸੋਚ ਕੁੜੀਆਂ ਬਾਰੇ ਸਦੀਆਂ ਪੁਰਾਣੀ ਹੈ। ਅੱਜ ਸਾਡੇ ਦੇਸ਼ ਵਿੱਚ ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ। ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ। ਬੱਚੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਗਰਭ ਵਿੱਚ ਖਤਮ ਕੀਤਾ ਜਾ ਰਿਹਾ ਹੈ। ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਅਤੇ ਨਾਲੇ-ਨਾਲੀਆਂ ਵਿੱਚ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚ ਕੇ ਖਾ ਰਹੇ ਹਨ। ਕੀ ਬਾਲਿਕਾ ਦਿਵਸ ਮਨਾਉਣ ਨਾਲ ਮਾਸੂਮ ਬੱਚੀਆਂ ਤੇ ਹੋ ਰਿਹਾ ਇਹ ਸਾਰਾ ਜ਼ੁਲਮ ਖਤਮ ਹੋ ਜਾਵੇਗਾ। ਜਿਸ ਸਮਾਜ ਅਤੇ ਦੇਸ਼ ਵਿੱਚ ਮਾਸੂਮ ਬੱਚੀਆਂ ਨਹੀਂ ਰਹਿਣ-ਗੀਆਂ ਉਥੇ ਬਾਲਿਕਾ ਦਿਵਸ ਮਨਾਉਣ ਦਾ ਕੀ ਫਾਇਦਾ ਹੈ। ਸਾਡੇ ਦੇਸ਼ ਵਿੱਚ ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕੁੜੀਆਂ ਨੂੰ ਅਕਸਰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ, ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਪੱਖਪਾਤ ਕੀਤਾ ਜਾਂਦਾ ਹੈ। ਸਾਡੇ ਸਮਾਜ ਵਿੱਚ ਅਕਸਰ ਹੀ ਕੁੜੀ ਨੂੰ ਪਰਾਏ ਧੰਨ ਅਤੇ ਬੋਝ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਪਰਿਵਾਰ ਵਿੱਚ ਕੁੜੀ ਦਾ ਪੈਦਾ ਹੋਣਾ ਇਕ ਸੋਗਮਈ ਘਟਨਾ ਸਮਝੀ ਜਾਂਦੀ ਰਹੀ ਹੈ। ਉਸਨੂੰ ਪੈਦਾ ਹੁੰਦੇ ਹੀ ਮਾਰ ਦਿੱਤਾ ਜਾਂਦਾ ਰਿਹਾ ਹੈ, ਕਿਉਂਕਿ ਮਾਪਿਆਂ ਨੂੰ ਉਹਦੀ ਸੁਰੱਖਿਆਂ ਅਤੇ ਦਾਜ ਦੀ ਚਿੰਤਾ ਵੱਢ-ਵੱਢ ਖਾਂਦੀ ਰਹਿੰਦੀ ਹੈ। ਦਾਜ ਘੱਟ ਲਿਆਉਣ ਕਰਕੇ ਨਵੀਆਂ ਵਿਆਹੀਆਂ ਕੁੜੀਆਂ ਨੂੰ ਸਾੜ ਕੇ ਮਾਰ ਦੇਣਾ ਜਾਂ ਜ਼ਹਿਰ ਦੇਣ ਦੀਆਂ ਘਟਨਾਵਾਂ ਆਮ ਸੁਨਣ ਅਤੇ ਦੇਖਣ ਵਿਚ ਮਿਲਦੀਆਂ ਹਨ। ਬਾਲ ਵਿਆਹ ਦੀ ਕੁਪ੍ਰਥਾ ਜੋਕਿ ਸੱਖਤ ਕਨੂੰਨ ਹੋਣ ਦੇ ਬਾਬਜੂਦ ਕਾਇਮ ਹੈ ਸਾਡੇ ਸਮਾਜ ਨੂੰ ਕਲੰਕਿਤ ਕਰ ਰਹੀ ਹੈ। ਭਾਰਤ ਦੀ ਇਹ ਬਦਕਿਸਮਤੀ ਹੈ ਕਿ ਇੱਕ ਪਾਸੇ ਕੰਨਿਆ ਪੂਜਨ ਵਰਗੇ ਧਾਰਮਿਕ ਮੌਕਿਆਂ ਤੇ ਪੂਜਨ ਕਰਦੇ ਹਾਂ ਪਰ ਜਦੋਂ ਖੁਦ ਦੇ ਘਰ ਕੰਨਿਆ ਜਨਮ ਲੈਂਦੀ ਹੈ ਤਾਂ ਮਾਹੌਲ ਸੋਗਮਈ ਬਣਾ ਲੈਂਦੇ ਹਾਂ। ਇਹ ਹਾਲਤ ਭਾਰਤ ਦੇ ਲੱਗਭੱਗ ਹਰ ਹਿੱਸੇ ਵਿੱਚ ਹੈ। ਭਾਰਤ ਵਿੱਚ ਜੇਕਰ ਲਿੰਗ ਅਨੁਪਾਤ ਦੇਖਿਆ ਜਾਵੇ ਤਾਂ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਵਿਸ਼ਵ ਵਿੱਚ ਚੀਨ ਤੋਂ ਬਾਅਦ ਇਕ ਅਰਬ ਦੀ ਆਬਾਦੀ ਪਾਰ ਕਰਨ ਵਾਲਾ ਦੂਜਾ ਦੇਸ਼ ਬਣ ਗਿਆ ਹੈ। ਦੇਸ਼ ਦੀ ਆਬਾਦੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੇ ਅਤੇ 2011 ਦੀ ਜਨਗਣਨਾ ਅਨੁਸਾਰ ਦੇਸ਼ ਦੀ ਅਬਾਦੀ 1.03 ਅਰਬ ਤੋਂ ਵਧਕੇ ਲੱਗਭੱਗ 1.21 ਅਰਬ ਹੋ ਗਈ ਹੈ ਪਰ ਜੇਕਰ ਕੁਝ ਘਟਿਆ ਹੈ ਤਾਂ ਉਹ ਹੈ 0-6 ਸਾਲ ਦਾ ਬਾਲ ਲਿੰਗ ਅਨੁਪਾਤ। ਭਾਰਤ ਵਿਚ 1991 ਦੀ ਮਰਦਮਸ਼ੁਮਾਰੀ ਵਿਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2001 ਵਿੱਚ ਘੱਟ ਕੇ 927 ਰਹਿ ਗਈਆਂ ਸਨ ਅਤੇ 2011 ਵਿੱਚ ਹੋਰ ਘਟਕੇ 914 ਰਹਿ ਗਈਆਂ ਹਨ। ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2011 ਵਿੱਚ ਇਨ੍ਹਾਂ ਦੀ ਗਿਣਤੀ 867 ਰਹਿ ਗਈ ਹੈ, ਹਰਿਆਣਾ ਵਿੱਚ ਇਨ੍ਹਾਂ ਦੀ ਗਿਣਤੀ 830 ਰਹਿ ਗਈ ਹੈ, ਹਿਮਾਚਲ ਪ੍ਰਦੇਸ਼ ਵਿੱਚ ਇਹ ਗਿਣਤੀ ਘੱਟ ਕੇ 906 ਰਹਿ ਗਈ ਹੈ, ਜੰਮੂ ਕਸ਼ਮੀਰ ਵਿੱਚ ਇਹ ਗਿਣਤੀ 859 ਹੋ ਗਈ ਹੈ। ਅਧੁਨਿਕ ਤਕਨਾਲੋਜੀ ਦਾ ਸਹਾਰਾ ਲੈਕੇ ਲੜਕੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਗਰਭ ਵਿੱਚ ਖਤਮ ਕੀਤਾ ਜਾ ਰਿਹਾ ਹੈ। ਲੈਂਸੇਟ ਪੱਤ੍ਰਿਕਾ ਵਿੱਚ ਛਪੇ ਇੱਕ ਅਧਿਐਨ ਦੇ ਨਤੀਜਿਆਂ ਅਨੁਸਾਰ ਸਾਲ 1980 ਤੋਂ 2010 ਦੇ ਵਿੱਚ ਇਸ ਤਰ੍ਹਾਂ ਦੇ ਗਰਭਪਾਤਾਂ ਦੀ ਸੰਖਿਆ 42 ਲੱਖ ਤੋਂ 01 ਕਰੋੜ 21 ਲੱਖ ਦੇ ਵਿਚਕਾਰ ਰਹੀ ਹੈ। 'ਸੈਂਟਰ ਫਾਰ ਸ਼ੋਸ਼ਲ ਰਿਸਰਚ' ਦਾ ਅਨੁਮਾਨ ਹੈ ਕਿ ਬੀਤੇ 20 ਸਾਲਾਂ ਵਿੱਚ ਭਾਰਤ ਵਿੱਚ ਕੰਨਿਆ ਭਰੂਣ ਹੱਤਿਆ ਦੇ ਕਾਰਨ ਇੱਕ ਕਰੋੜ ਤੋਂ ਵੱਧ ਬੱਚੀਆਂ ਜਨਮ ਹੀ ਨਹੀਂ ਲੈ ਸਕੀਆਂ ਹਨ। ਅੰਤਰਰਾਸ਼ਟਰੀ ਸੰਸਥਾ ਯੂਨੀਸੈਫ਼ ਅਨੁਸਾਰ ਬੰਬਈ ਵਿੱਚ 1984 ਵਿੱਚ 8000 ਗਰਭਪਾਤ ਕੀਤੇ ਗਏ ਜਿਸ ਵਿੱਚੋਂ 7999 ਭਰੂਣ ਲੜਕੀਆਂ ਸਨ ਜਦਕਿ ਸਿਰਫ ਇੱਕ ਭਰੂਣ ਲੜਕੇ ਦਾ ਸੀ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ 5 ਤੋਂ 17 ਸਾਲ ਤੱਕ ਦੀਆਂ 100 ਮਿਲੀਅਨ ਲੜਕੀਆਂ ਮਜ਼ਦੂਰੀ ਕਰਦੀਆਂ ਹਨ ਜਿਹਨਾਂ ਵਿੱਚੋਂ 50 ਫੀਸਦੀ ਉਦਯੋਗਾਂ ਵਿੱਚ ਕੰਮ ਕਰਦੀਆਂ ਹਨ ਜਦਕਿ ਇਹਨਾਂ ਵਿੱਚੋਂ 20 ਫੀਸਦੀ ਦੀ ਉਮਰ 12 ਸਾਲ ਤੋਂ ਘੱਟ ਹੈ। ਦਿੱਲੀ ਦੀ ਇੱਕ ਗੈਰ ਸਰਕਾਰੀ ਸੰਸਥਾ 'ਸ਼ਾਕਸ਼ੀ' ਨੇ 357 ਸਕੂਲਾਂ ਵਿੱਚ ਸਰਵੇ ਕਰਵਾਇਆ ਜਿਸ ਅਨੁਸਾਰ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਜਦਕਿ 29 ਫੀਸਦੀ ਨਾਲ ਜ਼ਬਰਦਸਤੀ ਓਰਲ ਸੈਕਸ ਅਤੇ ਸਰੀਰਕ ਛੇੜਖਾਨੀ ਕੀਤੀ ਗਈ। ਇਹਨਾਂ ਸਾਰੇ ਕੇਸਾਂ ਵਿੱਚੋਂ ਲੜਕੀਆਂ ਦਾ ਯੌਨਸੋਸ਼ਣ ਕਰਨ ਵਾਲੇ 30 ਫੀਸਦੀ ਪਰਿਵਾਰਕ ਮੈਂਬਰ ਹੀ ਸਨ। ਭਾਰਤ ਵਿੱਚ ਮਾਨਸਿਕਤਾ ਹੈ ਕਿ ਲੜਕੇ ਸੰਪਤੀ ਹਨ ਅਤੇ ਕੁੜੀਆਂ ਕਰਜ਼ਾ ਹਨ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ ਜੋਕਿ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫਿਸਦੀ ਹੈ ਅਤੇ ਨੌਜਵਾਨ ਲੜਕੀਆਂ ਵਿਚੋਂ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਅੱਜ ਪੰਜਾਬ ਵਰਗੇ ਵਿਕਸਿਤ ਸੂਬੇ ਨੂੰ ਕੁੜੀਮਾਰ ਦਾ ਨਾਮ ਦਿਤਾ ਜਾਂਦਾ ਹੈ। ਭਾਰਤ ਵਿੱਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਵਿੱਚ ਅਨਪੜਤਾ ਜਿਆਦਾ ਹੈ। ਲੜਕੀਆਂ ਵਿੱਚ ਸ਼ਰੀਰਕ ਤੋਰ ਤੇ ਕਮਜ਼ੋਰੀ ਦੇਸ਼ ਦੇ ਭਵਿੱਖ ਲਈ ਚਿੰਤਾਜਨਕ ਹੈ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ। ਲੜਕੀਆਂ ਦੀ ਭਲਾਈ ਲਈ ਸੱਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਵਜੂਦ ਲੜਕੀਆਂ ਨਾਲ ਪੱਖਪਾਤ ਤੇ ਅਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੇ ਹਨ। ਹਾਲਾਤ ਇੱਥੋਂ ਤੱਕ ਖਸਤਾ ਹੈ ਕਿ ਕਈ ਵਾਰ ਕਨੂੰਨ ਦੇ ਰਾਖੇ ਵੀ ਇਨ੍ਹਾਂ ਅਪਰਾਧਾਂ ਵਿੱਚ ਦੋਸ਼ੀ ਹੁੰਦੇ ਹਨ। ਸਰਕਾਰ ਵਲੋਂ ਲੜਕੀਆਂ ਦੇ ਵਿਕਾਸ ਲਈ ਬਣਾਈਆਂ ਗਈਆਂ ਯੋਜਨਾਵਾਂ ਵੀ ਅਸ-ਰਦਾਇਕ ਸਾਬਤ ਨਹੀਂ ਹੋ ਰਹੀਆਂ ਹਨ। ਲੜਕੀਆਂ ਬੇਸ਼ੱਕ ਜੀਵਨ ਦੇ ਹਰੇਕ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਭਾਵੇਂ ਉਹ ਖੇਤਰ ਖੇਡਾਂ ਹੋਵੇ ਜਾਂ ਰਾਜਨੀਤੀ, ਘਰ ਹੋਵੇ ਜਾਂ ਉਦਯੋਗ, ਖੇਡਾਂ ਦੀ ਦੁਨੀਆਂ ਵਿੱਚ ਜੇਕਰ ਸਾਇਨਾ ਨੇਹਵਾਲ ਵਰਗੀਆਂ ਕੁੜੀਆਂ ਆਪਣਾ ਹੌਂਸਲਾ ਦਿਖਾ ਰਹੀਆਂ ਹਨ ਤਾਂ ਉਥੇ ਕਈ ਹੋਰ ਪੱਧਰਾਂ ਤੇ ਵਿਭਿੰਨ ਕੁੜੀਆਂ ਸਮਾਜ ਵਿੱਚ ਆਪਣਾ ਰੁਤਬਾ ਵਧਾ ਰਹੀਆਂ ਹਨ ਪਰ ਇਨ੍ਹਾਂ ਦੀ ਗਿਣਤੀ ਕਾਫੀ ਘਟ ਹੈ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ। ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ। ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਕੰਨਿਆ ਜਨਮ ਦਰ ਵਿੱਚ ਵਾਧਾ ਹੋਵੇਗਾ। ਜੇਕਰ ਅਸੀਂ ਅਸਲੀਅਤ ਵਿੱਚ ਦੇਸ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੇ ਵਿਕਾਸ ਲਈ ਅਸਰਦਾਇਕ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ। ਇਸ ਲਈ ਸਭ ਤੋਂ ਜ਼ਿਆਦਾ ਲੜਕੀਆਂ ਦੀ ਜਾਗਰੂਕਤਾ ਜਰੂਰੀ ਹੈ। ਸਿੱਖਿਆ ਢਾਂਚਾ ਅਜਿਹਾ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਕੁੜੀ-ਮੁੰਡੇ ਦੇ ਵਿੱਚ ਕਿਸੇ ਭੇਦਭਾਵ ਦਾ ਅਹਿਸਾਸ ਨਾ ਹੋਵੇ। ਉਹ ਇੱਕ ਦੂਜੇ ਨੂੰ ਬਰਾਬਰ ਸਮਝਣ। ਦੇਸ ਦੇ ਨੀਤੀ ਨਿਰਮਾਤਾਵਾਂ ਨੂੰ ਲੜਕੀਆਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਇਸ ਦਿਨ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ। ਰਸਤੇ ਭਾਵੇਂ ਕਿੰਨੇ ਵੀ ਮੁਸ਼ਕਿਲ ਹੋਣ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਹਰ ਰਾਤ ਦੇ ਬਾਅਦ ਸਵੇਰਾ ਹੁੰਦਾ ਹੀ ਹੈ। ਅੱਜ ਭਾਵੇਂ ਕੁੜੀਆਂ ਦੇ ਵਿਕਾਸ ਦੇ ਕੰਮਾਂ ਵਿੱਚ ਹਜ਼ਾਰਾਂ ਔਂਕੜਾਂ ਹੋਣ ਪਰ ਇੱਕ ਸਮੇਂ ਦੇ ਬਾਅਦ ਜੇਕਰ ਸਰਕਾਰ ਨੇ ਸਹੀ ਕਦਮ ਚੁੱਕੇ ਤਾਂ ਹਾਲਾਤ ਜ਼ਰੂਰ ਬਦਲਣਗੇ ਅਤੇ ਆਉਣ ਵਾਲਾ ਸਮਾਂ ਭਾਰਤ ਵਿੱਚ ਮਹਿਲਾ ਸਸ਼ਕਤੀਕਰਨ ਦੀ ਨਵੀਂ ਕਹਾਣੀ ਲਿਖੇਗਾ ਜਿਸ ਵਿੱਚ ਅੱਜ ਦੀਆਂ ਕੁੜੀਆਂ ਦੀ ਬੇਹੱਦ ਅਹਿਮ ਭੂਮਿਕਾ ਹੋਵੇਗੀ ਸੱਸ ਜਰੂਰਤ ਹੈ ਲੜਕੀਆਂ ਪ੍ਰਤੀ ਥੋੜਾ ਧਿਆਨ ਦੇਣ ਦੀ ਅਤੇ ਪੱਖਪਾਤ ਦੀ ਸੋਚ ਤਿਆਗਕੇ ਬਰਾਬਰਤਾ ਵਾਲਾ ਸਿਧਾਂਤ ਅਪਣਾਉਣ ਦੀ।



# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

(ਆਖਰੀ ਕਿਸਤ)

**ਨੀਂਡਰਥਲੀ ਮਨੁੱਖ**

ਮਨੁੱਖੀ ਵਿਕਾਸ ਦੇ ਇਤਿਹਾਸ ਵਿਚ ਮਨੁੱਖ ਦੀ ਇੱਕ ਅਜਿਹੀ ਨਸਲ ਵੀ ਧਰਤੀ ਤੇ ਪੈਦਾ ਹੋਈ ਹੈ ਜਿਸਨੂੰ ਅੱਜ ਨੀਂਡਰਥਲੀ ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਦੇ ਅਵਸ਼ੇਸ਼ 1856 ਵਿਚ ਜਰਮਨੀ ਦੇ ਇੱਕ ਇਲਾਕੇ ਨੀਂਡਰਥਲੀ ਵਿਚੋਂ ਮਿਲੇ ਸਨ। ਇਹਨਾਂ ਦੀਆਂ ਗੁਫਾਵਾਂ ਵਿਚੋਂ ਅਜਿਹੇ ਹੋਰ ਬਹੁਤ ਸਾਰੇ ਹੱਡੀਆਂ ਤੇ ਪੱਥਰ ਦੇ ਹਥਿਆਰ ਮਿਲੇ ਹਨ ਜਿਹੜੇ 50,000 ਸਾਲ ਪੁਰਾਣੇ ਹਨ। ਗੁਫਾਵਾਂ ਵਿਚੋਂ ਮਿਲੇ ਸਬੂਤਾਂ ਦੇ ਆਧਾਰ ਤੇ ਇਹ ਗੱਲ ਆਖੀ ਜਾ ਸਕਦੀ ਹੈ ਕਿ ਇਹ ਮਨੁੱਖ ਅੱਗ ਬਾਲਣੀ ਜਾਣਦਾ ਸੀ ਤੇ ਆਪਣੇ ਤਨ ਨੂੰ ਸਰਦੀ ਤੋਂ ਬਚਾਉਣ ਲਈ ਪਸ਼ੂਆਂ ਦੀ ਚਮੜੀ ਪਹਿਨਦਾ ਸੀ। ਸਰੀਰਕ ਬਣਤਰ ਅਨੁਸਾਰ ਇਹ ਅੱਜ ਦੇ ਮਨੁੱਖ ਨਾਲੋਂ ਬਿਲਕੁਲ ਵੱਖਰੇ ਸਨ। ਇਹਨਾਂ ਦਾ ਜਬਾੜਾ ਅੱਗੇ ਨੂੰ ਨਿਕਲਿਆ ਹੋਇਆ ਸੀ। ਇਸਦੇ ਹੱਥਾਂ ਦੇ ਅੰਗੂਠੇ ਉਂਗਲੀਆਂ ਨੂੰ ਛੋਹ ਨਹੀਂ ਸਕਦੇ ਸਨ। ਇਹਨਾਂ ਲਈ ਆਸੇ ਪਾਸੇ ਗਰਦਨ ਮੋੜਨਾ ਅਸੰਭਵ ਸੀ। ਇਹਨਾਂ ਦੇ ਜਬਾੜੇ ਠੋਡੀ ਰਹਿਤ ਸਨ। ਇਹਨਾਂ ਦੇ ਦੰਦਾਂ ਵਿਚੋਂ ਸੂਏ ਦੰਦ ਨਹੀਂ ਸਨ। ਇਹ ਜਾਤੀ ਹਜ਼ਾਰਾਂ ਸਾਲ ਯੂਰਪ ਵਿੱਚ ਵਿਚਰਦੀ ਰਹੀ ਹੈ।

ਛੋਟਾ ਮੋਟਾ ਸ਼ਿਕਾਰ ਮਾਰ ਕੇ, ਪੌਦਿਆਂ ਦੀਆਂ ਜੜਖ਼ਾਂ, ਫਲ ਬੇਰ ਆਦਿ ਖਾ ਕੇ ਇਹ ਆਪਣਾ ਪੇਟ ਭਰਦੇ ਸਨ। ਕਦੇ ਕਦੇ ਇਹ ਪਸ਼ੂਆਂ ਦਾ ਸ਼ਿਕਾਰ ਕਰਨ ਲਈ ਉਹਨਾਂ ਨੂੰ ਘੇਰ ਕੇ ਉੱਚੀਆਂ ਪਹਾੜੀਆਂ ਤੋਂ ਥੱਲੇ ਸੁੱਟ ਲੈਂਦੇ ਜਾਂ ਡੂੰਘੇ ਟੋਇਆਂ ਵਿਚ ਡੇਗ ਲੈਂਦੇ ਸਨ। ਇਹਨਾਂ ਦੇ ਜਬਾੜਿਆਂ ਦੀ ਬਣਤਰ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਨੂੰ ਬੋਲਣ ਦੀ ਵੀ ਜਾਂਚ ਨਹੀਂ ਸੀ। ਅੱਜ ਤੋਂ 30-35 ਹਜ਼ਾਰ ਸਾਲ ਪਹਿਲਾਂ ਮਨੁੱਖਾਂ ਦੀ ਇਕ ਅਜਿਹੀ ਨਸਲ ਜਿਹੜੀ ਇਹਨਾਂ ਨਾਲੋਂ ਦਿਮਾਗੀ ਪੱਖੋਂ ਸਿਆਣੀ ਸੀ ਨੇ ਇਹਨਾਂ ਤੇ ਹਮਲਾ ਕਰ ਦਿੱਤਾ। ਇਸ ਤਰਖ਼ਾਂ ਲੜਾਈ ਵਿਚ ਨੀਂਡਰਥਲੀਆਂ ਦੀ ਨਸਲ ਸਦਾ ਲਈ ਅਲੋਪ ਹੋ ਗਈ। ਹਮਲਾ ਕਰਨ ਵਾਲੀ ਇਸ ਨਸਲ ਦੀਆਂ ਨਾੜਾਂ ਵਿਚ ਸਾਡੇ ਵੱਡ ਵਡੇਰਿਆਂ ਦਾ ਖ਼ੂਨ ਸੀ। ਇਹਨਾਂ ਦੇ ਅੰਗੂਠੇ ਜਬਾੜੇ ਦੰਦ ਸਭ ਕੁਝ ਸਾਡੇ ਨਾਲ ਹੀ ਮਿਲਦੇ ਸਨ। ਪਹਿਲਾਂ ਅਜਿਹਾ ਜੀਵ ਜਿਸਨੂੰ ਮਨੁੱਖ ਕਿਹਾ ਜਾ ਸਕਦਾ ਹੈ ਅੱਜ ਤੋਂ ਚਾਲੀ ਲੱਖ ਵਰੇ ਪਹਿਲਾਂ ਧਰਤੀ ਤੇ ਪੂਛਹੀਣ ਬਾਂਦਰ ਤੋਂ ਵਿਕਾਸ ਕਰਕੇ ਹੋਂਦ ਵਿਚ ਆ ਗਿਆ ਸੀ। ਅੱਜ ਤੋਂ ਚਾਲੀ ਹਜ਼ਾਰ ਸਾਲ ਪਹਿਲਾਂ ਇਹ ਲੋਕ ਘੋਗੇ, ਕੌਡੀਆਂ ਆਦਿ ਵਿਚ ਸੁਰਾਖ ਕਰਕੇ ਇਹਨਾਂ ਦੇ ਹਾਰ ਆਪਣੇ ਗਲਾਂ ਵਿਚ ਪਹਿਨਿਆ ਕਰਦੇ ਸਨ।

ਸਰੀਰ ਨੂੰ ਢਕਣ ਲਈ ਕੱਪੜੇ ਪਹਿਨਣ ਦੀ ਬਜਾਏ ਇਹ ਰੰਗਾਂ ਵਿਚ ਵਰਤੋਂ ਕਰਦੇ ਸਨ। ਇਹਨਾਂ ਦੁਵਾਰਾ ਗੁਫਾਵਾਂ ਦੀਆਂ ਕੰਧਾਂ ਤੇ ਜਾਨਵਰਾਂ ਦੀਆਂ ਹੱਡੀਆਂ ਉੱਤੇ ਉੱਕਰੇ ਚਿੱਤਰ ਅੱਜ ਵੀ ਸਾਡੇ ਅਜਾਇਬ ਘਰਾਂ ਦੀ ਸ਼ੋਭਾ ਵਧਾ ਰਹੇ ਹਨ। ਈਸਾ ਮਸੀਹ ਦੀ ਮੌਤ ਤੋਂ 15000 ਸਾਲ ਪਹਿਲਾਂ ਇਹਨਾਂ ਨੇ ਖੇਤੀ ਕਰਨੀ ਤੇ ਪਸ਼ੂਆਂ ਨੂੰ ਪਾਲਤੂ ਬਣਾਉਣ ਦੀ ਜਾਂਚ ਸਿਖ ਲਈ ਸੀ। ਮਿੱਟੀ ਦੇ ਭਾਂਡੇ, ਦਰੱਖਤਾਂ ਦੀਆਂ ਟਾਹਣੀਆਂ ਦੀ ਵਰਤੋਂ ਕਰਕੇ ਟੋਕਰੀਆਂ ਬਣਾਉਣ ਦੇ ਢੰਗ ਇਹਨਾਂ ਨੇ ਲੱਭ ਲਏ ਸਨ। ਕੱਪੜਾ ਬਣਾਉਣ ਦੇ ਢੰਗ ਵੀ ਇਹਨਾਂ ਦੁਆਰਾ ਵਿਕਸਿਤ ਕਰ ਲਏ ਗਏ ਸਨ। ਈਸਾ ਮਸੀਹ ਦੀ ਮੌਤ ਤੋਂ 9000 ਸਾਲ ਪਹਿਲਾਂ ਦੇ ਇਕ ਪਿੰਡ ਦੀ ਸੱਭਿਅਤਾ ਦੇ ਚਿੰਨ ਫਲਸਤੀਨ ਵਿਚੋਂ ਮਿਲੇ ਹਨ। ਪਹਿਲਾ ਮੱਧ ਏਸ਼ੀਆ ਅਤੇ ਦੱਖਣੀ ਪੂਰਬੀ ਏਸ਼ੀਆ ਵਿਚ ਮੌਸਮ ਵੱਧ ਗਰਮ ਤੇ ਸਿਲਖ਼ਾ ਸੀ ਤੇ ਇਹ ਇਲਾਕੇ ਜੰਗਲਾਂ ਨਾਲ ਭਰੇ ਹੋਏ ਸਨ। ਇਹਨਾਂ ਜੰਗਲਾਂ ਵਿਚ ਗੋਰੇ ਰੰਗ ਵਾਲੀਆਂ ਨਾਰਡਿਕ ਜਾਤਾਂ ਦੀਆਂ ਟੋਲੀਆਂ ਘੁੰਮਿਆ ਕਰਦੀਆਂ ਸਨ। ਇਹ ਜਾਤੀਆਂ ਜੰਗਲਾਂ ਨੂੰ ਸਾਫ ਕਰਕੇ ਖੇਤੀ ਯੋਗ ਬਣਾ ਲੈਂਦੀਆਂ ਤੇ ਇਹ ਪਸ਼ੂ ਪਾਲਦੀਆਂ। ਮੌਸਮ ਦੇ ਬਦਲਣ ਨਾਲ ਇਹ ਥਾਂ ਵੀ ਬਦਲ ਜਾਂਦੇ ਸਨ।

ਇਹ ਆਪਣੇ ਗੋਡਿਆਂ ਵਿਚ ਸਮਾਨ ਲੱਦ ਕੇ ਅਤੇ ਇਕ ਥਾਂ ਤੋਂ ਦੂਜੀ ਥਾਂ ਨੂੰ ਕੂਚ ਕਰ ਦਿੰਦੇ ਸਨ। ਕੁਝ ਸਿਰ ਟਿਕਣ ਲਈ ਇਹ ਮਿੱਟੀ ਤੇ ਸਰਕੰਡੇ ਦੀਆਂ ਝੁੱਗੀਆਂ ਵੀ ਉਸਾਰ ਲੈਂਦੇ ਸਨ। ਇਹ ਨਾਰਤਿਕ ਜਾਤ ਦੇ ਲੋਕ ਆਪਣੇ ਮੁਰਦਿਆਂ ਦਾ ਲਕੜੀ ਨਾਲ ਸੰਸਕਾਰ ਕਰਦੇ ਹਨ ਤੇ ਉਹਨਾਂ ਦੀ ਰਾਖ ਨੂੰ ਘੜੇ ਵਿਚ ਪਾ ਕੇ ਜ਼ਮੀਨ ਵਿਚ ਦੱਬ ਕੇ ਉਸ ਉੱਪਰ ਮਿੱਟੀ ਦੀ ਗੋਲ ਮਟੀ ਬਣਾ ਦਿੰਦੇ ਸਨ। ਆਰੀਆ ਕੌਮ ਦੇ ਵੱਡ ਵਡੇਰੇ ਇਹ ਲੋਕ ਈਸਾ ਮਸੀਹ ਤੋਂ ਇਕ ਹਜ਼ਾਰ ਸਾਲ ਪਹਿਲਾਂ ਉੱਤਰੀ ਭਾਰਤ ਵਿਚ ਆ ਗਏ। ਇੱਥੇ ਇਹਨਾਂ ਦਾ ਵਾਸਤਾ ਪਹਿਲਾਂ ਹੀ ਰਹਿ ਰਹੀਆਂ ਦਰਾਵੜ ਕੌਮਾਂ ਨਾਲ ਪਿਆ। ਆਪਣੀ ਹੁਸ਼ਿਆਰੀ ਨਾਲ ਇਹਨਾਂ ਨੇ ਇੱਥੋਂ ਦੇ ਮੂਲ ਨਿਵਾਸੀਆਂ ਨੂੰ ਦੱਖਣੀ ਭਾਰਤ ਵੱਲ ਧੱਕ ਦਿੱਤਾ। ਇਸ ਤਰਖ਼ਾਂ ਅੱਜ ਉੱਤਰੀ ਭਾਰਤ ਵਿਚ ਰਹਿ ਰਹੇ ਬਹੁਤੇ ਲੋਕ ਇਹਨਾਂ ਆਰੀਆ ਕੌਮਾਂ ਦੀ ਹੀ ਸੰਤਾਨ ਹਨ।

ਇਸ ਤਰਾਂ ਕਰੋੜਾਂ ਸਾਲਾਂ ਦੀ ਮਾਦੇ ਤੋਂ ਮਨੁੱਖ ਤੱਕ ਦੀ ਇਹ ਯਾਤਰਾ ਅੱਜ ਦੇ ਪੜਾਅ ਤੇ ਪਹੁੰਚੀ ਹੈ। ਅਜੇ ਇਹ ਵਿਕਾਸ ਰੁਕਿਆ ਨਹੀਂ ਹੈ ਅਤੇ ਨਾ ਹੀ ਇਸਨੇ ਰੁਕਣਾ ਹੈ। ਹੋਰ ਲੱਖਾਂ ਸਾਲਾਂ ਤੱਕ ਮਨੁੱਖ ਨੇ ਅੱਜ ਤੋਂ ਹਜ਼ਾਰਾਂ ਗੁਣਾ ਵਧੀਆ ਬਣਨਾ ਹੀ ਹੈ। ਆਓ ਇਸ ਵਿਕਾਸ ਦੇ ਯੁੱਗ ਵਿਚ ਹੋਰ ਵਿਕਾਸ ਕਰਨ ਲਈ ਵਿਗਿਆਨ ਦੇ ਹਾਣ ਦੇ ਬਣੀਏ। **(ਸਮਾਪਤ)**

# ਆਓ ਵਿਸ਼ਵ ਵੈਟਲੈਂਡ ਦਿਵਸ ਮਨਾਈਏ



ਸਤਨਾਮ ਸਿੰਘ ਕੈਂਥ (ਲੈਕਚਰਾਰ)
91-99880-47124

ਜਲਗਾਹਾਂ ਦਿਵਸ (ਵੈਟਲੈਂਡ ਦਿਵਸ) ਹਰ ਸਾਲ 2 ਫਰਵਰੀ ਨੂੰ ਪੂਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ। ਆਧੁਨਿਕ ਕਾਲ ਵਿਚ ਜਦ ਜਲਗਾਹਾਂ ਦੀ ਗਿਣਤੀ ਘਟਣੀ ਸ਼ੁਰੂ ਹੋਈ ਤਾਂ ਇਸ ਦੀ ਚਿੰਤਾ ਸਾਰੀ ਦੁਨੀਆ ਦੇ ਵਿਗਿਆਨੀਆਂ ਅਤੇ ਵਾਤਾਵਰਨ ਪ੍ਰੇਮੀਆਂ ਨੂੰ ਹੋਈ। ਇਨ੍ਹਾਂ ਦੀ ਸੰਭਾਲ ਲਈ ਅੰਤਰਰਾਸ਼ਟਰੀ ਪੱਧਰ ਦੀ ਪਹਿਲੀ ਕਾਨਫ਼ਰੰਸ 2 ਫਰਵਰੀ 1971 ਨੂੰ ਈਰਾਨ ਦੇ ਸ਼ਹਿਰ ਰਾਮਸਰ ਵਿਖੇ ਹੋਈ ।ਇਸ ਦਾ ਉਦੇਸ਼ ਵਿਸ਼ਵ ਵਿਚ ਜਲਗਾਹਾਂ ਨੂੰ ਬਚਾਉਣਾ ਸੀ। ਤਦ ਤੋਂ ਹੀ ਹਰ ਸਾਲ 2 ਫਰਵਰੀ ਨੂੰ ਅੰਤਰਰਾਸ਼ਟਰੀ ਜਲਗਾਹ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਜਲਗਾਹ ਇੱਕ ਅਜਿਹਾ ਕੁਦਰਤੀ ਜਲ ਖੇਤਰ ਹੁੰਦਾ ਹੈ ਜਿੱਥੇ ਅਨੇਕਾਂ ਜੰਗਲੀ ਜੀਵ ਅਤੇ ਪੰਛੀਆਂ ਦੀਆਂ ਵੱਖ-ਵੱਖ ਪ੍ਰਜਾਤੀਆਂ ਰਹਿੰਦੀਆਂ ਤੇ ਆਪਣਾ ਜੀਵਨ ਨਿਰਵਾਹ ਕਰਦੀਆਂ ਹਨ। ਇਹ ਜ਼ਮੀਨੀ ਅਤੇ ਜਲ-ਪ੍ਰਣਾਲੀਆਂ ਵਿਚਕਾਰ ਉਹ ਜਗ੍ਹਾ ਹਨ, ਜਿੱਥੇ ਪਾਣੀ ਦਾ ਪੱਧਰ ਧਰਤੀ ਦੀ ਸਤ੍ਹਾ ਦੇ ਨੇੜੇ ਹੁੰਦਾ ਹੈ ਜਾਂ ਪਾਣੀ ਘੱਟ ਡੂੰਘਾ ਹੁੰਦਾ ਹੈ। ਧਰਤੀ ਦੇ ਕੁੱਲ ਜ਼ਮੀਨੀ-ਪੁੰਜ ਦਾ ਲਗਪਗ 6 ਫ਼ੀਸਦੀ ਹਿੱਸਾ ਜਲਗਾਹਾਂ ਨੇ ਘੇਰਿਆ ਹੈ। ਇਸ ਦਿਵਸ ਨੂੰ ਰਾਮਸਰ ਸੰਮੇਲਨ ਦੇ ਨਾਂ ਤੋਂ ਵੀ ਜਾਣਿਆ ਜਾਂਦਾ ਹੈ। ਵਰਤਮਾਨ ਸਮੇਂ ਵਿੱਚ ਇਸ ਸੰਮੇਲਨ ਵਿੱਚ 158 ਦੇਸ਼ ਅਤੇ 1758 ਅਜਿਹੇ ਜਲਗਾਹ ਅਸਥਾਨ ਸ਼ਾਮਲ ਹਨ, ਜਿਸਦਾ ਕੁੱਲ ਖੇਤਰਫ਼ਲ 161 ਮਿਲੀਅਨ ਹੈਕਟੇਅਰ ਹੈ ਤੇ ਜਿਹਨਾਂ ਨੂੰ ਅੰਤਰਰਾਸ਼ਟਰੀ ਮਹੱਤਵ ਦੀ ਜਲਗਾਹ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਇਸ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 2 ਫਰਵਰੀ 1997 ਵਿੱਚ ਕੀਤੀ ਗਈ। ਜਲਗਾਹ ਵਾਤਾਵਰਨ ਦਾ ਅਜਿਹਾ ਗੁੰਝਲਦਾਰ ਸਿਸਟਮ ਹੈ ਜਿਸ ਵਿੱਚ ਅੰਦਰੂਨੀ, ਤਟੀ ਅਤੇ ਸਮੁੰਦਰੀ ਕੁਦਰਤੀ ਨਿਵਾਸ ਦੀ ਵਿਆਪਕ ਲੜੀ ਸ਼ਾਮਲ ਹੈ। ਇਸ ਵਿੱਚ ਤਰਲ ਅਤੇ ਖ਼ੁਸ਼ਕ ਦੋਹਾਂ ਤਰ੍ਹਾਂ ਦੇ ਵਾਤਾਵਰਨ ਦੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ। ਭਾਰਤ ਵਿੱਚ ਜ਼ਿਆਦਾਤਰ ਜਲਗਾਹ ਗੰਗਾ, ਕਾਵੇਰੀ, ਕ੍ਰਿਸ਼ਨਾ, ਗੋਦਾਵਰੀ ਅਤੇ ਤਾਪਤੀ ਵਰਗੀਆਂ ਪ੍ਰਮੁੱਖ ਨਦੀਆਂ ਨਾਲ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਜੁੜੇ ਹੋਏ ਹਨ। ਏਸ਼ੀਅਨ ਜਲਗਾਹ ਕੋਸ਼ ਦੇ ਅਨੁਸਾਰ ਜਲਗਾਹ ਦਾ ਦੇਸ਼ ਦੇ ਖੇਤਰਫ਼ਲ (ਨਦੀਆਂ ਨੂੰ ਛੱਡ ਕੇ) ਵਿੱਚ 18.4 ਪ੍ਰਤੀਸ਼ਤ ਹਿੱਸਾ ਹੈ, ਜਿਸਦੇ 70 ਪ੍ਰਤੀਸ਼ਤ ਭਾਗ ਵਿੱਚ ਝੋਨੇ ਦੀ ਖੇਤੀ ਕੀਤੀ ਜਾਂਦੀ ਹੈ। ਭਾਰਤ ਵਿੱਚ ਜਲਗਾਹ ਦਾ ਖੇਤਰਫ਼ਲ ਲਗਭਗ 4.1 ਮਿਲੀਅਨ ਹੈਕਟੇਅਰ ਹੈ, ਜਿਸ ਵਿੱਚੋਂ 1.5 ਮਿਲੀਅਨ ਹੈਕਟੇਅਰ ਕੁਦਰਤੀ ਅਤੇ 2.6 ਮਿਲੀਅਨ ਹੈਕਟੇਅਰ ਜਲਗਾਹ ਦਾ ਮਨੁੱਖ ਦੁਆਰਾ ਨਿਰਮਾਣ ਕੀਤਾ ਗਿਆ ਹੈ। ਤਟੀ ਜਲਗਾਹ ਦਾ ਖੇਤਰਫ਼ਲ ਲਗਭਗ 6750 ਵਰਗ ਕਿਲੋਮੀਟਰ ਹੈ। ਇੰਡੋ- ਗੰਗੇਟਿਕ ਜਲਗਾਹ ਦੇਸ਼ ਦਾ ਸਭ ਤੋਂ ਵੱਡਾ ਜਲਗਾਹ ਸਿਸਟਮ ਹੈ ਜੋ ਪੱਛਮ ਵਿੱਚ ਸਿੰਧੂ ਨਦੀ ਤੋਂ ਲੈਕੇ ਪੂਰਬ ਵਿੱਚ ਬ੍ਰਹਮਪੁੱਤਰ ਨਦੀ ਤੱਕ ਫੈਲਿਆ ਹੋਇਆ ਹੈ।



ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿੱਚ ਤਿੰਨ ਜਲਗਾਹ ਹਰੀਕੇ ਪੱਤਣ, ਕਾਂਝਲੀ ਤੇ ਰੋਪੜ ਵਿਸ਼ਵ ਪੱਧਰ ਦੇ ਜਲਗਾਹ ਹਨ। ਇਹ ਤਿੰਨੋ ਜਲਗਾਹ ਕ੍ਰਮਵਾਰ ਤਰਨਤਾਰਨ, ਕਪੂਰਥਲਾ ਅਤੇ ਰੂਪ-ਨਗਰ ਜ਼ਿਲ੍ਹਿਆਂ ਵਿੱਚ ਸਥਿੱਤ ਹਨ। ਇਹਨਾਂ ਜਲਗਾਹਾਂ ਵਿਖੇ ਪੰਛੀਆਂ ਦੀਆਂ ਵੱਖ-ਵੱਖ ਪ੍ਰਜਾਤੀਆਂ ਜਿਵੇਂ ਰੂਬੀ, ਸੈਲਡਕ, ਕੂਟ, ਕੋਮਨ ਟੇਲ, ਗੈਡਵਾਲ, ਵਾਰ, ਹੈਡਿਡ ਗੂਜ, ਨਾਰਦਰਨ ਪੈਨਟੇਲ, ਲਿਟਲ ਗਰੇਬ, ਇੰਡੀਅਨ ਗੇਗ, ਹਾਰਨਬਿਲ, ਗਰੇਟਰ ਕੁਕਾਲ, ਸਪੂਨਵਿਲ, ਲਿਟਲ, ਕਾਰਮੋਰੇਂਟ, ਰੂਡੀਸੈਲਡਕ, ਸ਼ਵਲਰ ਸੀਵਾਰਲਜ਼, ਕੂਟ, ਫੁਟਸ ਲਿਟਲ ਏਗਰੇਟ, ਵਾਰ ਹੈਡਿਡ ਗਰੀਕ ਆਦਿ ਪਾਈਆਂ ਜਾਂਦੀਆਂ ਹਨ।

ਜਲ ਹੀ ਜੀਵਨ ਹੈ' ਦੇ ਕਥਨ ਅਨੁਸਾਰ ਮਨੁੱਖ ਤਾਂ ਹੀ ਜੀਉਂਦਾ ਰਹਿ ਸਕਦਾ ਹੈ ਜੇਕਰ ਜਲਗਾਹਾਂ ਅਤੇ ਉਸਦੇ ਸੋਮਿਆਂ ਦੀ ਸਹੀ ਵਰਤੋ ਕੀਤੀ ਜਾਵੇਗੀ। ਜਲਗਾਹਾਂ ਦਿਵਸ ਮਨਾਉਣ ਦਾ ਮਕਸਦ ਇਹੀ ਹੈ ਕਿ ਅਸੀਂ ਇਹਨਾਂ ਸੋਮਿਆਂ ਪ੍ਰਤੀ ਵਿਸ਼ੇਸ਼ ਧਿਆਨ ਦੇਈਏ ਜਿਸ ਨਾਲ ਮਨੁੱਖ ਜਾਤੀ ਸਮੇਤ ਅਨੇਕਾਂ ਹੋਰ ਜਲਚਰ ਜੀਵਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਪਿਛਲੇ ਸਮੇਂ ਤੋਂ ਤਰੱਕੀ ਦੇ ਨਾਮ ਤੇ ਮਨੁੱਖ ਦੁਆਰਾ ਫੈਲਾਏ ਜਾ ਰਹੇ ਪ੍ਰਦੂਸ਼ਣ ਨੇ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਵਿਚ ਭਾਰੀ ਵਾਧਾ ਕੀਤਾ ਹੈ। ਪਾਣੀ ਦੇ ਪ੍ਰਦੂਸ਼ਣ ਨਾਲ ਅਨੇਕਾਂ ਜਲਚਰ ਜੀਵ ਖ਼ਤਮ ਹੋ ਰਹੇ ਹਨ। ਧਰਤੀ ਦੀ ਸਾਰੀ ਪ੍ਰਕਿਰਤੀ ਅਤੇ ਜੀਵਾਂ ਦੀ ਜ਼ਿੰਦਗੀ ਤੇ ਇਸ ਦਾ ਬੁਰਾ ਅਸਰ ਪਿਆ ਹੈ। ਦਰਖਤਾਂ ਦੀ ਘਾਟ, ਰਸਾਇਣਿਕ ਖਾਦਾਂ, ਗੰਦਾ ਘਰੇਲੂ ਨਿਕਾਸ, ਫ਼ੈਕਟਰੀਆਂ ਦਾ ਗੰਦਾ ਪਾਣੀ, ਜਲਕੁੰਭੀ ਵਰਗੇ ਨਦੀਨ ਅਤੇ ਮਿੱਟੀ ਦਾ ਖ਼ੁਰਨਾ 'ਜਲਗਾਹਾਂ' ਲਈ ਨਵੇਂ ਖ਼ਤਰੇ ਪੈਦਾ ਕਰ ਰਿਹਾ ਹੈ। ਕੀਟਨਾਸ਼ਕ ਜਹਿਰਾਂ ਅਤੇ ਰਸਾਣਿਕ ਖਾਂਦਾ ਨੇ ਧਰਤੀ ਹੇਠਲੇ ਪਾਣੀ ਦੇ ਮੁੱਖ ਸੋਮਿਆਂ ਨੂੰ ਖ਼ਰਾਬ ਕਰ ਦਿੱਤਾ ਹੈ। ਨਜਾਇਜ਼ ਕਬਜ਼ਿਆਂ ਅਤੇ ਮਨੁੱਖ ਦੁਆਰਾ ਅਪਣਾਏ ਹੋਰ ਗ਼ਲਤ ਤਰੀਕਿਆਂ ਸਦਕਾ ਹੀ ਜਲਗਾਹਾਂ ਦੀ ਗਿਣਤੀ ਘਟਦੀ ਜਾ ਰਹੀ ਹੈ।

ਜਲਗਾਹਾਂ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਲੋਕਾਂ ਅੰਦਰ ਜਾਗਰੂਕਤਾ ਲਿਆਉਣਾ ਹੈ ਤਾਂ ਜੋ ਉਹ ਜਲਗਾਹਾਂ ਅਤੇ ਉਸਦੇ ਸੋਮਿਆਂ ਨੂੰ ਸਹੀ ਢੰਗ ਨਾਲ ਵਰਤ ਸਕਣ। ਹਰ ਸਾਲ ਵੱਖ-ਵੱਖ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾਵਾਂ, ਆਮ ਲੋਕਾਂ , ਸਕੂਲਾਂ ਤੇ ਕਾਲਜਾਂ ਵਿੱਚ ਆਪਣੇ ਆਪਣੇ ਪੱਧਰ ਤੇ ਸੈਮੀਨਾਰ, ਪੇਂਟਿੰਗ ਮੁਕਾਬਲੇ ਆਦਿ ਕਰਵਾ ਕੇ ਇਸ ਦਿਵਸ ਨੂੰ ਮਨਾਇਆ ਜਾਂਦਾ ਹੈ। ਸੋ ਆਓ ਅਸੀਂ ਵੀ ਮਿਲਕੇ ਇਸ ਦਿਵਸ ਬਾਰੇ ਜਾਣੀਏ ਤੇ ਇਸ ਦਿਵਸ ਨੂੰ ਪੂਰੇ ਉਤਸ਼ਾਹ ਨਾਲ ਮਨਾਈਏ ਤਾਂ ਜੋ ਸਾਡੀ ਆਉਣ ਵਾਲੀਆਂ ਪੀੜੀਆਂ ਖ਼ੁਸ਼ਹਾਲ ਵਾਤਾਵਰਨ ਵਿੱਚ ਆਪਣਾ ਜੀਵਨ ਨਿਰਵਾਹ ਕਰ ਸਕਣ।

# ਅਧਿਆਪਨ ਅਤੇ ਸਾਹਿਤ ਦਾ ਸੁਮੇਲ: ਜਤਿੰਦਰ ਕੁਮਾਰ



ਮੇਜਰ ਸਿੰਘ ਨਾਭਾ
91-94635-53962

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦੇ ਹੋਏ ਸ੍ਰੀ ਜਤਿੰਦਰ ਕੁਮਾਰ ਸ.ਸ. ਮਾਸਟਰ ਸਰਕਾਰੀ ਹਾਈ ਸਕੂਲ ਹਰਿਆਊ ਖ਼ੁਰਦ ਜਿਲ੍ਹਾ ਪਟਿਆਲਾ ਤੋਂ 31 ਜਨਵਰੀ 2017 ਨੂੰ ਰਿਟਾਇਰ ਹੋ ਰਹੇ ਹਨ। ਇਹਨਾਂ ਦਾ ਜਨਮ ਪਿੰਡ ਦੰਦਰਾਲਾ ਢੀਡਸਾਂ ਜਿਲ੍ਹਾ ਪਟਿਆਲਾ ਵਿਖੇ 03 ਜਨਵਰੀ 1957 ਨੂੰ ਮਾਤਾ ਸ੍ਰੀਮਤੀ ਦਿਆਵੰਤੀ ਜੀ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸ੍ਰੀ ਧਰਮਪਾਲ ਇੱਕ ਵੈਦ ਅਤੇ ਸਮਾਜ ਸੇਵਕ ਸਨ। ਇਸ ਕਾਰਨ ਜਤਿੰਦਰ ਕੁਮਾਰ ਨੂੰ ਆਪਣੇ ਘਰੋਂ ਹੀ ਸਮਾਜ ਸੇਵਾ ਕਰਨ ਦੀ ਪ੍ਰੇਰਣਾ ਮਿਲੀ। ਜਤਿੰਦਰ ਕੁਮਾਰ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਹੀ ਪਿੰਡ ਦੇ ਸਰਕਾਰੀ ਸਕੂਲ ਤੋਂ 1974 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਸਕੂਲ ਵਿੱਚੋਂ ਅੱਵਲ ਆ ਕੇ ਪਾਸ ਕੀਤੀ। ਇਸ ਉਪਰੰਤ ਸਰਕਾਰੀ ਰਿਪੁਦਮਨ ਕਾਲਜ ਨਾਭਾ ਤੇ ਸਰਕਾਰੀ ਬਿਕਰਮ ਕਾਲਜ ਪਟਿਆਲਾ ਤੋਂ ਉਚੇਰੀ ਵਿੱਦਿਆ ਹਾਸਿਲ ਕੀਤੀ।ਇਸ ਦੌਰਾਣ ਇਨ੍ਹਾਂ ਨੇ ਜੇ.ਬੀ.ਟੀ.ਟ੍ਰੇਨਿੰਗ ਪ੍ਰਾਪਤ ਕਰ ਲਈ।

ਅਧਿਆਪਨ ਖੇਤਰ ਵਿੱਚ ਇਹ ਬਤੌਰ ਜੇ.ਬੀ.ਟੀ ਅਧਿਆਪਕ 25 ਜਨਵਰੀ 1978 ਨੂੰ ਆਏ।ਸੇਵਾ ਦੌਰਾਣ ਇਹਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਐੱਡ ਦੀ ਪੜ੍ਹਾਈ ਕਰਕੇ ਡਿਗਰੀ ਪ੍ਰਾਪਤ ਕਰ ਲਈ। 22 ਸਾਲ ਬਤੌਰ ਜੇ.ਬੀ.ਟੀ ਅਧਿਆਪਕ ਸੱਚੇ ਦਿਲੋਂ ਇਮਾਨਦਾਰੀ ਨਾਲ ਸੇਵਾ ਕੀਤੀ ਅਤੇ 20 ਜਨਵਰੀ 2001 ਨੂੰ ਤਰੱਕੀ ਲੈਣ ਉਪਰੰਤ 17 ਸਾਲ ਬਤੌਰ ਸ.ਸ. ਮਾਸਟਰ ਵੱਖੋ-ਵੱਖਰੇ ਸਕੂਲਾਂ ਵਿੱਚ ਸੇਵਾ ਨਿਭਾਈ।

ਇਸ ਦੌਰਾਨ ਆਪ ਨੇ ਸਰਕਾਰੀ ਹਾਈ ਸਕੂਲ ਹਰਿਆਊ ਖ਼ੁਰਦ (ਪਟਿਆਲਾ) ਵਿਖੇ ਬਤੌਰ ਡੀ.ਡੀ.ਓ ਵੀ ਕੰਮ ਕੀਤਾ। 1981 ਵਿੱਚ ਹੋਈ ਦੇਸ਼ ਦੀ ਮਰਦਮਸ਼ੁਮਾਰੀ ਵਿੱਚ ਸ਼ਾਨਦਾਰ ਸੇਵਾਵਾਂ ਬਦਲੇ ਮੈਡਲ ਤੇ ਪ੍ਰਸੰਸਾਂ-ਪੱਤਰ ਹਾਸਿਲ ਕੀਤਾ।

ਜਤਿੰਦਰ ਕੁਮਾਰ ਇੱਕ ਅਧਿਆਪਕ ਹੋਣ ਦੇ ਨਾਲ-ਨਾਲ ਇੱਕ ਵਧੀਆ ਲਿਖਾਰੀ ਵੀ ਰਹੇ ਹਨ। ਇਨਾਂ ਨੂੰ ਮਿੰਨੀ ਕਹਾਣੀਆਂ ਲਿਖਣ ਦਾ ਸੌਕ ਰਿਹਾ ਹੈ। ਆਪਣੀ ਲਿਖਣ ਕਲਾ ਨਾਲ ਸਮਾਜਿਕ ਬੁਰਾਈਆਂ ਤੇ ਭਖਦਿਆਂ ਮਸਲਿਆਂ ਤੇ ਕਟਾਖਸ ਕਰਦੇ ਰਹੇ ਹਨ।ਇਨ੍ਹਾਂ 'ਚੋਂ 'ਚੋਗਾ' ਅਤੇ 'ਪਛਤਾਵਾ' ਵਰਗੀਆਂ ਕਹਾਣੀਆਂ ਸੱਚਮੁੱਚ ਅੱਜ ਦੇ ਭ੍ਰਿਸ਼ਟ ਸਮਾਜ ਦੀ ਗੱਲ ਕਰਦੀਆਂ ਹਨ।

ਭਾਸ਼ਾ ਵਿਭਾਗ ਪੰਜਾਬ, ਜੰਮੂ ਕਸ਼ਮੀਰ ਅਤੇ ਪੰਜਾਬੀ ਅਖਬਾਰਾਂ, ਰਸਾਲਿਆਂ ਵਿੱਚ ਆਪ ਦੀਆਂ ਕਈ ਕਹਾਣੀਆਂ ਪ੍ਰਕਾਸ਼ਿਤ ਹੋਈਆਂ। ਇਸ ਤੋਂ ਇਲਾਵਾ ਜਤਿੰਦਰ ਕੁਮਾਰ ਨੂੰ ਭਾਸਣ ਕਲਾ ਅਤੇ ਗੀਤ ਗਾਉਣ ਦਾ ਵੀ ਸ਼ੌਕ ਰਿਹਾ ਹੈ। ਕਈ ਥਾਵਾਂ ਤੇ ਸਮਾਜਿਕ ਵਿਸ਼ਿਆ ਤੇ ਇਨ੍ਹਾਂ ਨੇ ਭਾਸਣ ਦੇ ਕੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਤੇ ਕਈ ਲੋਕਾਂ ਵੱਲੋਂ ਬਹੁਤ ਤਾਰੀਫ ਵੀ ਕੀਤੀ ਗਈ। ਇਹ ਇੱਕ ਸਪੱਸ਼ਟ ਜਿਹੇ ਇਨਸਾਨ ਹਨ ਜੋ ਗੱਲਾਂ ਵਿੱਚ ਘੱਟ ਤੇ ਕੰਮ ਵਿੱਚ ਜਿਆਦਾ ਵਿਸ਼ਵਾਸ ਰੱਖਦੇ ਹਨ।



ਜਤਿੰਦਰ ਕੁਮਾਰ

ਇਹਨਾਂ ਦੀ ਪਤਨੀ ਸ੍ਰੀਮਤੀ ਸੰਤੋਸ਼ ਰਾਣੀ ਵੀ ਅਧਿਆਪਨ ਦੇ ਖੇਤਰ ਵਿੱਚ ਸੇਵਾ ਨਿਭਾ ਚੁੱਕੇ ਹਨ। ਇਹਨਾਂ ਦੇ ਦੋ ਬੱਚੇ ਇੱਕ ਬੇਟਾ ਤੇ ਇੱਕ ਬੇਟੀ ਮੈਡੀਕਲ ਦੀ ਪੜਾਈ ਕਰ ਕੇ ਬਤੌਰ ਸਰਕਾਰੀ ਡਾਕਟਰ ਸੇਵਾ ਨਿਭਾ ਰਹੇ ਹਨ। ਜਤਿੰਦਰ ਕੁਮਾਰ ਸਾਡੇ ਸਮਾਜ ਲਈ ਇੱਕ ਮਾਰਗ ਦਰਸ਼ਕ ਹੈ ਜਿਸਨੇ ਆਪਣੀ ਸਾਰੀ ਉਮਰ ਸਮਾਜ ਦੀ ਬੇਹਤਰ ਉਸਾਰੀ ਲਈ ਬੇਖ਼ੌਫ ਹੋ ਕੇ ਕੰਮ ਕੀਤਾ ।ਇਨ੍ਹਾਂ ਨੇ 39 ਸਾਲ ਦੀ ਬੇਦਾਗ ਸੇਵਾ ਤਕਰੀਬਨ ਪਾਤੜਾਂ ਦੇ ਆਲੇ ਦੁਆਲੇ ਦੇ ਸਕੂਲਾਂ ਵਿੱਚ ਹੀ ਨਿਭਾਈ ਹੈ।ਇਸੇ ਕਰਕੇ ਇਨ੍ਹਾਂ ਨੇ ਪਾਤੜਾਂ ਦੀ ਮਿੱਟੀ ਨਾਲ ਮੋਹ ਪਾ ਕੇ ਇਥੇ ਹੀ ਪੱਕਾ ਰੈਣ ਬਸੇਰਾ ਬਣਾ ਲਿਆ ਹੈ।

# 'ਬੱਚਿਆਂ ਦਾ ਨਿਰਮਾਣ ਬਾਣੀ ਨਾਲ ਨਹੀਂ, ਆਚਰਣ ਨਾਲ'

**(1) ਬੱਚਿਆਂ ਦਾ ਨਿਰਮਾਣ ਬਾਣੀ ਨਾਲ ਨਹੀਂ, ਆਚਰਨ ਨਾਲ ਕੀਤਾ ਜਾਵੇ:**

ਰਾਜਨੀਤਿਕ ਤੋਂ ਲੈ ਕੇ ਸਮਾਜਿਕ ਤੇ ਧਾਰਮਿਕ ਖੇਤਰ 'ਚ ਭਾਸ਼ਣ ਦੇਣ ਵਾਲਿਆਂ ਦੀ ਕੋਈ ਘਾਟ ਨਹੀਂ ਹੈ। ਜੂਆ, ਨਸ਼ਾ, ਸਿਨੇਮਾ, ਟੀ. ਵੀ., ਸਮੇਂ ਦੀ ਬੇਕਦਰੀ, ਆਲਸ, ਭੈੜੇ ਵਿਚਾਰਾਂ ਵਰਗੀਆਂ ਬੁਰਾਈਆਂ ਤੇ ਆਏ ਦਿਨ ਵਿਖਿਆਨ ਹੁੰਦੇ ਰਹਿੰਦੇ ਹਨ ਪਰ ਇਨ੍ਹਾਂ ਗੱਲਾਂ ਦਾ ਪ੍ਰਭਾਵ ਸੁਣਨ ਵਾਲੇ ਵਿਅਕਤੀਆਂ ਤੇ ਨਹੀਂ ਪੈਂਦਾ ਹੈ। ਇਨ੍ਹਾਂ ਬੁਰਾਈਆਂ ਨੂੰ ਛੁਡਾਉਣ ਲਈ ਜਾਂ ਇਨ੍ਹਾਂ ਦਾ ਤਿਆਗ ਕਰਨ ਲਈ, ਪ੍ਰਭਾਵ ਸਿਰਫ ਉੱਚ ਕੋਟੀ ਦੇ ਚਰਿੱਤਰਵਾਨ ਤੇ ਉੱਤਮ ਸੰਸਕਾਰਾਂ ਵਾਲੇ, ਮਹਾਨ ਵਿਅੱਕਤੀ ਹੀ ਪਾਉਣ ਵਿਚ ਸਫਲ ਹੁੰਦੇ ਹਨ ਕਿਉਂਕਿ ਉਹ ਆਪਣੀ ਬਾਣੀ ਨਾਲ ਨਹੀਂ ਸਗੋਂ ਆਪਣੇ ਉੱਚੇ-ਸੁੱਚੇ ਆਚਰਣ ਤੇ ਆਪਣੇ ਮਹਾਨ ਵਿਅਕਤਿਤਵ ਨਾਲ ਹੀ ਪ੍ਰਭਾਵਿਤ ਕਰਦੇ ਹਨ। ਇਹਨਾਂ ਦੇ ਪ੍ਰਭਾਵ ਨਾਲ ਦੁਰਾਚਾਰੀ, ਚਰਿੱਤਰਹੀਣ ਤੇ ਦੁਸ਼ਟ ਲੋਕ ਅਕਸਰ ਸੰਤ ਬਣਦੇ ਦੇਖੇ ਜਾ ਸਕਦੇ ਹਨ। ਕਿਸੇ ਭੈੜੇ ਤੋਂ ਭੈੜੇ ਇਨਸਾਨ ਦੀਆਂ ਗਤੀਵਿਧੀਆਂ ਵਿਚ ਪਰਿਵਰਤਨ ਕਰ ਦੇਣਾ ਇਹਨਾਂ ਦੁਆਰਾ ਹੀ ਸੰਭਵ ਹੁੰਦਾ ਹੈ।

ਬਾਣੀ ਦੀ ਚਤੁਰਤਾ ਦੀ ਕਲਾ ਹੁਣ ਜਨਤਾ ਦੁਆਰਾ ਪ੍ਰਚਾਰਿਤ ਕੀਤਾ ਜਾ ਰਿਹਾ ਹੈ। ਲੋਕ ਇਸ ਦੁਆਰਾ ਮਨੋਰੰਜਨ ਜਰੂਰ ਕਰ ਰਹੇ ਹੋਣਗੇ ਪ੍ਰੰਤੂ ਇਨ੍ਹਾਂ ਦੇ ਚਰਿੱਤਰ ਨੂੰ ਬਦਲਣਾ ਸੰਭਵ ਨਹੀਂ ਹੈ। ਇਹ ਸਚਾਈ ਜਿੰਨੀ ਸਮਾਜਿਕ ਖੇਤਰ ਵਿਚ ਲਾਗੂ ਹੁੰਦੀ ਹੈ, ਉਤਨੀ ਹੀ ਪਰਿਵਾਰਕ ਖੇਤਰ 'ਤੇ ਵੀ ਲਾਗੂ ਹੁੰਦੀ ਹੈ। ਅਗਰ ਅਸੀਂ ਸਭ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਾਡਾ ਕਹਿਣਾ ਮੰਨਣ, ਆਗਿਆਕਾਰੀ ਬਣਨ ਤੇ ਉਨ੍ਹਾਂ ਦਾ ਆਚਰਣ ਉੱਚਾ ਹੋਵੇ ਤਾਂ ਸਾਨੂੰ ਖੁਦ ਆਪਣੇ ਉੱਚੇ ਆਚਰਣ ਦੀ ਮਿਸਾਲ ਬਣਨਾ ਪਵੇਗਾ। ਬੱਚਿਆਂ ਨੂੰ ਸਮਝਾਉਣ-ਬੁਝਾਉਣ ਦਾ ਕੁਝ ਨਾ ਕੁਝ ਅਸਰ ਤਾਂ ਪੈਂਦਾ ਹੀ ਹੈ। ਪ੍ਰੰਤੂ ਉਨ੍ਹਾਂ ਦਾ ਸੁਭਾਅ, ਵਿਚਾਰ ਤੇ ਭਾਵਾਂ 'ਚ ਪਰਿਵਰਤਨ ਕਰਨਾ ਹੋਵੇ ਤਾਂ ਪਹਿਲਾਂ ਸਾਨੂੰ ਜ਼ਰੂਰ ਇਸ ਗੱਲ ਦਾ ਖਿਆਲ ਰੱਖਣਾ ਹੋਵੇਗਾ ਕਿ ਕੀ ਸਾਡਾ ਆਪਣਾ ਸੁਭਾਅ ਤੇ ਚਰਿੱਤਰ ਆਦਰਸ਼ਵਾਦੀ ਹੈ ਜਾਂ ਨਹੀਂ, ਅਗਰ ਨਹੀਂ ਹੈ ਤਾਂ ਸਾਨੂੰ ਇਸ ਵਿਚ ਪਰਿਵਰਤਨ ਲਿਆਉਣਾ ਪਵੇਗਾ। ਉੱਚੇ-ਸੁੱਚੇ ਆਚਰਣ ਦਾ ਪ੍ਰਭਾਵ ਹੀ ਪਰਿਵਾਰ 'ਤੇ ਅਸਰਦਾਰ ਤਰੀਕੇ ਨਾਲ ਪੈਂਦਾ ਹੈ। ਇਹ ਠੀਕ ਉਸੇ ਤਰ੍ਹਾਂ ਹੀ ਹੈ ਜਿਵੇਂ ਜਲਦਾ ਹੋਇਆ ਚਰਖਾ ਹੀ ਬੁਝੇ ਹੋਏ ਚਿਰਾਗ ਨੂੰ ਜਲਾਅ ਸਕਦਾ ਹੈ।

ਪਰਿਵਾਰ 'ਚ ਸੁੱਖ-ਸ਼ਾਂਤੀ ਤੇ ਵਧੀਆ ਹਾਲਾਤ ਤਾਂ ਹੀ ਰਹਿ ਸਕਦੇ ਹਨ ਜੇਕਰ ਪਰਿਵਾਰ 'ਚ ਸੱਜਣਤਾ, ਪਿਆਰ, ਸਦਾਚਾਰ ਆਦਿ ਵਰਗੀਆਂ ਆਦਤਾਂ ਦਾ ਪ੍ਰਚਲਨ ਹੋਵੇਗਾ। ਅੱਜਕਲ੍ਹ ਬੁਰਾਈਆਂ ਦਾ ਚਾਰੋ ਪਾਸੇ ਜੋ ਪ੍ਰਦੂਸ਼ਣ ਫੈਲਿਆ ਹੋਇਆ ਹੈ, ਉਸ ਨਾਲ ਲੋਕ ਜਲਦੀ ਪ੍ਰਭਾਵਿਤ ਹੁੰਦੇ ਹਨ। ਚੰਗਿਆਈਆਂ ਦੀ ਥਾਂ ਬੁਰਿਆਈਆਂ ਜਲਦੀ ਗ੍ਰਹਿਣ ਕੀਤੀਆਂ ਜਾ ਸਕਦੀਆਂ ਹਨ। ਪਰਿਵਾਰ ਦੇ ਵੱਡੀ ਉਮਰ ਦੇ ਬੰਦਿਆਂ ਤੇ ਬਾਹਰ ਦੇ ਬੰਦਿਆਂ ਤੋਂ ਬੱਚੇ ਪ੍ਰਭਾਵ ਜਲਦੀ ਗ੍ਰਹਿਣ ਕਰਦੇ ਹਨ। ਘਰ ਦੇ ਬੰਦਿਆਂ ਦੀਆਂ ਬੁਰੀਆਂ ਆਦਤਾਂ ਨੰਗੀਆਂ ਹੁੰਦੀਆਂ ਹਨ ਕਿਉਂਕਿ ਉਹ ਘਰ ਵਿਚ ਆਪਣੀਆਂ ਬੁਰੀਆਂ ਆਦਤਾਂ ਦਾ ਪ੍ਰਦਰਸ਼ਨ ਖੁੱਲ੍ਹ ਕੇ ਬੜੀ ਆਜ਼ਾਦੀ ਨਾਲ ਕਰਦਾ ਹੈ ਤੇ ਬਾਹਰ ਤਾਂ ਉਹ ਇਹਨਾਂ ਦਾ ਢੌਂਗ ਕਰਕੇ ਵੀ ਗੁਜ਼ਾਰਾ ਚਲਾ ਲੈਂਦਾ ਹੈ।

ਪਰਿਵਾਰ ਵਿਚ ਬੁਰੇ ਆਦਮੀ ਉਤਨਾ ਹੀ ਦੁੱਖ ਦਿੰਦੇ ਹਨ, ਜਿੰਨਾ ਕੋਈ ਘਾਤਕ ਰੋਗ ਕਸ਼ਟ ਦਿੰਦਾ ਹੈ। ਇਸਦਾ ਸੁਧਾਰ ਕਰਨਾ ਉਤਨਾ ਹੀ ਜ਼ਰੂਰੀ ਹੈ, ਜਿਤਨਾ ਕਿ ਬਿਮਾਰ ਆਦਮੀ, ਤੰਦਰੁਸਤ ਕਰਨਾ ਜ਼ਰੂਰੀ ਹੈ। ਇਸ ਦੇ ਮੁਕਾਬਲੇ ਵਿਚ ਘਰ ਦੇ ਬੰਦਿਆਂ ਵਿਚ ਗੁਸੀਆਂ ਬੁਰਾਈਆਂ ਘਰ ਦੇ ਪੂਰੇ ਵਾਤਾਵਰਣ ਨੂੰ ਅਸ਼ਾਂਤ ਤੇ ਨਰਕ ਬਣਾ ਦਿੰਦੀਆਂ ਹਨ। ਬੁਰਾਈਆਂ ਦਾ ਇਲਾਜ ਸਾਨੂੰ ਆਰੰਭਕ ਸਮੇਂ ਵਿਚ ਹੀ ਕਰਨਾ ਚਾਹੀਦਾ ਹੈ। ਅਗਰ ਅਸੀਂ ਜਿੰਨੀ ਦੇਰ ਕਰੀ ਜਾਵਾਂਗੇ, ਉਨੀਆਂ ਹੀ ਬੁਰਾਈਆਂ ਪੱਕਦੀਆਂ ਜਾਣਗੀਆਂ ਤੇ ਉਨ੍ਹਾਂ ਨੂੰ ਉਤਨਾ ਹੀ ਦੂਰ ਕਰਨਾ ਮੁਸ਼ਕਿਲ ਹੋਵੇਗਾ।

ਪਰਿਵਾਰ ਨੂੰ ਬੁਰਾਈਆਂ ਤੋਂ ਦੂਰ ਰੱਖਣ ਲਈ, ਚਾਹਵਾਨ ਲੋਕਾਂ ਨੂੰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸੁਧਾਰਨਾ ਹੋਵੇਗਾ ਕਿਉਂਕਿ ਵਾਸਤਵਿਕਤਾ ਇਹੀ ਹੈ ਕਿ ਮਾਤਾ-ਪਿਤਾ ਦੇ ਉਪਰ, ਬੱਚੇ ਨੂੰ ਜਨਮ ਦੇਣਾ ਹੀ ਜ਼ਿੰਮੇਵਾਰੀ ਨਹੀਂ ਬਣਦੀ ਹੈ, ਸਗੋਂ ਉਸ ਨੂੰ ਚੰਗੇ ਸੰਸਕਾਰਾਂ ਦੀ ਸਿੱਖਿਆ ਦੇਣ ਦੀ ਮਹੱਤਵਪੂਰਨ ਜ਼ਿੰਮੇਵਾਰੀ ਵੀ ਬਣਦੀ ਹੈ। ਬੱਚਿਆਂ ਦੀਆਂ ਆਦਤਾਂ ਨਾ ਠੀਕ ਹੋਣ ਦੀ ਸੂਰਤ ਵਿਚ, ਇਹ ਦੋਸ਼ ਵੀ ਮਾਤਾ-ਪਿਤਾ ਨੂੰ ਹੀ ਜਾਂਦਾ ਹੈ। ਬੱਚਿਆਂ ਨੂੰ ਲਾਡ-ਪਿਆਰ ਕਰਨ 'ਤੇ ਮਾਤਾ-ਪਿਤਾ ਖਰਚਾ ਕਰਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਬੱਚਾ ਇਸ ਖਰਚੇ ਗਏ ਪੈਸੇ ਦਾ ਮਹੱਤਵ ਨਹੀਂ ਸਮਝਦਾ, ਸਗੋਂ ਉਸਨੂੰ ਫ਼ਜ਼ੂਲ ਖਰਚੀ ਦੀ ਆਦਤ ਪੈ ਜਾਂਦੀ ਹੈ ਤੇ ਜਦ ਉਹ ਵੱਡਾ ਹੁੰਦਾ ਹੈ, ਇਹੀ ਫਜ਼ੂਲ-ਖਰਚੀ ਉਸ ਵਿਚ ਬੁਰਾਈਆਂ ਦਾ ਕਾਰਨ ਬਣਦੀ ਹੈ।

ਮਾਤਾ-ਪਿਤਾ ਵਿਚ ਜੋ ਆਪਸੀ ਖਿੱਚੋਤਾਣ ਚਲਦੀ ਰਹਿੰਦੀ ਹੈ, ਉਸ ਦਾ ਪ੍ਰਭਾਵ ਵੀ ਬੱਚੇ ਦੇ ਕੋਮਲ ਮਨ 'ਤੇ ਪੈਂਦਾ ਹੈ। ਉਹ ਵੀ ਇਹੀ ਸੁਭਾਅ ਗ੍ਰਹਿਣ ਕਰ ਲੈਂਦਾ ਹੈ, ਜਿਸ ਦਾ ਨਤੀਜਾ ਅੱਗੇ ਚੱਲ ਕੇ ਇਹ ਨਿਕਲਦਾ ਹੈ ਕਿ ਉਸ ਬੱਚੇ ਦਾ ਆਪਣਾ ਪਰਿਵਾਰਕ ਜੀਵਨ ਵੀ ਉਸੇ ਤਰ੍ਹਾਂ ਹੀ ਬਣ ਜਾਂਦਾ ਹੈ। ਜਿਹਨਾਂ ਮਾਪਿਆਂ ਵਿਚ ਆਪਣੇ ਵੱਡਿਆਂ ਪ੍ਰਤੀ ਸਤਿਕਾਰ ਤੇ ਪਿਆਰ ਦੀ ਭਾਵਨਾ ਹੋਵੇਗੀ, ਉਹਨਾਂ ਦੇ ਬੱਚੇ ਵੀ ਆਪਣੇ ਮਾਤਾ-ਪਿਤਾ ਲਈ ਸਤਿਕਾਰ ਤੇ ਪਿਆਰ ਦੀ ਭਾਵਨਾ ਹਮੇਸ਼ਾ ਕਾਇਮ ਰੱਖਣਗੇ।

ਮਾਤਾ-ਪਿਤਾ ਦੇ ਸਹਿਯੋਗ ਨਾਲ ਬੱਚੇ ਦਾ ਸਿਰਫ ਸਰੀਰ ਹੀ ਨਹੀਂ ਬਣਦਾ, ਸਗੋਂ ਆਪਣੇ ਮਾਤਾ-ਪਿਤਾ ਤੋਂ ਹਾਸਲ ਕੀਤੀ ਮਾਨਸਿਕਤਾ ਦਾ ਵੀ ਉਨ੍ਹਾਂ 'ਤੇ ਪ੍ਰਭਾਵ ਪੈਂਦਾ ਹੈ। ਜਿਹਨਾਂ ਮਾਤਾ-ਪਿਤਾ ਦੀ ਮਾਨਸਿਕਤਾ ਗੰਦੀ ਹੋਵੇਗੀ ਤੇ ਬੁਰਾਈਆਂ ਨਾਲ ਭਰੀ ਹੋਵੇਗੀ, ਇਹੀ ਸੰਸਕਾਰ ਬੱਚੇ ਵਿਚ ਪ੍ਰਵੇਸ਼ ਕਰ ਜਾਣਗੇ। ਚੰਗੇ ਸੰਸਕਾਰਾਂ ਵਾਲੀ ਸੰਤਾਨ, ਇਕ ਚੰਗੇ ਸੰਸਕਾਰਾਂ ਨਾਲ ਭਰੇ ਮਾਤਾ-ਪਿਤਾ ਹੀ ਪੈਦਾ ਕਰ ਸਕਦੇ ਹਨ। ਇਸ ਲਈ ਮਾਤਾ-ਪਿਤਾ ਨੂੰ ਪਹਿਲਾਂ ਆਪ ਚੰਗੇ ਸੰਸਕਾਰੀ ਬਣਨਾ ਪਵੇਗਾ। ਭੈੜੇ ਸੰਸਕਾਰਾਂ ਵਾਲੇ ਬੱਚੇ ਤਾਂ ਹਮੇਸ਼ਾ ਪੈਦਾ ਹੁੰਦੇ ਰਹਿੰਦੇ ਹਨ ਤੇ ਸਮਾਜ ਲਈ ਇਕ ਬੋਝ ਬਣੇ ਰਹਿੰਦੇ ਹਨ। ਜੇਕਰ ਸੰਸਕਾਰੀ ਬੱਚਿਆਂ ਦੀ ਮਾਤਾ-ਪਿਤਾ ਕਾਮਨਾ ਰੱਖਦੇ ਹਨ ਤਾਂ ਇਸ ਲਈ ਮਿਹਨਤ ਕਰਨੀ ਹੀ ਪਵੇਗੀ। ਅਗਰ ਇਹ ਮਿਹਨਤ ਨਹੀਂ ਕਰ ਸਕਦੇ ਤਾਂ ਸਾਨੂੰ, ਉਨ੍ਹਾਂ ਦੀ ਕਰਨੀ ਦਾ ਫਲ 'ਤੇ ਛੱਡ ਕੇ ਤਸੱਲੀ ਕਰਨੀ ਚਾਹੀਦੀ ਹੈ।

ਇਕ ਸੰਤ ਦੇ ਕੋਲ ਇਕ ਔਰਤ ਇਹ ਮੰਨ ਕੇ ਪਹੁੰਚੀ ਕਿ ਉਨ੍ਹਾਂ ਦੀਆਂ ਗੱਲਾਂ ਦਾ ਪ੍ਰਭਾਵ ਬੜੀ ਜਲਦੀ ਪੈਂਦਾ ਹੈ ਤੇ ਬੰਦਾ ਆਪਣੇ ਔਗੁਣਾਂ ਨੂੰ ਤਿਆਗ ਦਿੰਦਾ ਹੈ। ਉਸ ਔਰਤ ਦਾ ਬੱਚਾ ਮਿੱਠਾ ਬਹੁਤ ਖਾਂਦਾ ਸੀ। ਜਿਸ ਦੇ ਖਾਣ ਨਾਲ ਉਸ ਬੱਚੇ ਦੀ ਸਿਹਤ ਬਹੁਤ ਗਿਰਦੀ ਜਾਂਦੀ ਸੀ। ਡਾਕਟਰਾਂ ਤੇ ਹੋਰ ਕਈ ਸਿਆਣਿਆਂ ਦੇ ਸਮਝਾਉਣ 'ਤੇ ਕਿਸੇ ਦੇ ਸਮਝਾਉਣ ਦਾ ਕੋਈ ਅਸਰ ਨਹੀਂ ਹੋਇਆ। ਸੰਤ ਨੇ ਪੰਦਰਾਂ ਦਿਨਾਂ ਦਾ ਸਮਾਂ ਮੰਗਿਆ ਤੇ ਉਸ ਤੋਂ ਬਾਅਦ ਆਉਣ ਲਈ ਕਿਹਾ।



ਉਹ ਔਰਤ ਪੰਦਰਾਂ ਦਿਨ ਖਤਮ ਹੋਣ ਤੋਂ ਬਾਅਦ ਆਪਣੇ ਬੱਚੇ ਨੂੰ ਦੁਬਾਰਾ ਲੈ ਕੇ ਸੰਤ ਜੀ ਪਾਸ ਪਹੁੰਚੀ। ਸੰਤ ਨੇ ਬੱਚੇ ਨੂੰ ਮਿੱਠਾ ਨਾ ਖਾਣ ਦਾ ਉਪਦੇਸ਼ ਦਿੱਤਾ। ਨਤੀਜਾ ਇਹ ਹੋਇਆ ਕਿ ਬੱਚੇ ਨੇ ਮਿੱਠਾ ਖਾਣਾ ਉਸ ਦਿਨ ਤੋਂ ਹੀ ਛੱਡ ਦਿੱਤਾ। ਸੰਤ ਦੇ ਕੋਲ ਰਹਿਣ ਵਾਲੇ ਲੋਕਾਂ ਨੇ ਇਸ ਦਾ ਰਹੱਸ ਪੁੱਛਿਆ ਕਿ ਇੰਨੀ ਛੋਟੀ ਗੱਲ ਤੁਸੀਂ ਉਸ ਨੂੰ ਪੰਦਰਾਂ ਦਿਨ ਪਹਿਲਾਂ ਵੀ ਕਹਿ ਸਕਦੇ ਸੀ। ਇਤਨੇ ਦਿਨ ਲਾਉਣ ਦਾ ਕੀ ਕਾਰਨ ਸੀ? ਸੰਤ ਨੇ ਦੱਸਿਆ ਕਿ ਉਨ੍ਹਾਂ ਦਿਨਾਂ ਵਿਚ ਉਹ ਆਪ ਬੜਾ ਮਿੱਠਾ ਖਾਂਦਾ ਸੀ ਤੇ ਜੇਕਰ ਉਸ ਦਿਨ ਉਸ ਨੂੰ ਇਹ ਆਖ ਦਿੰਦਾ ਤਾਂ ਉਸ ਬੱਚੇ 'ਤੇ ਇਸ ਗੱਲ ਦਾ ਕੋਈ ਪ੍ਰਭਾਵ ਨਹੀਂ ਹੋਣਾ ਸੀ। ਇਹਨਾਂ ਪੰਦਰਾਂ ਦਿਨਾਂ 'ਚ ਉਨ੍ਹਾਂ ਨੇ ਖੁਦ ਮਿੱਠਾ ਨਾ ਖਾਣ ਦਾ ਅਭਿਆਸ ਕੀਤਾ, ਜਿਸ ਦਾ ਇਹ ਅਸਰ ਸੰਭਵ ਹੋ ਸਕਿਆ ਤੇ ਉਹ ਬੱਚੇ ਨੂੰ ਮਿੱਠਾ ਛੱਡਣ ਦਾ ਉਪਦੇਸ਼ ਦੇ ਸਕਿਆ।

ਹਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਸਰਵਣ ਤੇ ਗੁਰੂ ਨਾਨਕ ਦੇਵ ਜੀ ਆਦਿ ਵਾਂਗ ਦੇਖਣਾ ਚਾਹੁੰਦੇ ਹਨ ਪ੍ਰੰਤੂ ਇਹ ਨਹੀਂ ਸੋਚਦੇ ਕਿ ਦਸ਼ਰਥ, ਵਾਸਦੇਵ ਵਾਂਗ ਇਸ ਇੱਛਾ ਦੀ ਪੂਰਤੀ ਲਈ ਇਸ ਦਾ ਮੁੱਲ ਚੁਕਾਉਣਾ ਪੈਂਦਾ ਹੈ। ਗੁਣ, ਕਰਮ, ਸੁਭਾਅ ਦੀ ਦ੍ਰਿਸ਼ਟੀ ਤੋਂ ਆਪਣੇ ਆਪ ਨੂੰ ਇਸ ਯੋਗ ਬਣਾਓ ਕਿ ਤੁਹਾਡੇ ਬੱਚੇ ਵੀ ਸਰਵ-ਉਤਮ ਤੇ ਉੱਚੇ ਆਚਰਣ ਦੇ ਮਾਲਕ ਬਣਨ। ਬਾਣੀ ਜਾਂ ਭਾਸ਼ਣ ਦੀ ਥਾਂ, ਆਪਣੇ ਉੱਚੇ ਤੇ ਸੁੱਚੇ ਆਚਰਣ ਨੂੰ ਬੱਚਿਆਂ ਦੇ ਸਾਹਮਣੇ ਪੇਸ਼ ਕਰਕੇ ਹੀ ਬੱਚਿਆਂ ਦਾ ਸੁਧਾਰ ਅਸੀਂ ਆਸਾਨੀ ਨਾਲ ਕਰ ਸਕਦੇ ਹਾਂ।

**(2) ਆਉਣ ਵਾਲੀ ਪੀੜ੍ਹੀ ਦਾ ਨਿਰਮਾਣ ਇਸ ਤਰ੍ਹਾਂ ਕਰੋ:-**

ਸਮਾਜ ਨੂੰ ਸੁਰੱਖਿਅਤ ਬਣਾਉਣ ਲਈ ਵਰਤਮਾਨ ਪੀੜ੍ਹੀ ਨੂੰ ਆਪਣੇ ਤੋਂ ਬਾਅਦ ਤੁਰੰਤ ਆਉਣ ਵਾਲੀ ਪੀੜ੍ਹੀ ਨੂੰ ਇਕ ਸੁਨਿਸ਼ਚਿਤ ਚੇਤਨਾ ਨਾਲ ਅੱਗੇ ਵਧਾਉਣਾ ਚਾਹੀਦਾ ਹੈ, ਅਰਥਾਤ ਆਪਣੇ ਬੱਚਿਆਂ ਦਾ ਨਿਰਮਾਣ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਉਹ ਆਪਣੇ-ਆਪ ਨੂੰ ਸਮਾਜ ਦਾ ਇਕ ਮਹੱਤਵਪੂਰਨ ਅੰਗ ਸਮਝਣ। ਉਹ ਜੋ ਕੁਝ ਵੀ ਸੋਚਣ ਉਹ ਸਮਾਜਿਕ ਦ੍ਰਿਸ਼ਟੀਕੋਣ ਤੋਂ ਅਤੇ ਜੋ ਕੁਝ ਵੀ ਕਰਨ, ਸਮਾਜ ਨੂੰ ਧਿਆਨ ਵਿਚ ਰੱਖਦਿਆਂ ਹੀ ਕਰਨ।

ਸਮਾਜ ਵਿਚ ਬੁਰਾਈਆਂ ਦਾ ਜਨਮ ਹੀ ਉਦੋਂ ਹੁੰਦਾ ਹੈ ਜਦੋਂ ਅਸੀਂ ਸਮਾਜਿਕ ਪ੍ਰਾਣੀਆਂ ਵਿਚ ਸਮਾਜਿਕ ਭਾਵਨਾ ਘੱਟ ਜਾਂਦੀ ਹੈ। ਹਰ ਵਿਅਕਤੀ ਬੜੇ ਨਕਾਰਾਤਮਿਕ ਰੂਪ ਨਾਲ, ਮਨਮਾਨੇ ਢੰਗ ਨਾਲ ਦੂਸਰਿਆਂ ਨਾਲ ਵਿਵਹਾਰ ਕਰਨ ਲੱਗ ਜਾਂਦਾ ਹੈ। ਉਸ ਨੂੰ ਆਪਣੇ ਵਰਤਾਓ ਨਾਲ ਦੂਸਰਿਆਂ ਨੂੰ ਹੋਣ ਵਾਲੇ ਨੁਕਸਾਨ ਦਾ ਪਤਾ ਹੀ ਨਹੀਂ ਲੱਗਦਾ। ਇਸ ਤਰ੍ਹਾਂ ਉਸ ਨੂੰ ਪੈਰ-ਪੈਰ ਤੇ ਨੁਕਸਾਨ ਹੋਣ ਲੱਗਦਾ ਹੈ ਤੇ ਇਸ 'ਚੋਂ ਨਿਕਲਣ ਲਈ ਉਸ ਨੂੰ ਬੜਾ ਸੰਘਰਸ਼ ਕਰਨਾ ਪੈਂਦਾ ਹੈ। ਇਸ ਤਰ੍ਹਾਂ ਉਸ ਦੀ ਆਦਤ ਹੀ ਬਣ ਜਾਂਦੀ ਹੈ। ਇਸ ਨਾਲ ਉਸ ਦੀ ਜ਼ਿੰਦਗੀ ਸੁਖਮਈ ਬਣਨ ਦੀ ਬਜਾਏ ਦੁੱਖਦਾਈ ਬਣ ਜਾਂਦੀ ਹੈ।

ਅੱਜ ਸਾਡਾ ਸਮਾਜ ਦਿਨ-ਪ੍ਰਤੀ-ਦਿਨ ਦੁੱਖਮਈ ਬਣਦਾ ਜਾ ਰਿਹਾ ਹੈ। ਉਨਤੀ ਤੇ ਪ੍ਰਗਤੀ ਦੇ ਸਾਰੇ ਮਾਰਗ ਰੁਕਾਵਟਾਂ ਭਰੇ ਨਜ਼ਰ ਆਉਂਦੇ ਹਨ। ਇਸ ਦੇ ਸਾਰੇ ਆਦਰਸ਼, ਸਾਰੀ ਸੰਸਕ੍ਰਿਤੀ ਅਤੇ ਸਾਰੇ ਸਾਧਨ ਮੌਜੂਦ ਹੋਣ ਦੇ ਬਾਵਜੂਦ, ਫਿਰ ਵੀ ਦਿਨ-ਪ੍ਰਤੀ ਦਿਨ ਗਿਰਦਾ ਚਲਾ ਜਾ ਰਿਹਾ ਹੈ? ਇਸ ਦਾ ਇਕੋ ਕਾਰਨ ਹੈ ਕਿ ਮਾਨਵ ਵਿਚ ਸਮਾਜਿਕ ਭਾਵਨਾ ਦਾ ਘੱਟ ਹੋ ਜਾਣਾ ਹੈ। ਆਪਣੇ ਸਮਾਜ ਨੂੰ ਪ੍ਰਗਤੀਸ਼ੀਲ ਬਣਾਉਣ ਲਈ ਆਉਣ ਵਾਲੀ ਪੀੜ੍ਹੀ ਭਾਵ ਆਪਣੀ ਸੰਤਾਨ ਦਾ ਨਵਾਂ ਨਿਰਮਾਣ ਕਰਨਾ ਬਹੁਤ ਜ਼ਰੂਰੀ ਹੈ।

ਵੱਡੀ ਉਮਰ ਦੇ ਇਨਸਾਨਾਂ ਨਾਲੋਂ ਬੱਚਿਆਂ ਦਾ ਨਿਰਮਾਣ ਕਰਨਾ ਜ਼ਿਆਦਾ ਸਰਲ ਹੁੰਦਾ ਹੈ। ਬੱਚਿਆਂ ਦਾ ਮਾਨਸਿਕ ਧਰਾਤਲ ਇੰਨਾ ਕੋਮਲ ਅਤੇ ਸ਼ੁੱਧ ਹੁੰਦਾ ਹੈ, ਉਸ ਵਿਚ ਬੀਜਿਆ ਗਿਆ ਬੀਜ, ਬੜੇ ਚੰਗੇ ਤਰੀਕੇ ਨਾਲ ਫਲ-ਫੁੱਲ ਸਕਦਾ ਹੈ। ਇਸ ਲਈ ਸਮਾਜਿਕ ਕਲਿਆਣ ਲਈ ਬੱਚਿਆਂ ਦਾ ਨਿਰਮਾਣ ਇਕ ਨਿਸ਼ਚਿਤ ਰੂਪ ਵਿਚ ਕਰਨ ਦੀ ਜ਼ਰੂਰਤ ਹੈ। ਬੱਚਿਆਂ ਦਾ ਸਥਾਨ ਤੇ ਪ੍ਰਭਾਵਸ਼ਾਲੀ ਨਿਰਮਾਣ ਘਰ 'ਚ ਹੀ ਆਪਣੇ ਵੱਡਿਆਂ ਦੁਆਰਾ ਕੀਤਾ ਜਾ ਸਕਦਾ ਹੈ।

ਬੱਚਿਆਂ ਨੂੰ ਆਰੰਭ ਤੋਂ ਹੀ ਇਕ ਅਜਿਹੇ ਵਾਤਾਵਰਣ ਵਿਚ ਰੱਖਣਾ ਚਾਹੀਦਾ ਹੈ, ਜਿਸ ਨਾਲ ਉਸ ਵਿਚ ਉਦਾਰਵਾਦੀ ਭਾਵਨਾਵਾਂ ਦਾ ਵਿਕਾਸ ਹੋਵੇ। ਉਨ੍ਹਾਂ ਨੂੰ ਭੈਣਾਂ-ਭਰਾਵਾਂ ਤੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਪਿਆਰ ਕਰਨਾ ਸਿਖਾਇਆ ਜਾਵੇ। ਜਿਹਨਾਂ ਘਰਾਂ ਵਿਚ ਇਕ ਤੋਂ ਜ਼ਿਆਦਾ ਬੱਚੇ ਹੁੰਦੇ ਹਨ, ਇਹ ਦੇਖਿਆ ਗਿਆ ਹੈ ਕਿ ਕਈ ਵਾਰੀ ਇਕ ਬੱਚਾ ਮਾਤਾ-ਪਿਤਾ ਨੂੰ ਜ਼ਿਆਦਾ ਪਿਆਰਾ ਹੁੰਦਾ ਹੈ। ਉਸ ਨੂੰ ਦੂਜਿਆਂ ਬੱਚਿਆਂ ਨਾਲੋਂ ਜ਼ਿਆਦਾ ਪਿਆਰ ਤੇ ਮਹੱਤਤਾ ਦਿੱਤੀ ਜਾਂਦੀ ਹੈ। ਇਹ ਵਿਵਹਾਰ ਠੀਕ ਨਹੀਂ ਹੈ। ਇਸ ਨਾਲ ਦੂਸਰੇ ਬੱਚਿਆਂ ਵਿਚ ਅਸਮਾਨਤਾ ਦੀ ਭਾਵਨਾ ਪੈਦਾ ਹੁੰਦੀ ਹੈ ਤੇ ਇਸ ਤਰ੍ਹਾਂ ਬੱਚਾ ਇਕ-ਦੂਸਰੇ ਨਾਲ ਅਸਮਾਨਤਾ ਦਾ ਵਿਵਹਾਰ ਕਰਨਾ ਸਿੱਖ ਜਾਂਦਾ ਹੈ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਬੱਚਿਆਂ ਦੀ ਸ਼ਿਕਾਇਤ ਸੁਣਦੇ ਸਮੇਂ ਮਾਤਾ-ਪਿਤਾ ਐਵੇਂ ਹੀ ਇਕ ਬੱਚੇ ਦਾ ਪੱਖਪਾਤ ਕਰਨ ਲੱਗ ਜਾਂਦੇ ਹਨ। ਇਸ ਨਾਲ ਇਕ ਬੱਚਾ ਢੀਠ ਤੇ ਦੂਸਰਾ ਬੱਚਾ ਕਾਇਰ ਬਣ ਜਾਂਦਾ ਹੈ। ਜਦੋਂ ਮਾਤਾ-ਪਿਤਾ ਇਸ ਤਰ੍ਹਾਂ ਪੱਖਪਾਤ ਕਈ-ਕਈ ਵਾਰ ਕਰਦੇ ਹਨ ਤਾਂ ਦੂਸਰੇ ਬੱਚੇ ਵਿਚ ਨਿਆਂ ਨਾ ਮਿਲਣ ਕਾਰਨ ਅਵਿਸ਼ਵਾਸ ਤੇ ਆਪਣੇ ਵਿਚ ਹੀਣਤਾ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਪਰ ਇੱਥੇ ਮਾਤਾ-ਪਿਤਾ ਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਉਹ ਸਭ ਬੱਚਿਆਂ ਨਾਲ ਇਕੋ ਜਿਹਾ ਵਿਵਹਾਰ ਕਰਨ, ਜਿਸ ਨਾਲ ਬੱਚਿਆਂ ਵਿਚ ਪਿਆਰ, ਸੱਚਾਈ, ਨਿਆਂ, ਦ੍ਰਿੜ੍ਹਤਾ ਤੇ ਪ੍ਰਸਪਰਤਾ ਦੀ ਭਾਵਨਾ ਪੈਦਾ ਹੋਵੇ।



ਪ੍ਰੋ: ਐਚ.ਐਲ.ਕਪੂਰ
001- 916- 587-4002

ਬੱਚਿਆਂ ਕੋਲੋਂ ਹੌਲੀ-ਹੌਲੀ ਅਜਿਹੇ ਕੰਮ ਲੈਣੇ ਚਾਹੀਦੇ ਹਨ ਤੇ ਉਹਨਾਂ 'ਤੇ ਜ਼ਿੰਮੇਵਾਰੀ ਵੀ ਪਾਉਣੀ ਚਾਹੀਦੀ ਹੈ, ਜਿਹਨਾਂ ਨੂੰ ਉਹ ਕਰਦੇ ਸਮੇਂ ਇਹ ਮਹਿਸੂਸ ਕਰਨ ਕਿ ਜੇਕਰ ਇਹ ਕੰਮ ਗਲਤ ਵੀ ਹੋ ਗਿਆ ਤਾਂ ਮਾਤਾ-ਪਿਤਾ ਇਹ ਸਮਝਣ ਕਿ ਉਨ੍ਹਾਂ ਨੇ ਜਾਣ-ਬੁੱਝ ਕੇ ਇਸ ਤਰ੍ਹਾਂ ਨਹੀਂ ਕੀਤਾ ਸਗੋਂ ਸਹਿਵਨ ਇਸ ਤਰ੍ਹਾਂ ਹੋਇਆ ਹੈ ਤੇ ਅੱਗੋਂ ਉਹ ਅਜਿਹੀ ਗਲਤੀ ਨਹੀਂ ਕਰਨਗੇ। ਅਜਿਹੇ ਕੰਮਾਂ ਵਿਚ ਘਰ ਦਾ ਹਿਸਾਬ-ਕਿਤਾਬ ਰੱਖਣਾ ਵੀ ਇਕ ਅਜਿਹਾ ਕੰਮ ਹੋ ਸਕਦਾ ਹੈ। ਘਰ ਵਿਚ ਆਏ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਭੋਜਨ ਖੁਆਉਣ ਵੇਲੇ, ਬੱਚਿਆਂ ਨੂੰ ਉਹਨਾਂ ਨੂੰ ਭੋਜਨ ਪਰੋਸਣ ਦੀ ਜ਼ਿੰਮੇਵਾਰੀ ਦੇ ਕੇ ਮਾਤਾ-ਪਿਤਾ ਦੀ ਮਦਦ ਕਰਨ ਲਈ ਆਖਿਆ ਜਾ ਸਕਦਾ ਹੈ।

ਬੱਚਿਆਂ ਨੂੰ ਰਹਿਣ-ਸਹਿਣ, ਕੱਪੜੇ ਪਹਿਨਣ ਤੇ ਉੱਠਣ-ਬੈਠਣ ਦਾ ਸਲੀਕਾ ਸਿਖਾਉਣਾ ਚਾਹੀਦਾ ਹੈ। ਇਸ ਨਾਲ ਬੱਚਿਆਂ ਵਿਚ ਉਥਲ-ਪੁਥਲ ਤੇ ਲਾਪਰਵਾਹੀ ਕਰਨ ਦੀ ਆਦਤ ਨਹੀਂ ਪਵੇਗੀ। ਸ਼ਿਸ਼ਟਾਚਾਰ ਤੇ ਮਿਲਣਸਾਰਤਾ ਸਿਖਾਉਣ ਲਈ ਸਾਨੂੰ ਆਪਣੇ ਬੱਚਿਆਂ ਨੂੰ ਆਪਣੇ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਦੇ ਜਾਣ ਸਮੇਂ ਆਪਣੇ ਨਾਲ ਲਿਜਾਣਾ ਚਾਹੀਦਾ ਹੈ। ਇਸ ਨਾਲ ਬੱਚਿਆਂ ਵਿਚ ਇਕ-ਦੂਸਰੇ ਨੂੰ ਜਾਨਣ ਦੀ ਜਗਿਆਸਾ ਪੈਦਾ ਹੋਵੇਗੀ ਤੇ ਬੱਚਿਆਂ ਦੀ ਆਪਣੀ ਜਾਣ-ਪਛਾਣ ਦਾ ਘੇਰਾ ਤੇ ਜਗਿਆਸਾ ਵਧੇਗੀ। ਇਸ ਦੇ ਨਾਲ ਹੀ ਬੱਚਿਆਂ ਨੂੰ ਘਰੋਂ ਬਾਹਰ ਲੋਕਾਂ ਨਾਲ ਕਿਸ ਤਰ੍ਹਾਂ ਵਿਵਹਾਰ ਕਰਨਾ ਹੈ, ਦੀ ਜਾਣਕਾਰੀ ਵੀ ਦੇਣੀ ਚਾਹੀਦੀ ਹੈ। ਉਹ ਆਪਣੇ ਸਾਥੀਆਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ? ਘਰੋਂ ਬਾਹਰ ਆਪਣੇ ਤੋਂ ਵੱਡਿਆਂ ਨਾਲ ਬੱਚਾ ਕਿਸ ਤਰ੍ਹਾਂ ਪੇਸ਼ ਆਉਂਦਾ ਹੈ। ਬੱਚਾ ਘਰੋਂ ਬਾਹਰ ਕਿਹੜੀਆਂ-ਕਿਹੜੀਆਂ ਗੱਲਾਂ ਤੋਂ ਦਬਾਅ ਵਿਚ ਰਹਿੰਦਾ ਹੈ ਤੇ ਕਿਹਨਾਂ-ਕਿਹਨਾਂ ਗੱਲਾਂ ਦਾ ਦੂਸਰਿਆਂ 'ਤੇ ਦਬਾਅ ਬਣਾ ਕੇ ਰੱਖਦਾ ਹੈ? ਜਦੋਂ ਸਾਨੂੰ ਬੱਚੇ ਦੀਆਂ ਇਨ੍ਹਾਂ ਚੀਜ਼ਾਂ ਦਾ ਇਲਮ ਹੋ ਜਾਵੇ ਤਾਂ ਸਾਨੂੰ ਫੌਰਨ ਹਰਕਤ ਵਿਚ ਆਉਂਦਿਆਂ ਇਹਨਾਂ ਗੱਲਾਂ ਦਾ ਸੁਧਾਰ ਕਰਨਾ ਚਾਹੀਦਾ ਹੈ। ਬੱਚੇ ਵਿਚ ਬਾਹਰੀ ਤੇ ਅੰਦਰੂਨੀ ਵਿਵਹਾਰ ਵਿਚ ਸਾਨੂੰ ਸੰਤੁਲਨ ਪੈਦਾ ਕਰਨਾ ਚਾਹੀਦਾ ਹੈ। ਬੱਚੇ ਵਿਚ ਸਮਾਜਿਕਤਾ ਅਤੇ ਪ੍ਰਸਪਰਿਕ ਸਨੇਹ ਭਾਵਨਾ ਪੈਦਾ ਕਰਨ ਲਈ ਕਦੀ-ਕਦੀ ਕਿਸੇ ਦਿਨ ਤਿਉਹਾਰ 'ਤੇ ਉਸ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਆਪਣੇ ਮਿੱਤਰਾਂ ਤੇ ਸਾਥੀਆਂ ਨੂੰ ਚਾਹ-ਪਾਣੀ ਜਾਂ ਭੋਜਨ ਕਰਨ ਲਈ ਘਰ ਬੁਲਾਵੇ। ਇਸ ਤਰ੍ਹਾਂ ਕਰਨ ਨਾਲ ਬੱਚੇ ਵਿਚ ਪਿਆਰ, ਸਨੇਹ ਤੇ ਆਤਮ-ਵਿਸ਼ਵਾਸ ਦੀ ਭਾਵਨਾ ਵਧੇਗੀ ਤੇ ਨਾਲ ਹੀ ਆਪਣੇ ਦੋਸਤਾਂ-ਮਿੱਤਰਾਂ ਨੂੰ ਪਹਿਚਾਨਣ ਦਾ ਅਵਸਰ ਮਿਲੇਗਾ। ਜ਼ਿਆਦਾਤਰ ਮਾਤਾ-ਪਿਤਾ ਬੱਚੇ 'ਤੇ ਚਾਰੋਂ ਤਰਫ ਘੇਰਾ ਬਣਾਈ ਰੱਖਦੇ ਹਨ, ਜਿਸ ਨਾਲ ਬੱਚੇ ਦਾ ਵਿਅਕਤਿਤਵ ਦੱਬ ਕੇ ਰਹਿ ਜਾਂਦਾ ਹੈ। ਮਾਤਾ-ਪਿਤਾ ਨੂੰ ਉਸ ਦੀ ਅੱਛੀ-ਬੁਰੀ ਸੰਗਤ ਤੇ ਨਜ਼ਰ ਰੱਖਦਿਆਂ ਹੋਇਆਂ ਉਸ ਨੂੰ ਆਪਣੇ ਆਪ ਸਮਾਜ 'ਚ ਘੁਲਣ-ਮਿਲਣ, ਇਕ ਦੂਸਰੇ ਨੂੰ ਜਾਨਣ ਤੇ ਸਮਝਣ 'ਚ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਬਣਨਾ ਚਾਹੀਦਾ। ਕੁਝ ਅਜਿਹੀਆਂ ਜ਼ਰੂਰੀ ਗੱਲਾਂ ਵੀ ਹਨ, ਜਿਹੜੀਆਂ ਦੂਸਰਿਆਂ ਦੇ ਬੱਚਿਆਂ ਨਾਲ ਆਪਣੇ ਵਿਵਹਾਰ ਵਿਚ ਲਿਆਉਣੀਆਂ ਚਾਹੀਦੀਆਂ ਹਨ। ਉਨ੍ਹਾਂ 'ਚੋਂ ਸਭ ਤੋਂ ਪਹਿਲੀ ਤੇ ਮਹੱਤਵਪੂਰਨ ਗੱਲ ਇਹ ਹੈ ਕਿ ਹਰ ਬੱਚੇ ਨੂੰ ਬਿਲਕੁਲ ਆਪਣੇ ਬੱਚੇ ਦੇ ਬਰਾਬਰ ਸਮਝਣਾ ਅਤੇ ਉਸ ਨਾਲ ਪਿਆਰ ਕਰਨਾ ਚਾਹੀਦਾ ਹੈ। ਕੋਈ ਵੀ ਬੱਚਾ ਕਿਸੇ ਵੀ ਮਾਤਾ-ਪਿਤਾ ਦੇ ਸਾਹਮਣੇ ਆ ਕੇ ਇਹ ਮਹਿਸੂਸ ਨਾ ਕਰੇ ਕਿ ਉਹ ਕਿਸੇ ਗੈਰ ਦੇ ਸਾਹਮਣੇ ਖੜ੍ਹਾ ਹੈ। ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਮਾਤਾ-ਪਿਤਾ ਜਾਂ ਆਪਣੇ ਕਿਸੇ ਸਕੇ-ਸਬੰਧੀ ਦੇ ਸਾਹਮਣੇ ਖੜ੍ਹਾ ਹੈ। ਕਿਸੇ ਵੀ ਬੱਚੇ ਦੀ ਕੋਈ ਗਲਤੀ ਜਾਂ ਉਸ ਨੂੰ ਬੁਰਾ ਕੰਮ ਕਰਦੇ ਦੇਖੋ ਤਾਂ ਉਸ ਨੂੰ ਠੀਕ ਉਸੇ ਤਰ੍ਹਾਂ ਹੀ ਸੁਧਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਅਸੀਂ ਆਪਣੇ ਬੱਚੇ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦੇ ਹਾਂ। ਜ਼ਿਆਦਾਤਰ ਇਹ ਦੇਖਣ ਵਿਚ ਆਉਂਦਾ ਹੈ ਕਿ ਆਪਸ ਵਿਚ ਦੋ ਮਿੱਤਰ, ਇਕ-ਦੂਜੇ ਦੇ ਮਾਤਾ-ਪਿਤਾ ਤੋਂ ਜਾਂ ਤਾਂ ਬਹੁਤ ਡਰਦੇ ਹਨ ਜਾਂ ਸ਼ਰਮਾਉਂਦੇ ਹਨ। ਜਦੋਂ ਦੋ ਮਿੱਤਰ ਆਪਸ ਵਿਚ ਬੈਠੇ ਹੋਣ ਤਾਂ ਕਿਸੇ ਬੱਚੇ ਦੇ ਮਾਤਾ-ਪਿਤਾ ਆ ਜਾਣ ਤਾਂ ਉਹ ਦੋਵੇਂ ਇਕਦਮ ਘਬਰਾ ਜਾਂਦੇ ਹਨ। ਇਕ-ਦੂਜੇ ਦੇ ਘਰਾਂ ਵਿਚ ਬੈਠੇ ਹੋਣ ਤਾਂ ਮਾਤਾ-ਪਿਤਾ ਦੇ ਘਰ ਆਉਣ ਦੇ ਸਮੇਂ ਹੋਣ 'ਤੇ ਜ਼ਿਆਦਾਤਰ ਖਿਸਕ ਜਾਂਦੇ ਹਨ। ਇਸ ਦਾ ਮੂਲ ਕਾਰਨ ਇਹ ਹੈ ਕਿ ਮਾਤਾ-ਪਿਤਾ ਆਪਣੇ ਬੱਚਿਆਂ ਦੇ ਮਿੱਤਰ ਤੋਂ ਜਾਣੂ ਨਹੀਂ ਹੁੰਦੇ, ਅਗਰ ਜਾਣੂੰ ਹੋਣ ਵੀ ਤਾਂ ਉਨ੍ਹਾਂ ਨਾਲ ਆਪਣੇ ਬੱਚਿਆਂ ਵਰਗਾ ਵਿਵਹਾਰ ਨਹੀਂ ਕਰਦੇ। (ਚਲਦਾ)

(ਚਲਦਾ)

## ਚੋਣ ਦੰਗਲ

# ਧਰਮ ਨਿਰਪੱਖਤਾ ਬਚਾਓ ਫਿਰਕੂਆਂ ਨੂੰ ਭਜਾਓ!



ਕੇ. ਸੀ. ਸੁਲੇਖ
0172-4623503

ਪੰਜਾਬ ਸਣੇ ਪੰਜ ਸਟੇਟਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੀ ਮਿੱਥੀ ਤਾਰੀਖ ਜਿਵੇਂ-ਜਿਵੇਂ ਨੇੜੇ ਆ ਰਹੀ ਹੈ, ਦੰਗਲ ਦੇ ਢੋਲ ਨਗਾਰੇ ਵੀ ਉੱਚੀ ਅਤੇ ਹੋਰ ਉੱਚੀ ਵੱਜਣੇ ਆਰੰਭ ਹੋ ਗਏ ਹਨ। ਚੋਣ ਭਲਵਾਨਾਂ ਨੂੰ ਅਖਾੜੇ ਵਿਚ ਉਤਾਰਨ ਵਾਲੀਆਂ ਪਾਰਟੀਆਂ, ਉਹਨਾਂ ਦੇ ਗੁਰੂ ਅਤੇ ਖੁਦ ਭਲਵਾਨ ਜਿੱਤਣ ਦੇ ਜੋਸ਼ ਵਿਚ ਆਪਸ ਵਿਚ ਇੰਨੇ ਗੁੱਥਮਗੁੱਥਾ ਹੋ ਗਏ ਹਨ ਕਿ ਉਹਨਾਂ ਨੂੰ ਸਿਵਾਏ ਆਪਣੀ ਜਿੱਤ ਦੇ ਹੋਰ ਕੁਝ ਵੀ ਨਹੀਂ ਦਿਸਦਾ ਕਿ ਉਹ ਕਾਨੂੰਨ ਘੜਨੀ ਸਭਾ ਵਿਚ ਕਿੰਨੀ ਛੇਤੀ ਪਹੁੰਚ ਸਕਦੇ ਹਨ, ਜਿੱਥੇ ਇਕ ਵਾਰ ਪਹੁੰਚ ਗਏ, ਫਿਰ ਮੌਜਾਂ ਈ ਮੌਜਾਂ। ਜੇ ਇਹਨਾਂ ਮੌਜਾਂ ਦੇ ਰੰਗੀਨ ਸੁਪਨੇ ਸਿਰ ਵਿਚ ਨਾ ਘੁੰਮਦੇ ਤਾਂ ਪਿੜ ਵਿਚ ਥਾਪੀ ਮਾਰਨ ਤੋਂ ਪਹਿਲਾਂ ਹੀ ਕਰੋੜਾਂ ਰੁਪਏ ਖਰਚਣ ਦੀ ਕੀ ਲੋੜ ਸੀ? ਪਹਿਲਾਂ ਕਿਸੇ ਜਿਤਾਊ ਪਾਰਟੀ ਤੋਂ ਟਿਕਟ ਲੈਣ ਦਾ ਜੁਗਾੜ ਬਣਾਓ, ਜਿਸ ਵਿਚ ਕਿਸੇ ਰਸੂਖਦਾਰ ਉਸਤਾਦ ਵਿਚੋਲੀਏ ਦੀ ਸਹਾਇਤਾ ਵੀ ਬੜੇ ਕੰਮ ਆ ਸਕਦੀ ਹੈ। ਆਈਆਂ ਸੰਗਤਾਂ ਦੀ ਚਾਹ-ਪਾਣੀ, ਢਡੋਰਚੀ, ਇਲੈਕਸ਼ਨ ਦੌਰੇ, ਲੀਡਰਾਂ ਦੇ ਭਾਸ਼ਣ, ਹੈਲੀਕਾਪਟਰ ਅਤੇ ਹੋਰ ਪਤਾ ਨਹੀਂ ਕੀ ਕੀ। ਇਹ ਸਭ ਕੁਝ ਉਸ ਸੁਪਨੇ ਨੂੰ ਸਾਕਾਰ ਕਰਨ ਲਈ ਵੀ ਤਾਂ ਉਨਾ ਹੀ ਜ਼ਰੂਰੀ ਹੈ। ਇਸ ਟਿਕਟ ਦੀ ਅਸਲ ਵਿਚ ਕੀ ਅਹਿਮੀਅਤ ਹੈ, ਇਸ ਦਾ ਅੰਦਾਜ਼ਾ ਇਕ ਹੀ (ਦੁਰ) ਘਟਨਾ ਤੋਂ ਲਗਾਇਆ ਜਾ ਸਕਦਾ ਹੈ ਹੈ ਕਿ ਜਦ ਇਕ ਪੁਰਾਣੇ ਖਾਨਦਾਨੀ ਪਾਰਟੀ ਮੈਨ ਨੂੰ ਜਿਸ ਦੇ ਪਿਤਾ ਜੀ ਅਤੇ ਸਹੁਰਾ ਸਾਹਿਬ ਵਿਧਾਇਕ, ਮੰਤਰੀ, ਐਮ. ਪੀ. ਰਹਿ ਚੁੱਕੇ ਹਨ, ਪਤਨੀ ਵੀ ਕੇਂਦਰੀ ਮੰਤਰੀ ਰਹੀ, ਪਾਰਟੀ ਨੇ ਕਿਸੇ ਕਾਰਨ ਪਤਨੀ ਨੂੰ ਟਿਕਟ ਦੇਣੋਂ ਨਾਂਹ ਕਰ ਦਿੱਤੀ ਤਾਂ ਇਸੇ ਸਦਮੇ ਵਿਚ ਉਸ ਦਾ ਦਿਲ ਫੇਲ੍ਹ ਹੋ ਗਿਆ ਅਤੇ ਮੌਤ ਹੋ ਗਈ (ਬੇਹੱਦ ਅਫਸੋਸਨਾਕ)। ਇਸ ਤੋਂ ਇਲਾਵਾ ਬਹੁਤ ਅਜਿਹੀਆਂ ਮਿਸਾਲਾਂ ਹਨ, ਜਿਥੇ ਜੇ ਕਿਸੇ ਟਿਕਟ ਇਛੁੱਕ ਨੂੰ ਪਾਰਟੀ ਟਿਕਟ ਨਹੀਂ ਮਿਲਿਆ ਤਾਂ ਉਹ ਪਾਰਟੀ ਤੋਂ ਹੀ ਬਾਗੀ ਹੋ ਕੇ ਪਾਰਟੀ ਛੱਡ ਜਾਂਦਾ ਹੈ ਜਾਂ ਕਿਸੇ ਵਿਰੋਧੀ ਪਾਰਟੀ ਵਿਚ ਜਾ ਮਿਲਦਾ ਹੈ ਜਾਂ ਆਜ਼ਾਦ ਖੜ੍ਹਾ ਹੋ ਕੇ ਲੜਨ ਲਈ ਤਿਆਰ ਹੋ ਜਾਂਦਾ ਹੈ। ਭਾਵੇਂ ਉਹ ਉਸ ਪਾਰਟੀ ਦੇ ਨਾਂ ਤੇ ਕਿੰਨੀ ਵਾਰ ਵਿਧਾਇਕ ਅਤੇ ਮੰਤਰੀ ਵੀ ਕਿਉਂ ਨਾ ਰਿਹਾ ਹੋਵੇ। ਇਹ ਤਾਂ ਵੈਸੇ ਕੋਈ ਗੁੱਝੀ ਗੱਲ ਨਹੀਂ ਕਿ ਨੇਤਾਵਾਂ ਦੇ ਇਕ ਪਾਰਟੀ ਛੱਡਣ ਜਾਂ ਦੂਜੀ ਪਾਰਟੀ ਵਿਚ ਸ਼ਾਮਲ ਹੋਣ ਪਿੱਛੇ ਕੀ ਕਾਰਨ ਹੈ। ਫਿਰ ਵੀ ਕੁਝ ਮਿਸਾਲਾਂ ਖੁਦ ਨੂੰ ਧਰਮਾਤਮਾ ਅਖਵਾਉਣ ਵਾਲੀਆਂ ਪਾਰਟੀਆਂ ਦੇ ਪੋਲ ਖੋਲ੍ਹਣ ਲਈ ਕਾਫ਼ੀ ਹੋ ਸਕਦੀਆਂ ਹਨ। ਕਈ 'ਲੋਕ ਹਿਤੈਸ਼ੀ' ਲੀਡਰਾਂ ਦੀ ਆਮਦਨੀ/ਜਾਇਦਾਦ ਦੇ ਦਿੱਤੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਉਸ ਦੀ ਕੇਵਲ ਚਾਰ ਸਾਲਾਂ ਦੌਰਾਨ ਕਰੋੜਾਂ ਦੀ ਕਮਾਈ ਦੁੱਗਣੀ ਹੋ ਗਈ। ਇਕ ਕੇਸ ਵਿਚ ਜੇ ਉਮੀਦਵਾਰ ਆਪ ਕਰੋੜਪਤੀ ਹੈ ਤਾਂ ਉਸ ਦੀ ਪਤਨੀ ਅਰਬਪਤੀ ਹੈ। ਇੰਨਾ ਪੈਸਾ ਕਿੱਥੋਂ ਅਤੇ ਕਿਵੇਂ ਆਉਂਦਾ ਹੈ, ਇਹ ਵੀ ਕੋਈ ਲੁਕਿਆ ਛਿਪਿਆ ਰਾਜ਼ ਨਹੀਂ। ਮੰਤਰੀ ਜਾਂ ਵਿਧਾਇਕ ਹੋਣ ਨਾਲ ਬਿਜ਼ਨੈਸ, ਟਰਾਂਸਪੋਰਟ, ਸਿਨੇਮੇ ਅਤੇ ਜ਼ਮੀਨ ਸਾਧਨਾਂ ਦੀ ਆਮਦਨ ਦੇ ਤਾਂ ਆਪਣੇ ਆਪ ਦਰਵਾਜ਼ੇ ਖੁੱਲ੍ਹ ਜਾਂਦੇ ਹਨ। ਟਿਕਟਾਂ ਦੇ ਨਾਂ ਤੇ ਵੀ ਜਿਹੜੀ ਕਮਾਈ ਹੁੰਦੀ ਹੈ, ਉਸਦਾ ਕੋਈ ਹਿਸਾਬ ਨਹੀਂ। ਕਈ ਸਾਲਾਂ ਦੀ ਪਾਰਟੀ 'ਸੇਵਾ' ਤੋਂ ਬਾਅਦ ਇਕ ਨੇਤਾ ਨੇ ਪੁਰਾਣੀ ਪਾਰਟੀ ਛੱਡਣ ਦਾ ਇਹ ਕਾਰਨ ਦੱਸਿਆ ਕਿ ਟਿਕਟ ਲਈ ਉਸ ਤੋਂ ਪਾਰਟੀ ਸੁਲਤਾਨਾਂ ਨੇ 8 ਕਰੋੜ ਮੰਗੇ ਸਨ, ਜੋ ਬਾਅਦ ਵਿਚ ਨੋਟਬੰਦੀ ਕਾਰਨ 5 ਕਰੋੜ ਕਰ ਦਿੱਤੇ ਗਏ। ਜੋ ਉਹ ਨਾ ਦੇ ਸਕਿਆ। ਇਕ ਨੂੰ ਦਲ-ਬਦਲੂ ਲਈ ਨਵੀਂ ਪਾਰਟੀ ਵੱਲੋਂ ਮਿਨਿਸਟਰ/ਡਿਪਟੀ ਸੀ. ਐਮ. ਦੀ ਪੇਸ਼ਕਸ਼ ਕਰ ਦਿੱਤੀ ਗਈ। ਇਸ ਨੀਲਾਮ ਘਰ ਬਾਰੇ ਖਾਸ ਖ਼ਬਰ ਇਹ ਹੈ ਕਿ ਇਹੋ ਜਿਹੇ ਡਾਲੀ ਨਾਲੋਂ ਟੁੱਟੇ ਬੇਮੌਸਮੇ ਆੜੂਆਂ ਦੀ ਉਡੀਕ ਵਿਚ ਦੂਜੀਆਂ ਪਾਰਟੀਆਂ ਪਹਿਲਾਂ ਹੀ ਆਪਣਾ ਪੱਲਾ ਅੱਡੀ ਖੜ੍ਹੀਆਂ ਹੁੰਦੀਆਂ ਹਨ। ਪਹਿਲਾਂ ਵਾਲੀ ਪਾਰਟੀ ਅਜਿਹੇ ਭਗੌੜੇ ਨੂੰ ਗੁੱਸੇ ਵਿਚ 'ਮੌਕਾਪ੍ਰਸਤ', 'ਖੁਦਗਰਜ਼' ਅਤੇ 'ਗੱਦਾਰ' ਕਹਿੰਦੀ ਹੈ ਤਾਂ ਉਸ ਉਡਦੇ ਪੰਛੀ ਨੂੰ ਬੋਚਣ ਵਾਲੀ ਸ਼ਿਕਾਰੀ ਪਾਰਟੀ ਇਸ ਟਪੂਸੀ ਨੂੰ ਸਨਮਾਨ ਸਹਿਤ 'ਘਰ ਵਾਪਸੀ' ਦਾ ਨਾਮ ਦੇ ਕੇ ਸ਼ੁਕਰੀਆ ਕਹਿੰਦੀ ਹੈ।

ਇਹ ਉਹ ਮੌਕਾ ਹੁੰਦਾ ਹੈ ਜਦ ਅੰਦਰੋ ਅੰਦਰੀ ਪੱਕਦੀ ਖਿਚੜੀ ਬਾਹਰ ਸੜਕਾਂ-ਗਲੀਆਂ 'ਚ ਖਿੱਲਰ ਕੇ ਆਪਣੇ ਮੂੰਹੋਂ ਬੋਲ ਰਹੀ ਹੁੰਦੀ ਹੈ ਕਿ ਉਸ ਨੂੰ ਪਕਾਉਣ ਵਿਚ ਕਿਸ-ਕਿਸ ਦਾ ਹੱਥ ਸੀ। ਉਸ ਨੂੰ ਸੁਆਦਲਾ ਬਣਾਉਣ ਲਈ ਕਿੰਨੇ ਕੀਮਤੀ ਮਸਲੇ ਮੇਵੇ ਅਤੇ ਹੋਰ ਪਦਾਰਥ ਪਾਏ ਗਏ ਪਰ ਪੱਕਣ ਤੋਂ ਪਹਿਲਾਂ ਹੀ ਕਿਸ ਨੇ ਸੁਆਹ ਪਾ ਦਿੱਤੀ ਅਤੇ ਉਸ ਨੂੰ ਅਪਮਾਨ ਅਤੇ ਠੱਠੇ ਮਜ਼ਾਕ ਦੀ ਵਸਤੂ ਬਣਾ ਦਿੱਤਾ।

ਕਹਾਣੀ ਇਹ ਵੀ ਦਿਲਚਸਪ ਹੈ ਕਿ ਕ੍ਰਿਕਟ ਦੇ ਮਸ਼ਹੂਰ ਬੱਲੇਬਾਜ਼, ਕਾਮੇਡੀ ਟੀ. ਵੀ. ਸ਼ੋਅ ਦੇ ਗ੍ਰੈਂਡ ਮਾਸਟਰ, ਹਰਫਨ ਮੌਲਾ ਨਵਜੋਤ ਸਿੰਘ ਸਿੱਧੂ ਨੇ ਥੋੜ੍ਹੇ ਸਮੇਂ ਵਿਚ ਹੀ ਸਿਆਸਤ ਦੀਆਂ ਕਈ ਘੁਲਾਟੀਆ ਪਾਰਟੀਆਂ ਨੂੰ ਭੁਆਂਟਣੀਆਂ ਖੁਆ ਕੇ ਆਖਿਰ ਆਪਣਾ ਘਰ ਤਲਾਸ਼ ਲਿਆ। ਦੇਖੋ ਦੇਖੀ ਭਾਜਪਾ ਦੀ ਕੜਛੀ, 'ਆਪ' ਦੀ ਅਤੇ ਜਾ ਪਈ ਕੈਪਟਨ ਦੀ ਥਾਲੀ ਵਿਚ। ਅੱਗੇ ਕਿਸੇ ਨੂੰ ਕੀ ਪਤਾ ਕਿ ਇਹ ਖਿਚੜੀ ਕਿਤੇ ਖਾਣ ਵਾਲੇ ਦੇ ਹਿੱਕੇ ਤਾਂ ਨਹੀਂ ਲੱਗ ਜਾਂਦੀ।

ਨਵੇਂ ਹੋਏ ਆਜ਼ਾਦ ਭਾਰਤ ਦੇ ਭਵਿੱਖ ਬਾਰੇ ਨਵਾਂ ਸੰਵਿਧਾਨ ਬਣਾਉਣ ਲੱਗਿਆਂ ਸੰਵਿਧਾਨ ਘਾੜਿਆਂ ਨੇ ਤਾਂ ਕੁਝ ਹੋਰ ਹੀ ਆਸਾਂ ਲਾਈਆਂ ਸਨ ਕਿ ਪਿੱਛੇ ਜੋ ਕੁਝ ਵੀ ਹੋਇਆ ਮਾੜਾ ਜਾਂ ਚੰਗਾ ਉਸ ਵਿਚੋਂ ਕੁਝ ਚੰਗੇ ਨੂੰ ਛੱਡ ਕੇ ਬਾਕੀ ਤੇ ਮਿੱਟੀ ਪਾਓ, ਅੱਗੇ ਨੂੰ ਉਹਨਾਂ ਭੁੱਲਾਂ ਨੂੰ ਇਕ ਭੈੜਾ ਸੁਪਨਾ ਸਮਝ ਕੇ ਭੁਲਾ ਦਿਓ ਅਤੇ ਕੁਝ ਚੰਗਾ ਹੀ ਕਰਨ ਦੀ ਸੋਚੋ। ਲੋਕਤੰਤਰ ਤਾਂ ਮਿਲ ਗਿਆ ਪਰ ਉਸ ਦੇ ਵਿਚ ਵੀ ਪ੍ਰਧਾਨਗੀ ਸ਼ਾਸਨ ਪ੍ਰਣਾਲੀ ਦੇ ਮੁਕਾਬਲੇ ਸੰਸਦੀ ਸ਼ਾਸਨ ਪ੍ਰਣਾਲੀ ਨੂੰ ਅਪਣਾਇਆ ਗਿਆ। ਬਰਤਾਨੀਆ ਹਕੂਮਤ ਦੇ ਵੈਸਟ ਮਿਨਿਸਟਰ ਮਾਡਲ ਨੂੰ ਤਰਜੀਹ ਦਿੱਤੀ ਗਈ, ਜਿੱਥੇ ਦੀ ਮਿਸਾਲ ਹੈ ਕਿ ਉਥੇ ਵਿਰੋਧੀ ਧਿਰਾਂ ਦਰਮਿਆਨ ਇਕ ਵੋਟ ਦੇ ਫਰਕ ਨਾਲ ਵੀ ਬਣੀ ਹੋਈ ਸਰਕਾਰ ਆਪਣੀ ਮਿੱਥੀ ਮਿਆਦ ਬਿਨਾਂ ਡੋਲੇ ਪੂਰਾ ਕਰ ਲੈਂਦੀ ਹੈ ਜਦਕਿ ਇੱਥੇ ਜੈਲਲਿਤਾ ਦੀ ਇਕ ਇਕੱਲੀ ਵੋਟ ਹੀ ਵਾਜਪਾਈ ਸਰਕਾਰ ਨੂੰ ਡੇਗਣ ਲਈ ਕਾਫੀ ਹੁੰਦੀ ਹੈ। ਨਵੇਂ ਸਿਰਿਉਂ ਇਲੈਕਸ਼ਨ, ਇਲੈਕਸ਼ਨਾਂ 'ਤੇ ਕਰੋੜਾਂ ਦੇ ਟੈਕਸਾਂ ਦਾ ਬੋਝ। ਲੇਕਿਨ ਇਸ ਮੁਸੀਬਤ ਲਈ ਜ਼ਿੰਮੇਵਾਰ ਕੌਣ ਹੈ? ਕੌਣ ਦੋਸ਼ੀ ਹੈ? ਸੰਵਿਧਾਨ ਜਾਂ ਬੰਦੇ ਦੀ ਚਰਿੱਤਰਹੀਣਤਾ? ਇਸ ਮੁਸੀਬਤ ਦੇ ਕਾਰਨਾਂ ਦੀ ਜੇ ਕੁਝ ਗਹੁ ਨਾਲ ਘੋਖ ਪੜਤਾਲ ਕੀਤੀ ਜਾਵੇ ਤਾਂ ਸਮਝਣਾ ਮੁਸ਼ਕਿਲ ਨਹੀਂ ਹੋਵੇਗਾ ਕਿ ਇਸ ਸਾਰੀ ਬਿਮਾਰੀ ਦੀ ਜੜ੍ਹ ਸਾਡੀ ਸਦੀਆਂ ਤੋਂ ਚੱਲੀ ਆ ਰਹੀ ਸਮਾਜਿਕ ਵਿਵਸਥਾ ਹੈ, ਜੋ ਜਾਤ ਅਤੇ ਧਰਮ ਦੀਆਂ ਅੰਧ-ਵਿਸ਼ਵਾਸੀ, ਗੈਰ ਵਿਗਿਆਨਕ ਅਤੇ ਹਾਨੀਕਾਰਕ ਧਾਰਨਾਵਾਂ, ਪ੍ਰੰਪਰਾਵਾਂ ਵਿਚ ਐਨੀ ਗਰਕ ਹੋ ਚੁੱਕੀ ਹੈ, ਜਿਸ ਵਿਚੋਂ ਨਿਕਲਣਾ ਬਹੁਤ ਹੀ ਮੁਸ਼ਕਿਲ ਜਾਪਦਾ ਹੈ।

ਅਤੇ ਅੱਜ ਦੀ ਭਾਰੂ ਜ਼ਹਿਰੀਲੀ ਮਾਨਸਿਕਤਾ ਰਾਜ ਸੱਤਾ ਭੁੱਖ ਉਸੇ ਸਮਾਜਿਕ ਵਿਵਸਥਾ ਦੀ ਪੈਦਾਇਸ਼ ਹੈ, ਜਿਸ ਨੇ ਸੰਵਿਧਾਨ ਦੀ ਸਾਰੀ ਕੀਤੀ ਕਰਾਈ 'ਤੇ ਝਾੜੂ ਫੇਰ ਦਿੱਤਾ ਹੈ। ਜਿਹਨਾਂ ਨੀਤੀਆਂ ਅਤੇ ਦੂਰਗਾਮੀ ਯੋਜਨਾਵਾਂ ਨੂੰ ਲੈ ਕੇ ਵਰਤਮਾਨ ਮੋਦੀ ਸਰਕਾਰ ਮੈਦਾਨ ਵਿਚ ਉਤਰੀ ਹੈ ਅਤੇ ਜਿਸ ਰਫ਼ਤਾਰ ਨਾਲ ਇਹਨਾਂ ਯੋਜਨਾਵਾਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ, ਉਸ ਨੂੰ ਦੇਖ ਕੇ ਕੋਈ ਸ਼ੱਕ ਨਹੀਂ ਰਹਿ ਜਾਂਦੀ ਕਿ ਇਹ ਸਰਕਾਰ ਆਪਣੇ ਪਿਤਰ ਸੰਗਠਨ ਆਰ. ਐਸ. ਐਸ. ਦੇ ਏਜੰਡੇ ਅਨੁਸਾਰ ਸੰਵਿਧਾਨ ਦੇ ਰਹੇ ਨਿਸ਼ਾਨ ਮਿਟਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਹੋ ਜਾਵੇਗੀ। ਆਰ. ਐਸ. ਐਸ. ਦੇ ਬਹੁਤ ਹੀ ਮਹੱਤਵਪੂਰਨ ਥੰਮ ਅਯੁੱਧਿਆ, ਵਾਰਾਨਸੀ, ਇਲਾਹਾਬਾਦ ਦੇ ਸਾਧਾਂ ਸੰਤਾਂ ਮਹੰਤਾਂ ਦੀ ਜਮਾਤ ਨੇ ਤਾਂ ਮੋਦੀ ਸਰਕਾਰ ਨੂੰ ਅਲਟੀਮੇਟਮ ਵੀ ਦੇ ਦਿੱਤਾ ਹੈ ਕਿ ਜੇ 2019 ਤੱਕ ਰਾਮ ਮੰਦਰ ਸਮੇਤ ਉਹਨਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਉਹ ਸਰਕਾਰ ਨੂੰ ਹੀ ਗਿਰਾ ਦੇਵੇਗੀ। ਇਸ ਦੇ ਨਾਲ ਹੀ ਨਾਲ ਸਰਕਾਰ ਦੇ ਹੇਠਲੇ ਨੇਤਾ, ਮੰਤਰੀ, ਐਮ. ਪੀ., ਵਿਧਾਇਕ ਜੋ ਘੱਟ ਗਿਣਤੀ ਧਰਮਾਂ, ਫਿਰਕਿਆਂ ਨੂੰ ਨਿਸ਼ਾਨਾ ਬਣਾ ਕੇ ਉਹਨਾਂ ਦਾ ਸਿਆਸੀ ਵਜੂਦ ਖਤਮ ਕਰਨ ਦੀਆਂ ਧਮਕੀਆਂ ਦੇ ਰਹੇ ਹਨ, ਬਦਅਮਨੀ ਫੈਲਣ ਦੇ ਹਾਲਾਤ ਹੋਰ ਖਰਾਬ ਹੋ ਸਕਦੇ ਹਨ। ਐਮ. ਪੀ. ਸਾਕਸ਼ੀ ਮਹਾਰਾਜ (ਸਾਧ) ਐਲਾਨੀਆ ਕਹਿ ਰਿਹਾ ਹੈ ਕਿ ਦੇਸ਼ ਦੀਆਂ ਸਭ ਸਮੱਸਿਆਵਾਂ ਦੀ ਜੜ੍ਹ ਇਕ ਬੰਦੇ (ਮੁਸਲਮਾਨ) ਦੀਆਂ ਚਾਰ-ਚਾਰ ਬੀਵੀਆਂ (ਪਤਨੀਆਂ) ਅਤੇ ਚਾਲੀ-ਚਾਲੀ ਬੱਚੇ ਹਨ। ਕਿੰਨਾ ਗੈਰ ਜ਼ਿੰਮੇਵਾਰ ਅਤੇ ਬੇਹੂਦਾ ਬਿਆਨ ਹੈ। ਚੋਣ ਕਮਿਸ਼ਨ ਉਸ ਸਾਧ ਐਮ. ਪੀ. ਨੂੰ ਸੰਮਨ ਭੇਜ ਕੇ ਫਟਕਾਰ ਤਾਂ ਲਗਾਈ ਹੈ ਪਰ ਕੀ ਇਹ ਇਕੱਲੀ ਫਟਕਾਰ ਅਮਨ ਦੇ ਦੁਸ਼ਮਣਾਂ ਦੀ ਬੋਲਤੀ ਬੰਦ ਕਰਾਉਣ ਲਈ ਕਾਫੀ ਹੈ? ਇਕ ਹੋਰ ਸਾਧੂਆਂ ਦਾ ਪ੍ਰਮੁੱਖ ਮੁਖੀ ਹਿੰਦੂਆਂ ਨੂੰ ਉਪਰੋਕਤ ਖ਼ਤਰੇ ਨਾਲ ਸਿੱਝਣ ਲਈ ਦਸ-ਦਸ ਬੱਚੇ ਪੈਦਾ ਕਰਨ ਦੀ ਤਾੜਨਾ ਕਰ ਰਿਹਾ ਹੈ। ਖੁਦ ਸੰਘ ਦੇ ਬੜੇ ਨੇਤਾ ਤਾਂ ਇਸ ਤਰ੍ਹਾਂ ਦੀ ਤਿਆਰੀ ਕਰਨ ਦੇ ਪਹਿਲਾਂ ਹੀ ਵਾਰ-ਵਾਰ ਹੁਕਮ ਦੇ ਚੁੱਕੇ ਹਨ। ਗੋਰਖ ਮੰਦਰ ਦੇ ਬਹੁਤ ਬੜੇ ਮੁਖੀ ਐਮ. ਪੀ. ਜੋਗੀ ਅਦਿਤਨਾਥ ਦੇ ਭਾਸ਼ਣ ਦਾ ਇਕ ਇਕ ਸ਼ਬਦ ਮੁਸਲਮਾਨ ਨਫ਼ਰਤ ਨਾਲ ਭਰਿਆ ਹੁੰਦਾ ਹੈ। ਭਾਜਪਾ-ਸੰਘ ਦਾ ਇਕ ਬਹੁਤ ਹੀ ਬਦਨਾਮ ਚਿਹਰਾ ਉਤਰ ਪ੍ਰਦੇਸ਼ ਦਾ ਸੋਮ ਸੰਗੀਤ ਹੈ, ਜਿਸ ਨੇ ਫਰਜ਼ੀ ਵੀਡੀਓ ਦਿਖਾ ਕੇ ਮੁਜ਼ੱਫਰਨਗਰ ਦੇ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਕਰਵਾਇਆ ਅਤੇ ਲੱਖਾਂ ਨੂੰ ਬੇਘਰ ਕੀਤਾ। ਹੁਣ ਫਿਰ ਯੂ. ਪੀ. ਚੋਣਾਂ ਤੋਂ ਪਹਿਲਾਂ ਉਸ ਦੇ ਖਿਲਾਫ ਇਸੇ ਤਰ੍ਹਾਂ ਦਾ ਕੇਸ ਦਰਜ ਹੋ ਗਿਆ ਹੈ ਅਤੇ ਉਸ ਦਾ ਮੋਦੀ ਹਲਕਿਆਂ ਵਿਚ ਸਨਮਾਨ ਹੋਰ ਵੱਧ ਗਿਆ ਹੈ। ਥੋੜ੍ਹੇ ਧਿਆਨ ਨਾਲ ਦੇਖਣ ਤੋਂ ਸਮਝ ਆ ਸਕਦਾ ਹੈ ਕਿ ਅੱਜ ਦੇ ਹਾਲਾਤ ਵਿਚ ਹਿੰਦੂ ਲੋਕਾਂ ਨੂੰ ਸੰਘ ਦੀ ਹਿੰਦੁਤਵੀ ਵਿਚਾਰਧਾਰਾ ਅਤੇ ਏਜੰਡੇ ਉਤੇ ਇਕੱਠੇ ਕਰਨ ਦਾ ਸਭ ਤੋਂ ਵੱਧ ਕਾਰਗਰ ਅਤੇ ਸਫਲ ਹਥਿਆਰ ਦੂਜੇ ਗੈਰ ਹਿੰਦੂ ਤਬਕਿਆਂ ਖਾਸ ਕਰ ਮੁਸਲਮਾਨ ਅਤੇ ਇਸਾਈਆਂ ਦੇ ਖਿਲਾਫ ਵੱਧ ਤੋਂ ਵੱਧ ਨਫ਼ਰਤ ਪੈਦਾ ਕਰਨਾ ਹੈ। ਮੁੱਦਾ ਚਾਹੇ ਅਯੁੱਧਿਆ ਦਾ ਰਾਮ ਮੰਦਰ ਹੋਵੇ, ਗਊ ਰੱਖਿਆ ਹੋਵੇ ਜਾਂ ਕਸ਼ਮੀਰ। ਸਾਫ ਜ਼ਾਹਿਰ ਹੈ ਕਿ ਇਹਨਾਂ ਮੁੱਦਿਆਂ ਨੂੰ ਲੈ ਕੇ ਚੋਣਾਂ ਵਿਚ ਵੋਟਾਂ ਲਈ ਅਪੀਲ ਕਰਨਾ ਚੋਣ ਕਾਨੂੰਨਾਂ ਦੀ ਉਲੰਘਣਾ ਹੈ ਜੋ ਇਕ ਵਿਸ਼ੇਸ਼ ਧਰਮ (ਹਿੰਦੂ ਧਰਮ) ਨਾਲ ਹੀ ਸਬੰਧ ਰੱਖਦਾ ਹੈ।

ਧਰਮ ਦੇ ਨਾਂ ਤੇ ਇਲੈਕਸ਼ਨ ਜਿੱਤੇ ਜਦ ਮਹਾਰਾਸ਼ਟਰ ਦੇ ਇਕ ਸ਼ਿਵ ਸੈਨਾ ਮੈਂਬਰ ਦੀ ਚੋਣ ਹਾਈ ਕੋਰਟ ਨੇ ਰੱਦ ਕਰ ਦਿੱਤੀ, ਲੇਕਿਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਜੇ. ਐਸ. ਵਰਮਾ ਨੇ 1996 ਵਿਚ ਉਸ ਦੀ ਚੋਣ ਇਹ ਕਹਿ ਕੇ ਬਹਾਲ ਕਰ ਦਿੱਤੀ ਕਿ ਹਿੰਦੂਤਵ ਕੋਈ ਧਰਮ ਨਹੀਂ ਸਗੋਂ ਇਹ ਤਾਂ ਜੀਵਨ ਜਿਊਣ ਦੀ ਸ਼ੈਲੀ ਹੈ। ਇਸ ਫੈਸਲੇ ਦੀ ਦੁਰਵਰਤੋਂ ਤੋਂ ਪ੍ਰੇਸ਼ਾਨ ਹੋਏ ਲੋਕਾਂ ਨੇ ਜਦ ਫਿਰ ਸੁਪਰੀਮ ਕੋਰਟ ਅੱਗੇ ਉਸ 'ਤੇ ਦੁਬਾਰਾ ਵਿਚਾਰ ਕਰਨ ਦੀ ਅਪੀਲ ਕੀਤੀ ਤਾਂ ਉਸ ਅਪੀਲ ਨੂੰ ਵੀ ਟੈਕਨੀਕਲ ਕਾਰਨਾਂ ਕਰਕੇ ਖਾਰਜ ਕਰ ਦਿੱਤਾ। ਇਸ ਸਮੇਂ ਸਿਆਸੀ ਮੈਦਾਨ ਵਿਚ ਭਾਜਪਾ ਨੂੰ ਚੜ੍ਹਤ ਜਾਂ ਬੜ੍ਹਤ ਪ੍ਰਾਪਤ ਇਹ ਹਰ ਕੋਈ ਜਾਣਦਾ ਹੈ ਕਿ ਉਹ ਕੇਵਲ ਤੇ ਕੇਵਲ ਧਰਮ ਅਤੇ ਉਸ ਨਾਲ ਜੁੜੀ ਹੋਈ ਸੰਸਕ੍ਰਿਤੀ ਅਤੇ ਸੱਭਿਆਤਾ ਦੀ ਹੀ ਬਦੌਲਤ ਹੈ ਪਰ ਦੇਸ਼ ਦੀ ਸਰਵਉੱਚ ਅਦਾਲਤ ਅੱਗੇ ਕਿਸੇ ਦੀ ਕੀ ਵਾਹ ਪੇਸ਼! ਹੁਣੇ ਹੁਣ ਪਿਛਲੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਟੀ. ਐਸ. ਠਾਕੁਰ ਨੇ ਲੰਬੇ ਚਲੇ ਆ ਰਹੇ ਕੇਸ ਵਿਚ ਫੈਸਲਾ ਦਿੱਤਾ ਹੈ ਕਿ ਭਾਰਤ ਇਕ ਸੈਕੂਲਰ (ਧਰਮ ਨਿਰਪੱਖ) ਦੇਸ਼ ਹੈ। ਇਸ ਦੇ ਸ਼ਾਸਨ ਪ੍ਰਸ਼ਾਸਨ ਵਿਚ ਧਰਮ ਦਾ ਕੋਈ ਦਖਲ ਨਹੀਂ ਹੋ ਸਕਦਾ। ਧਰਮ ਅਤੇ ਜਾਤ ਦੇ ਨਾਂ ਤੇ ਵੋਟਾਂ ਮੰਗਣਾ ਚੋਣ ਕਾਨੂੰਨ ਅਨੁਸਾਰ ਗੈਰ-ਕਾਨੂੰਨੀ ਹੈ। ਪਰ ਜਿਹੋ ਜਿਹਾ ਅਸੀਂ ਦੇਖ ਰਹੇ ਹਾਂ, ਕਾਨੂੰਨ ਕੇਵਲ ਕਿਤਾਬੀ ਸ਼ਬਦ ਬਣਦਾ ਜਾ ਰਿਹਾ ਹੈ ਜਾਂ ਫਿਰ ਵਕੀਲਾਂ ਦਾ ਸ਼ੁਗਲ।

ਅੱਜ ਦੇ ਉਦਾਰੀਕਰਨ ਵਰਗੇ ਮਾਹੌਲ ਵਿਚ ਨੇਤਾਵਾਂ ਦੇ ਇਕ ਪਾਰਟੀ ਛੱਡ ਕੇ ਦੂਜੀ ਹੋਰ ਪਾਰਟੀ ਵਿਚ ਸ਼ਾਮਲ ਹੋਣ ਦਾ ਖੇਡ ਬਹੁਤ ਆਮ ਹੋ ਗਿਆ ਹੈ। ਦਲ-ਬਦਲੀ ਵਿਰੁੱਧ ਕਾਨੂੰਨ ਦੀ ਤਾਂ ਬਾਅਦ ਦੀ ਗੱਲ ਹੈ, ਹਰ ਇਕ ਦੀ ਆਪਣੀ ਪਸੰਦ ਨਾਪਸੰਦ ਹੈ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਕ ਆਦਮੀ ਜੋ ਦੂਜੀ ਪਾਰਟੀ ਨੂੰ ਉਮਰ ਭਰ ਵਿਚਾਰਧਾਰਾ ਕਰਕੇ ਭੈੜੇ-ਭੈੜੇ ਅਪਸ਼ਬਦਾਂ ਨਾਲ ਭੰਡਦਾ ਰਿਹਾ ਹੋਵੇ, ਉਸ ਨੂੰ ਨਵੀਂ ਪਾਰਟੀ ਇੱਕਦਮ ਸੋਨਾ ਕਿਉਂ ਲੱਗਣ ਲੱਗ ਪੈਂਦੀ ਹੈ। ਉਸਦੇ ਚਰਿੱਤਰ ਦੀ ਵੀ ਗੱਲ ਛੱਡੋ, ਅਗਲੀ ਪਾਰਟੀ ਦੀਆਂ ਸੁਚਰਿੱਤਰਤਾ ਅਤੇ ਉੱਚ ਆਚਰਣ ਦੀਆਂ ਡੀਂਗਾਂ ਕਿੱਧਰ ਚਲੇ ਜਾਂਦੀਆਂ ਹਨ, ਜੋ ਆਉਣ ਵਾਲੇ ਨਵੇਂ ਨੇਤਾ ਨੂੰ 'ਝੱਟ ਮੰਗਣੀ ਫੱਟ ਵਿਆਹ' ਦੀ ਕਹਾਵਤ ਵਾਂਗ ਨਾ ਕੇਵਲ ਪਾਰਟੀ ਵਿਚ ਸ਼ਾਮਲ ਕਰ ਲੈਂਦੀ ਹੈ, ਬਲਕਿ ਉਸ ਨੂੰ ਸ਼ੁਕਰਾਨੇ ਅਤੇ ਇਨਾਮ ਵਜੋਂ ਪਾਰਟੀ ਟਿਕਟ ਵੀ ਦੇ ਦਿੰਦੀ ਹੈ। ਭਾਵੇਂ ਪੁਰਾਣੇ ਨੇਤਾ/ਕਾਰਕੁੰਨ ਆਪਣਾ ਹੱਕ ਮਰਦਾ ਦੇਖ ਕਿੰਨੇ ਵੀ ਰੋਂਦੇ ਪਿੱਟਦੇ ਕਿਉਂ ਨਾ ਰਹਿ ਜਾਣ।

ਗੁੱਸੇ ਅਤੇ ਬਗਾਵਤ ਦੇ ਅਜਿਹੇ ਸੀਨ ਪੰਜਾਬ, ਯੂ. ਪੀ., ਉਤਰਾਖੰਡ ਵਿਚ ਆਮ ਦੇਖੇ ਜਾ ਸਕਦੇ ਹਨ। ਇਕ ਪਾਰਟੀ ਨੂੰ ਤਾਂ ਆਪਣੀ ਹੋਂਦ ਬਚਾਉਣ ਦੀ ਫਿਕਰ ਹੈ, ਦੂਜੀ ਇਸ ਲਈ ਉਤਾਵਲੀ ਹੈ ਕਿ ਇਸ ਦੰਗਲ ਵਿਚ ਵੱਧ ਤੋਂ ਵੱਧ ਸੀਟਾਂ ਜਿੱਤ ਕੇ ਉਸ ਨੇ ਰਾਜ ਸਭਾ 'ਤੇ ਵੀ ਕਬਜ਼ਾ ਕਰਨਾ ਹੈ। ਇਕ ਪਾਰਟੀ ਸਿਰਫ ਹਕੂਮਤ ਦੀ ਲਾਲਸਾ ਵਿਚ ਹੈ, ਦੂਜੀ ਦੇ ਦਿਮਾਗ ਵਿਚ ਰਮਾਇਣ-ਮਹਾਭਾਰਤ ਦੇ ਯੁੱਗ ਨੂੰ ਮੁੜ ਸਜੀਵ ਕਰਨਾ ਹੈ। ਕੀ ਇਸ ਜਮਾਤ ਦੇ ਇਹ ਸੁਪਨੇ ਪੂਰੇ ਹੋ ਸਕਣਗੇ? ਇਹ ਸਭ ਕੁਝ ਦੇਸ਼ ਦੀ ਜਨਤਾ ਦੇ ਫੈਸਲੇ 'ਤੇ ਨਿਰਭਰ ਕਰਦਾ ਹੈ ਲੇਕਿਨ ਇਹ ਵੀ ਕਿੰਨੀ ਵੱਡੀ ਵਿਡੰਬਨਾ ਹੈ ਕਿ 69 ਫੀਸਦੀ ਵੋਟਾਂ ਦੇ ਵਿਰੋਧ ਦੇ ਬਾਵਜੂਦ ਇਹ ਪਾਰਟੀ ਸੱਤਾ 'ਤੇ ਕਾਬਜ਼ ਹੈ। ਵਿਰੋਧੀ ਪਾਰਟੀਆਂ ਦੀ ਬਹੁਗਿਣਤੀ ਨਹੀਂ ਬਲਕਿ ਉਹ ਸਮੁੱਚੇ ਤੌਰ 'ਤੇ ਆਰ. ਐਸ. ਐਸ.-ਭਾਜਪਾ ਦੇ ਸੰਪਰਦਾਇਕ ਏਜੰਡੇ 'ਹਿੰਦੂ ਰਾਜ-ਹਿੰਦੂ ਰਾਸ਼ਟਰ' ਦੇ ਖਿਲਾਫ ਹੈ। ਫਿਰ ਇਕ ਪਾਰਟੀ ਦੀ ਤਾਨਾਸ਼ਾਹ ਹਕੂਮਤ ਕਿਉਂ ਬਰਦਾਸ਼ਤ ਕੀਤੀ ਜਾਵੇ? ਇਸ ਸੰਦਰਭ ਵਿਚ ਜੇ ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ ਸਭਾ ਵਿਚ ਦਿੱਤੇ ਗਏ ਦੋਵੇਂ ਭਾਸ਼ਣ, ਇਕ ਖਰੜਾ ਪੇਸ਼ ਕਰਨ ਲੱਗਿਆਂ 4 ਨਵੰਬਰ 1948 ਨੂੰ ਦੂਜਾ ਸਮਾਪਤੀ ਤੇ 25 ਨਵੰਬਰ 1949 ਵਾਲਾ ਭਾਸ਼ਣ ਗੌਰ ਨਾਲ ਵਾਚਿਆ ਜਾਵੇ ਤਾਂ ਇਸ ਸਾਰੇ ਮੱਕੜਜਾਲ ਦਾ ਆਂਡਾ ਪੋਟਾ ਸਮਝ ਆ ਸਕਦਾ ਹੈ। ਉਹਨਾਂ ਨੇ ਕਿਹਾ ਸੀ ਕਿ 'ਭਾਰਤ ਵਿਚ ਲੋਕਤੰਤਰ ਦਾ ਵਜੂਦ ਕੇਵਲ ਪੌਦੇ ਦੇ ਪੱਤਿਆਂ ਨੂੰ ਪਾਣੀ ਦੇਣ ਵਾਂਗ ਹੈ, ਉਸ ਦੀਆਂ ਜੜ੍ਹਾਂ ਨੂੰ ਖਾਦ ਦੇ ਕੇ ਤਕੜਾ ਨਰੋਆ ਬਣਾਉਣਾ ਨਹੀਂ।' ਇੱਥੇ ਪੌਦਾ ਮਜ਼ਬੂਤ ਹੋ ਕੇ ਵੱਧ ਫੁੱਲ ਕਿਵੇਂ ਸਕਦਾ ਹੈ, ਜਦ ਉਸ ਦੇ ਜੰਮਦਿਆਂ ਹੀ ਜੜ੍ਹਾਂ ਪੁੱਟਣ ਵਾਲੇ ਸਿਰ 'ਤੇ ਖੜ੍ਹੇ ਹੋਣ! ਦੂਜਾ ਉਹਨਾਂ ਨੇ ਕਿਹਾ ਸੀ ਕਿ ਭਾਰਤ ਚਿਰ ਤੋਂ ਲੋਕਤੰਤਰ ਦੀ ਨਾ ਵਰਤੋਂ ਕਾਰਨ ਉਸ ਦੀਆਂ ਖੂਬੀਆਂ ਅਤੇ ਅਛਾਈਆਂ ਤੋਂ ਅਣਜਾਣ ਅਪਰਿਚਿਤ ਹੈ। ਇਸ ਲਈ ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਲੋਕਤੰਤਰ ਦੇ ਨਵਾਂ-ਨਵਾਂ ਹੋਣ ਕਰਕੇ ਕੁਝ ਸ਼ੈਤਾਨ ਪਾਰਟੀਆਂ ਰਾਜ ਸੱਤਾ 'ਤੇ ਕਬਜ਼ਾ ਕਰ ਲੈਣ ਜੋ ਬਾਹਰੋਂ ਦੇਖਣ ਨੂੰ ਤਾਂ ਲੋਕਤੰਤਰਿਕ ਲੱਗਣ ਪਰ ਅਸਲ ਵਿਚ ਅੰਦਰੋਂ ਤਾਨਾਸ਼ਾਹ (ਡਿਕਟੇਟਰ) ਹੋਣ! ਇਹੀ ਤਾਂ ਬਾਬਾ ਸਾਹਿਬ ਦਾ ਸਭ ਤੋਂ ਵੱਡਾ ਫਿਕਰ ਅਤੇ ਅੰਦੇਸ਼ਾ ਸੀ ਜੋ ਹੁਣ ਸੱਚ ਹੋ ਰਿਹਾ ਹੈ।

ਅੱਜ ਦੇ ਹਾਲਾਤ ਵਿਚ ਅਜਿਹੀਆਂ ਕੋਈ ਸੰਭਾਵਨਾਵਾਂ ਜਾਂ ਸੂਰਤ ਨਜ਼ਰ ਨਹੀਂ ਆਉਂਦੀ ਜੋ ਸੰਪਰਦਾਇਕ ਸ਼ਕਤੀਆਂ ਦੇ ਦਿਨੋ ਦਿਨ ਵਧਦੇ ਝੱਖੜ ਨੂੰ ਠੱਲ੍ਹ ਪਾ ਸਕੇ, ਭਾਵੇਂ ਵਿਰੋਧੀ ਪਾਰਟੀਆਂ ਵੱਖ-ਵੱਖ ਮੰਚਾਂ ਤੋਂ ਵੱਖ-ਵੱਖ ਮੌਕਿਆਂ ਤੇ ਕਿੰਨੇ ਵੀ ਬਿਆਨ ਜਾਂ ਨਾਅਰੇ ਠੋਕਦੇ ਰਹੇ ਹੋਣ। ਇਸ ਸਮੇਂ ਇਕੱਲੇ ਨਾਅਰਿਆਂ ਦੀ ਨਹੀਂ ਇਕ ਸ਼ਕਤੀਸ਼ਾਲੀ ਤਹਿਰੀਕ (ਮੂਵਮੈਂਟ) ਦੀ ਲੋੜ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਬ੍ਰਿਟਿਸ਼ ਜਿਹੇ ਮਹਾਂ ਸ਼ਕਤੀਸ਼ਾਲੀ ਸਾਮਰਾਜ ਨੂੰ ਜੇ ਕਿਸੇ ਸ਼ਕਤੀ ਨੇ ਭਾਰਤ ਛੱਡਣ 'ਤੇ ਮਜਬੂਰ ਕੀਤਾ ਤਾਂ ਉਹ ਹੋਰ ਸਹਾਇਕ ਕਾਰਨਾਂ ਤੋਂ ਇਲਾਵਾ ਭਾਰਤੀ ਜਨਤਾ ਦੀ ਇੱਕਜੁਟ ਸੰਗਠਿਤ ਤਾਕਤ ਸੀ, ਜਿਸ ਦੀ ਅਗਵਾਈ ਸਮੇਂ ਦੀ ਮੋਹਰੀ ਜਮਾਤ ਕਾਂਗਰਸ ਨੇ ਕੀਤੀ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕਾਂਗਰਸ ਜਮਾਤ ਕਿਸੇ ਵਿਸ਼ੇਸ਼ ਧਰਮ ਜਾਂ ਜਾਤ ਦੀ ਨਹੀਂ ਸੀ, ਉਸ ਦੇ ਵਿਚ ਸਣੇ ਉੱਚ ਲੀਡਰਸ਼ਿਪ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਪਾਰਸੀ ਸਭ ਬਰਾਬਰ ਦੇ ਅਲੰਬਰਦਾਰ ਸਾਥੀ ਸਨ। ਇਸ ਜਮਾਤ ਵਿਚ ਗਲਬਾ ਬਹੁਤਾ ਕਰਕੇ ਭਾਵੇਂ ਹਿੰਦੂ ਲੋਕਾਂ ਦਾ ਹੀ ਰਿਹਾ ਹੋਵੇ ਲੇਕਿਨ ਸਿਧਾਂਤਕ ਰੂਪ ਵਿਚ ਉਸ ਦਾ ਆਧਾਰ ਸੈਕੂਲਰ (ਧਰਮ, ਜਾਤਿ ਨਿਰਲੇਪ) ਹੀ ਸੀ। ਇਹ ਇਸੇ ਪਿਛੋਕੜ ਦਾ ਨਤੀਜਾ ਹੈ ਕਿ ਆਜ਼ਾਦ ਭਾਰਤ ਦੇ ਸੰਵਿਧਾਨ ਦਾ ਧਰਮ ਨਿਰਪੱਖ ਸਰੂਪ ਬਣ ਸਕਿਆ। ਜੇ ਆਜ਼ਾਦੀ ਤੋਂ ਬਾਅਦ ਹਕੂਮਤ ਦੀ ਵਾਗਡੋਰ ਬ੍ਰਾਹਮਣੀ ਸ਼ਕਤੀਆਂ (ਪਾਰਟੀਆਂ) ਦੇ ਹੱਥ ਆਈ ਹੁੰਦੀ, ਕੀ ਉਹਨਾਂ ਦੇ ਸੰਵਿਧਾਨ ਵਿਚ ਨਾਗਰਿਕਾਂ ਦਾ ਬਿਨਾਂ ਲਿਹਾਜ਼ ਧਰਮ, ਜਾਤਿ, ਨਸਲ, ਰੰਗ, ਲਿੰਗ, ਬਰਾਬਰਤਾ ਦਾ ਸਿਧਾਂਤ ਆ ਸਕਦਾ ਸੀ? ਜਾਤ ਆਧਾਰਿਤ ਛੂਤਛਾਤ ਦੀ ਲਾਹਨਤ ਜੁਰਮ ਕਰਾਰ ਦੇ ਦਿੱਤੀ ਜਾਂਦੀ? ਸਮਾਜ 'ਚੋਂ ਛੇਕੇ, ਦੁਰਕਾਰੇ, ਵੰਚਿਤ ਦਲਿਤ ਸ਼ੋਸ਼ਿਤ ਤਬਕਿਆਂ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਉਥਾਨ ਹਿੱਤ ਸਰਕਾਰੀ ਨੌਕਰੀਆਂ, ਪਾਰਲੀਮੈਂਟ ਅਤੇ ਅਸੈਂਬਲੀਆਂ ਵਿਚ ਰਿਜ਼ਰਵੇਸ਼ਨ ਦੇ ਅਧਿਕਾਰ ਮਿਲ ਸਕਦੇ?

ਇਹ ਸਵਾਲ ਭਾਵੇਂ ਕਾਲਪਨਿਕ ਪ੍ਰਕਾਰ ਦੇ ਹਨ ਪਰ ਹਿੰਦੂਤਵੀ ਏਜੰਡੇ ਨੂੰ ਧਿਆਨ 'ਚ ਰੱਖਦੇ ਹੋਏ ਇਹਨਾਂ ਸੰਭਾਵਨਾਵਾਂ ਨੂੰ ਰੱਦ ਵੀ ਨਹੀਂ ਕੀਤਾ ਜਾ ਸਕਦਾ। 1998 ਵਿਚ ਵਾਜਪਾਈ ਸਰਕਾਰ ਨੇ, ਪਿੱਛੇ ਹੋਏ ਬਿਹਾਰ ਇਲੈਕਸ਼ਨਾਂ ਵਿਚ ਸੰਘ ਪ੍ਰਮੁੱਖ ਮੋਹਨ ਭਾਗਵਤ ਅਤੇ ਹੁਣ ਸੰਘ ਦੇ ਪ੍ਰਮੁੱਖ ਪ੍ਰਵਕਤਾ ਐਮ. ਆਰ. ਵੈਦ ਨੇ ਜੋ ਰਿਜ਼ਰਵੇਸ਼ਨ ਖਤਮ ਕਰਨ ਬਾਰੇ ਬਿਆਨ ਦਿੱਤੇ ਹਨ, ਉਹ ਸਾਡੇ ਦਾਅਵਿਆਂ/ ਅੰਦੇਸ਼ਿਆਂ ਦੇ ਸਬੂਤ ਲਈ ਕਾਫੀ ਹਨ।

ਇੱਥੇ ਇਕੱਲੇ ਦਲਿਤ ਅਧਿਕਾਰਾਂ ਦਾ ਸਵਾਲ ਨਹੀਂ ਮੋਦੀ ਸਰਕਾਰ ਤਾਂ ਸੰਵਿਧਾਨ ਦੀ ਅਥਾਰਟੀ ਨੂੰ ਹੀ ਮੰਨਣ ਨੂੰ ਤਿਆਰ ਨਹੀਂ, ਖਾਸ ਕਰਕੇ ਉਸ ਦੇ ਬੁਨਿਆਦੀ ਸਿਧਾਂਤ ਸੈਕੂਲਰਵਾਦ ਅਤੇ ਸਮਾਜਵਾਦ ਦਾ ਤਾਂ ਉਹ ਖੁੱਲ੍ਹ ਕੇ ਵਿਰੋਧ ਹੀ ਨਹੀਂ ਕਰਦੇ, ਉਸ ਦਾ ਮਜ਼ਾਕ ਵੀ ਉਡਾਇਆ ਜਾਂਦਾ ਹੈ। 31 ਫੀਸਦੀ ਵੋਟਾਂ ਦੇ ਬਾਵਜੂਦ ਜੇ ਮੋਦੀ ਸਰਕਾਰ ਹਕੂਮਤ ਬਣਾਉਣ ਵਿਚ ਸਫਲ ਹੋ ਗਈ ਅਤੇ ਧੜਾਧੜ ਆਪਣੀ ਮਰਜ਼ੀ ਦੇ ਕਾਨੂੰਨ ਬਣਾ ਕੇ ਆਪਣਾ ਏਜੰਡਾ ਲਾਗੂ ਕਰ ਰਹੀ ਹੈ, ਇਸ ਦਾ ਇਹ ਮਤਲਬ ਨਹੀਂ ਕਿ ਇਹ ਇਕ ਆਦਰਸ਼ ਸਰਕਾਰ ਹੈ। ਇਹ ਨਿਸ਼ਚਿਤ ਰੂਪ ਵਿਚ ਲੋਕਤੰਤਰੀ ਸਿਧਾਂਤਾਂ, ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਉਲਟ ਹੈ ਅਤੇ ਇਸ 'ਤੇ ਹਰ ਹਾਲਤ ਵਿਚ ਪੂਰੀ ਸੰਜੀਦਗੀ ਨਾਲ ਰੋਕ ਲਗਾਉਣੀ ਚਾਹੀਦੀ ਹੈ।

ਚੋਣਾਂ ਇਸ ਚੁਣੌਤੀ ਦਾ ਢੁਕਵਾਂ ਜਵਾਬ ਅਤੇ ਬਿਹਤਰੀਨ ਮੌਕਾ ਹਨ।



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing



**510- 733- 2222**

1421 Industrial PKWY West#F Hayward, CA 94544

Prop: Jasbir Singh Takhar
510-755-2132

Harmandeep Singh

# A & S

## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

**TRUCKING SERVICES:**

- IRP PLATES
- IFTA- FUEL TAX RETURNS
- MC, US DOT #
- CA #, MCP, EPN ENROLLMENTS
- TITLE TRANSFER

Capital services

**PERSONAL CAR SERVICES:**
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ — ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ — ਹਰ ਮੌਸਮ 'ਚ

# ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ — ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

# ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਸੁਰਜਨ ਜ਼ੀਰਵੀ ਦੀ "ਪੱਤਰਕਾਰੀ ਫੈਕਟਰੀ"!



ਐੱਸ ਬਲਵੰਤ
s.balwantuk@yahoo.co.uk

ਸੁਰਜਨ ਜ਼ੀਰਵੀ ਇਕ ਐਸਾ ਨਾਂਅ ਹੈ ਜੋ ਪੰਜਾਬੀ ਪੱਤਰਕਾਰੀ ਦੇ ਸਰਕਲ ਵਿਚ ਬਹੁਤ ਪਿਆਰ ਤੇ ਸਤਿਕਾਰ ਨਾਲ ਲਿਆ ਜਾਂਦਾ। ਉਸ ਦੀ ਲੀਡਰਸ਼ਿਪ ਸਮੇਂ ਰੋਜ਼ਾਨਾ ਨਵਾਂ ਜ਼ਮਾਨਾ ਵਿਚ "ਪੱਤਰਕਾਰੀ-ਫੈਕਟਰੀ" ਚਲਦੀ ਹੁੰਦੀ ਸੀ। ਭਾਵੇਂ ਇਹ ਅਖਬਾਰ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਟਰੱਸਟ ਵਲੋਂ ਚਲਾਇਆਂ ਜਾਂਦਾ, ਪਰ ਇਸ ਅਖਬਾਰ ਨੂੰ ਕਮਿਊਨਿਸਟ ਪਾਰਟੀ ਦਾ ਇਮੇਜ-ਮੇਕਰ ਵੀ ਕਿਹਾ ਜਾਂਦਾ ਰਿਹਾ। ਇਸ ਅਖਬਾਰ ਪਿੱਛੇ ਇਸ ਦੀ ਮਾਇਕ ਪੱਖੋਂ ਰੀੜ੍ਹ ਦੀ ਹੱਡੀ ਵੀ ਪਾਰਟੀ ਹੀ ਸੀ। ਇਸ ਪੱਖੋਂ ਹੀ ਇਸਦੇ ਮੁੱਖ ਸੰਪਾਦਕ ਜਗਜੀਤ ਸਿੰਘ ਆਨੰਦ ਤੋਂ ਲੈਕੇ ਅਵਾਮੀ ਕੋ-ਆਪਰੇਟਿਵ ਪ੍ਰਿੰਟਿੰਗ ਪ੍ਰੈੱਸ ਦੇ ਅਖੀਰਲੇ ਕਾਮੇ ਤੀਕ ਇਹੋ ਜਿਹੇ ਵਰਕਰਾਂ ਦੀ ਹੀ ਸ਼ਮੂਲੀਅਤ ਹੁੰਦੀ ਸੀ ਜੋ ਕਿਤੇ ਨਾ ਕਿਤੇ ਸਮਾਜਵਦੀ ਨਿਜ਼ਾਮ ਦਾ ਹਾਮੀ ਹੁੰਦਾ। ਚਾਹੇ ਉਹ ਜਨਰਲ ਮੈਨੇਜਰ ਕ੍ਰਿਸ਼ਨ ਭਾਰਦਵਾਜ ਤੇ ਭਾਵੇਂ ਕੰਪੋਜ਼ੀਟਰ ਰਾਮ ਲੁਭਾਇਆ। ਭਾਵੇਂ ਮਸ਼ੀਨਮੈਨ ਪੰਨਾ ਲਾਲ ਹੁੰਦਾ ਜਾਂ ਸੰਪਾਦਕੀ ਦੀ ਰੋਸ਼ਨੀ ਨੂੰ ਲੈਅ ਲਾਓਣ ਵਾਲਾ ਗੁਰਬਖਸ਼ ਬੰਨੂੰਆਣਾ ਹੁੰਦਾ।ਪੱਤਰਕਾਰ ਭੂਪਿੰਦਰ ਸਾਂਬਰ ਜਾਂ ਬਲਜੀਤ ਪੰਨੂੰ ਹੁੰਦਾ। ਦਲਬੀਰ ਹੁੰਦਾ ਜਾਂ ਬੰਤ ਸਿੰਘ ਹੁੰਦਾ। ਇਸ ਸਾਰੇ ਮਾਹੌਲ ਵਿਚ ਸੁਰਜਨ ਜ਼ੀਰਵੀ ਦੀ "ਪੱਤਰਕਾਰੀ-ਫੈਕਟਰੀ" ਦੇ ਵਰਕਰ ਮੈਦਾਨੇ-ਜੰਗ ਵਿਚ ਤਲਵਾਰ ਨਾਲ ਯੁੱਧ ਲੜਨ ਵਾਲੇ ਸਿਪਾਹੀ ਅਖਬਾਰ ਲਈ ਕਲਮਾਂ ਨਾਲ ਹਰਫਾਂ ਦੀ ਚੋਣ ਕਰਦੇ ਸਨ। ਇਕ ਵੱਡੇ ਸਾਰੇ ਮੇਜ਼ ਦੇ ਗੱਭੇ ਜ਼ੀਰਵੀ ਦੀ ਕੁਰਸੀ ਹੁੰਦੀ ਤੇ ਆਸੇ-ਪਾਸੇ ਬਾਕੀ ਸਭ ਫੌਜੀਆਂ ਦੀਆਂ। ਭੂਪਿੰਦਰ ਸਾਂਬਰ, ਬਲਜੀਤ ਪੰਨੂੰ, ਦਲਬੀਰ, ਬੰਤ ਸਿੰਘ, ਸ਼ਿੰਗਾਰਾ ਸਿੰਘ ਭੁੱਲਰ, ਦਿਲਬਾਗ ਬਾਗਾ, ਤੇ ਦਰਜਣਾਂ ਹੋਰ ਨਾਂਅ ਇਨ੍ਹਾਂ ਕੁਰਸੀਆਂ ਤੇ ਬੈਠ ਜ਼ੀਰਵੀ ਤੋਂ ਕਲਮ-ਅੰਦਾਜ਼ੀ ਸਿੱਖ ਤੁਰਦੇ ਗਏ।ਬਹੁਤ ਸਾਰੇ ਲੋਕ ਐਸੇ ਵੀ ਆਉਂਦੇ ਗਏ ਜੋ ਪੂਰਾ ਸਮਾਂ ਤਾਂ ਨਹੀਂ ਪਰ ਵਕਤੀ ਕਾਮੇ ਬਣ ਜ਼ੀਰਵੀ ਦੀ ਸ਼ਾਗਿਰਦੀ ਕਰਨ ਦਾ ਮਾਣ ਮਹਿਸੂਸ ਕਰਦੇ ਰਹੇ। ਸ਼ੁਕੀਨ ਸਿੰਘ ਤੇ ਹੋਰ ਅਜਿਹੇ ਨਾਂਅ ਵੀ ਜ਼ੀਰਵੀ ਨਾਲ ਜੁੜਦੇ ਰਹੇ। ਬੰਤ ਸਿੰਘ ਬਰਾੜ, ਸਤਨਾਮ ਚਾਨਾ, ਨਵਜੀਤ ਜੌਹਲ, ਗੁਰਮੀਤ, ਵਰਗੇ ਨੌਜੁਆਨ ਤਾਂ ਨਵਾਂ ਜ਼ਮਾਨਾ ਆਉਂਦੇ ਜਾਂਦੇ ਹੱਥ ਅਜ਼ਮਾਉਂਦੇ ਰਹੇ, ਪਰ ਦੌਲੀਕੇ, ਮਦਨ ਲਾਲ ਤੇ ਸ਼ੀਲਾ ਦੀਦੀ, ਤੁਲਸੀ ਰਾਮ, ਵਰਗੇ ਸੂਝਵਾਨਾਂ ਦੀ ਆਮਦ ਵੀ ਇਥੇ ਲਗਾਤਾਰ ਰਹਿੰਦੀ।

1970 ਵਿਚ ਜਲੰਧਰ ਵਿਖੇ ਮੇਰੇ ਵੱਡੇ ਭਰਾ ਪ੍ਰਕਾਸ਼ ਦੀ ਅਚਾਨਕ ਮੌਤ ਹੋ ਜਾਣ ਕਾਰਣ ਮੈਨੂੰ ਦਿੱਲੀ ਵਿਚ ਆਪਣਾ ਪ੍ਰਿੰਟਿੰਗ ਦਾ ਕਾਰੋਬਾਰ ਵਿਚੇ ਛੱਡ ਪਰਵਿਾਰਕ ਕਾਰਣਾਂ ਕਰਕੇ ਜਲੰਧਰ ਹੀ ਰੁਕਣਾ ਪੈਣਾ ਸੀ। ਨਾਮਧਾਰੀ ਸਮਾਜ ਵਿਚ ਜਾਣੇ ਪਛਾਣੇ ਪ੍ਰੀਤਮ ਸਿੰਘ ਕਵੀ ਉਦੋਂ ਅਵਾਮੀ ਪ੍ਰੈੱਸ ਵਿਚ ਮੈਨੇਜਰ ਦੇ ਅਹੁਦੇ 'ਤੇ ਜ਼ਿੰਮੇਵਾਰੀ ਸੰਭਾਲ ਰਹੇ ਸਨ। ਦਿੱਲੀਓਂ ਇਕ ਜ਼ਮਾਨੇ ਵਿਚ ਨਾਮਧਾਰੀ ਗੁਰੂ ਬਾਬਾ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ ਦੀ ਅਗਵਾਈ ਵਿਚ ਰੋਜ਼ਾਨਾ ਨਵਾਂ ਹਿੰਦੁਸਤਾਨ ਨਾਂਅ ਦਾ ਅਖਬਾਰ ਨਿਕਲਦਾ ਹੁੰਦਾ ਸੀ ਤੇ ਮੈਂ ਵੀ ਉਸ ਦੇ ਕਾਰਕੁੰਨ ਅਮਲੇ ਵਿਚ ਸ਼ਾਮਲ ਸਾਂ । ਕਵੀ ਮੇਰੇ ਉਦੋਂ ਦੇ ਵਾਕਫ ਸਨ। ਜਲੰਧਰ ਰਹਿਣ ਕਰਕੇ ਕਵੀ ਨੇ ਜਗਜੀਤ ਸਿੰਘ ਆਨੰਦ, ਕ੍ਰਿਸ਼ਨ ਭਾਦਰਦਵਾਜ, ਤੁਲਸੀ ਰਾਮ ਨਾਲ ਮੇਰੀ ਜਾਣ-ਪਹਿਚਾਣ ਕਰਵਾਈ ਤਾਂ ਮੈਂ ਕਮਿਊਨਿਸਟ ਪਾਰਟੀ ਜੁਆਇਨ ਕਰ ਪਾਰਟੀ ਨਾਲ ਸੰਬੰਧਤ ਅਦਾਰੇ ਪੰਜਾਬ ਬੁੱਕ ਸੈਂਟਰ, ਅਵਾਮੀ ਪ੍ਰੈੱਸ, ਤੇ ਨਵਾਂ ਜ਼ਮਾਨਾ ਵਿਚ ਵੱਖ ਵੱਖ ਜ਼ਿੰਮੇਵਾਰੀਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਉਥੇ ਹੀ ਮੇਰੀ ਮੁਲਾਕਾਤ ਸੁਰਜਨ ਜ਼ੀਰਵੀ ਨਾਲ ਹੋਈ ਤੇ ਮਾਮੂਲੀ ਜਿਹੇ ਸਮੇਂ 'ਚ ਹੀ ਅਸੀ ਇਸ ਤਰ੍ਹਾਂ ਘੁੱਲ-ਮਿਲ ਗਏ ਜਿਵੇਂ ਅਸੀ ਇਕ ਦੂਜੇ ਨੂੰ ਮੁੱਦਤਾਂ ਤੋਂ ਜਾਣਦੇ ਹੋਈਏ। ਨਿਊਜ਼ ਵਾਲੇ ਕਮਰੇ ਦੇ ਪਿੱਛੇ ਹੀ ਜ਼ੀਰਵੀ ਦੀ ਰਿਹਾਇਸ਼ ਸੀ ਤੇ ਅੰਮ੍ਰਿਤ ਜ਼ੀਰਵੀ ਤੇ ਉਸ ਵੇਲੇ ਛੋਟੀ ਜਿਹੀ ਉਨ੍ਹਾਂ ਦੀ ਬੇਟੀ ਪੂਪੇ ਉਥੇ ਰਹਿੰਦੇ ਸਨ। ਅੰਮ੍ਰਿਤ ਜ਼ੀਰਵੀ, ਮਹਿੰਦਰ ਸਾਂਬਰ, ਵਿਮਲਾ ਡਾਂਗ, ਸ਼ੀਲਾ ਦੀਦੀ ਤੇ ਹੋਰ ਵੀ ਕਈ ਨਾਂ ਹਨ ਜੋ ਸਭ ਔਰਤਾਂ ਦੇ ਮਸਲਿਆਂ ਨੂੰ ਲੈ ਕੇ ਸਰਗਰਮ ਸਨ। ਇਸੇ ਸਭ ਮਸਰੂਫੀਅਤ ਕਰਕੇ ਉਹ ਪਾਰਟੀ ਦੇ ਕੰਮਾਂ 'ਚ ਰੁੱਝੀ ਰਹਿੰਦੀ ਤੇ ਸ਼ਾਇਦ ਇਹੀ ਮੁੱਖ ਕਾਰਣ ਸੀ ਕਿ ਮੈਂ ਅੰਮ੍ਰਿਤ ਨੂੰ ਕਦੇ ਰੋਟੀ ਪਕਾਉਂਦੇ ਨਹੀਂ ਦੇਖਿਆ। ਸਬਜ਼ੀ ਕਦੇ ਜ਼ੀਰਵੀ ਬਣਾ ਲੈਂਦਾ ਤੇ ਕਦੇ ਅੰਮ੍ਰਿਤ। ਸ਼ਕੀਨ ਵੀ ਇਸ ਕੰਮ 'ਚ ਮਾਹਰ ਸੀ ਤੇ ਉਹ ਜ਼ੀਰਵੀ ਆਪਣੀ ਮੇਜ਼ 'ਤੋਂ ਨਾ ਉੱਠਣ ਦਿੰਦਾ ਤੇ ਰਸੋਈ ਦੇ ਕੰਮ ਦਾ ਬੁੱਤਾ ਉਹ ਸਾਰ ਦਿੰਦਾ। ਖਾਣ ਲਈ ਅਕਸਰ ਡਬਲ-ਰੋਟੀ ਨਾਲ ਹੀ ਕੰਮ ਚਲਦਾ ਸੀ।ਖਦੇ ਕਦੇ ਚਾਵਲ ਉੱਬਲ ਜਾਂਦੇ। ਪੂਪੇ ਸਕੂਲੇ ਜਾਂਦੀ ਪਰ ਦੁਪਹਿਰ ਨੂੰ ਵਾਪਸ ਆ ਆਪਣੇ ਖੇਹਲਣ ਲਈ ਸਾਥ ਲੱਭਦੀ ਪਰ ਹੋਰ ਕੋਈ ਨਾ ਮਿਲਦਾ ਤਾਂ ਨਵਾਂ ਜ਼ਮਾਨਾ ਦੇ ਕਾਮਿਆਂ 'ਚੋਂ ਹੀ ਕੋਈ ਨਾ ਕੋਈ ਉਹਦੇ ਨਾਲ ਖੇਹਲਣ ਲੱਗ ਪੈਂਦਾ। ਖਦੇ ਕਦੇ ਉਹ ਮੇਰੇ ਨਾਲਖੇਹਲਣ 'ਚ ਮਸਰੂਫ ਹੋ ਜਾਂਦੀ। ਵਿਚ ਵਿਚ ਮੈਂ ਵੀ ਨਵਾਂ ਜ਼ਮਾਨਾ ਲਈ ਕੁਝ ਨਾ ਕੁਝ ਲਿਖਣ ਲੱਗ ਪਿਆ। ਫਿਰ ਆਨੰਦ ਹੁਰਾਂ ਕਿਹਾ ਮੈ ਲੋਕਾਂ ਦੇ ਖਤਾਂ ਦੇ ਜੁਆਬ ਲਿਖ ਦਿਆ ਕਰਾਂ। ਮੇਰੇ ਉਹ ਖਤ ਤੇ ਜੁਆਬ ਚੰਗੇ ਪਾਪੂਲਰ ਹੋ ਗਏ । ਵਿਚ-ਵਿਚ ਕੰਟਰੋਵਰਸੀਆਂ ਵੀ ਸ਼ੁਰੂ ਹੋ ਜਾਂਦੀਆਂ। ਮੇਰੀ ਲਿਖਤ ਵਿਚ ਕਮਿਉਨਿਸਟ-ਕੱਟੜਵਾਦ ਨੂੰ ਲੱਭਿਆ ਜਾਂਦਾ। ਇਕ ਦੋ ਵਾਰੀ ਸੂਬਾ ਕੌਂਸਲ ਤੀਕ ਵੀ ਗੱਲ ਪਹੁੰਚ ਗਈ। ਇਲਜਾਮ ਇਹ ਸੀ ਕਿ ਮੈਂ ਗੈਰ-ਕਮਿਊਨਿਸਟ ਸੁਆਲਾਂ ਦੇ ਜੁਆਬ ਵੀ ਦਿੰਦਾ ਹਾਂ। ਪਰ ਮੇਰੀ ਸੋਚ ਇਹ ਹੁੰਦੀ ਸੀ ਕਿ ਜੇ ਕਿਸੇ ਦੇ ਇਕ ਸੁਆਲ ਦਾ ਜਵਾਬ ਦੇਣ ਨਾਲ ਉਹ ਨਵੇਂ ਜ਼ਮਾਨੇ ਦਾ ਲਗਾਤਾਰ ਪਾਠਕ ਬਣ ਸਕਦਾ ਤਾਂ ਕੀ ਹਰਜ ਹੈ? ਪਰਬਬਾਲ ਇਕ ਸੁਆਲ 'ਤੇ ਮਚਿਆ ।ਸੁਆਲ ਸੀ "ਮ-ਹਬੂਬ ਦੀ ਚੁੰਮੀ ਫਿੱਕੀ ਸੀ!" ਤੇ ਜੁਆਬ ਸੀ ਕਿ "ਖੰਡ ਜੁ ਇੰਨੀ ਮਹਿੰਗੀ ਹੋ ਗਈ ਹੈ?" ਪਰ ਮੇਰੇ ਚੇਤੇ 'ਚ ਨਾ ਅਜਿਹਾ ਕੋਈ ਖੱਤ ਆਇਆ ਸੀ ਤੇ ਨਾ ਹੀ ਮੈਂ ਜੁਆਬ ਦਿੱਤਾ ਸੀ। ਤੇ ਨਾ ਹੀ ਇਹ ਛਪਿਆ ਸੀ।ਆਨੰਦ ਜੀ ਨੂੰ ਮੇਰੇ ਲਿਖੇ ਸਾਰੇ ਦੇ ਸਾਰੇ ਸਟੱਫ ਨੂੰ ਪੜਨਾ ਪਿਆ ਤੇ ਉਹ ਹੈਰਾਨ ਸਨ ਕਿ ਜੋ ਇਲਜ਼ਾਮ ਲਗਾਇਆ ਜਾ ਰਿਹਾ ਇਹਦਾ ਤਾਂ ਮੇਰੀ ਲਿਖਤ ਵਿਚ ਨਾਮੋ-ਨਿਸ਼ਾਨ ਤੱਕ ਵੀ ਨਹੀਂ। ਆਨੰਦ ਹੁਰਾਂ ਫਿਰ ਸੂਬਾ ਕੌਂਸਲ ਮੀਟਿੰਗ ਵਿਚ ਮੇਰੇ ਹੱਕ 'ਚ ਤੇ ਮੇਰੇ ਵਿਰੋਧੀਆਂ ਦੀਆਂ ਧੱਜੀਆਂ ਉੜਾ ਦਿੱਤੀਆਂ।

ਉਦੋਂ ਨਿਊਜ਼-ਕਮਰੇ ਵਿਚ ਜਾਂਦਿਆਂ ਹੀ ਜ਼ੀਰਵੀ ਦੇ ਉੱਚੇ-ਉੱਚੇ ਠਹਾਕਿਆਂ ਦੀ ਆਵਾਜ਼ ਆਉਣੀ। ਨਾਲ ਕਦੇ ਭੁਪਿੰਦਰ ਸਾਂਬਰ ਤੇ ਕਦੇ ਦਲਬੀਰ ਉਨ੍ਹਾਂ ਠਹਾਕਿਆਂ 'ਚ ਸ਼ਾਮਲ ਹੁੰਦਾ। ਕਦੇ ਬਲਜੀਤ ਪੰਨੂੰ, ਕਦੇ ਸ਼ਕੀਨ ਤੇ ਕਦੇ ਜੋਸ਼ੀ। ਜ਼ੀਰਵੀ ਨੂੰ ਹਮੇਸ਼ਾ ਇਕ ਆਹਲਾ ਪੱਤਰਕਾਰ ਸਮਝਿਆ ਜਾਂਦਾ ਰਿਹਾ। ਜਲੰਧਰ ਦੀਆਂ ਸਾਰੀਆਂ ਅਖਬਾਰਾਂ ਜ਼ੀਰਵੀ ਨੂੰ ਕਿਸੇ ਵੀ ਕੀਮਤ 'ਤੇ ਆਪਣੇ ਵੱਲ ਖਿੱਚਣ ਲਈ ਹਰ ਹੀਲੇ ਤੱਤਪਰ ਰਹਿੰਦੀਆਂ। ਪਰ ਉਨ੍ਹਾਂ ਤੋਂ ਉੜਦੇ ਬਾਜਾਂ ਮਗਰ ਦੋ ਕਦਮ ਵੀ ਨਾ ਭੱਜ ਹੁੰਦਾ।

ਉਸ ਵੇਲੇ ਜਲੰਧਰ ਦੀਆਂ ਅਖਬਾਰਾਂ ਦੇ ਸੰਪਾਦਕੀ ਅਮਲੇ ਵਿਚ ਨਵਾਂ ਜ਼ਮਾਨਾ ਤੋਂ ਜਗਜੀਤ ਸਿੰਘ ਆਨੰਦ, (ਬਾਅਦ ਵਿਚ ਗੁਰਬਖਸ਼ ਸਿੰਘ ਬੰਨੂੰਆਣਾ ਵੀ), ਅਜੀਤ 'ਚ ਸਾਧੂ ਸਿੰਘ ਹਮਦਰਦ ਤੋਂ ਬਾਅਦ ਅਵਤਾਰ ਸਿੰਘ ਆਜ਼ਾਦ, ਅਕਾਲੀ ਪੱਤ੍ਰਿਕਾ ਤੋਂ ਅਮਰ ਸਿੰਘ ਦੋਸਾਂਝ ਤੋਂ ਬਾਅਦ ਗਿਆਨੀ ਸ਼ਾਦੀ ਸਿੰਘ, ਕੌਮੀ ਦਰਦ 'ਚੋਂ ਗਿਆਨੀ ਭਜਨ ਸਿੰਘ, ਤੇ ਹਿੰਦੀ-ਉਰਦੂ 'ਚੋਂ ਲਾਲਾ ਜਗਤ ਨਾਰਾਇਣ, ਯਸ, ਵੀਰੇਂਦਰ ਵਰਗੇ ਨਾਮਵਰ ਤੇ ਕੱਦਦਾਰ ਪੱਤਰਕਾਰ ਸਰਗਰਮ ਸਨ। ਪਰ ਖਬਰਾਂ ਦੇ ਮੇਚ ਦਾ ਕਰਾਊਨ ਜੋ ਜ਼ੀਰਵੀ ਕੋਲ ਸੀ ਉਹ ਕਿਸੇ ਹੋਰ ਅਖਬਾਰ ਦੇ ਪ੍ਰਤੀਨਿਧ ਕੋਲ ਨਹੀਂ ਸੀ। ਉਹ ਹਾਸਿਆਂ 'ਚੋਂ ਵੀ ਖਬਰਾਂ ਬਣਾ ਲੈਣ ਦਾ ਮਾਹਰ ਸੀ। ਉਹ ਖਬਰਾਂ ਨੂੰ ਪਾਪੂਲਰ ਨੁਕਤਿਆਂ ਤੋਂ ਵੀ ਪਾਠਕ ਦੇ ਦਿੱਲ ਤੀਕ ਪਹੁੰਚਣ ਦੀ ਜਾਚ ਰੱਖਦਾ ਸੀ। ਉਸੇ ਵੱਡੀ ਮੇਜ਼ 'ਤੇ ਬੈਠੇ ਬਾਕੀ ਪੱਤਰਕਾਰ ਬਹੁਤ ਗੰਭੀਰਤਾ ਨਾਲ ਜ਼ੀਰਵੀ ਤੋਂ ਕਿਸੇ ਮਸਲੇ ਬਾਰੇ ਪੁੱਛਦੇ ਤਾਂ ਉਹ ਉਹਨਾਂ ਨੂੰ ਪਾਪੁਲਰ ਕਿਸਮ ਦੀ ਰਵਾਇਤ ਨਾਲ ਸਮਝਾਉਂਦਾ ਤਾਂ ਉਸ ਸਾਥੀ ਦੇ ਖਾਨੇ 'ਚ ਗੱਲ ਸਿੱਧੀ ਪਹੁੰਚ ਜਾਂਦੀ। ਜ਼ੀਰਵੀ ਇਸ ਗੱਲ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦਾ ਕਿ ਅਖਬਾਰ ਜਾਂ ਬਾਕੀ ਕਮਿਉਨੀਕੇਸ਼ਨ ਦੀ ਭਾਸ਼ਾ ਉਹੀ ਹੋਣੀ ਚਾਹੀਦੀ ਹੈ ਜੋ ਲੋਕਾਂ ਦੇ ਖਾਨੇ ਵਿਚ ਸਿੱਧੀ ਪਹੁੰਚ ਸਕੇ । ਤੁਹਾਡੀ ਗੱਲ ਪਾਠਕ ਦੇ ਸਿਰ ਉਤੋਂ ਦੀ ਹੀ ਨਿਕਲ ਗਈ ਤਾਂ ਨਾ ਕ੍ਰਿਤ ਕਰਨ ਵਾਲੇ ਦਾ ਮਕਸਦ ਪੂਰਾ ਹੋਣਾ ਤੇ ਨਾ ਉਸ ਦੀ ਵਰਤੋਂ ਕਰਨ ਵਾਲੇ ਦਾ।

ਉਦੋਂ ਪੱਤਰਕਾਰੀ ਦਾ ਮਿਆਰ ਵੀ ਇਮਾਨਦਾਰੀ ਤੇ ਜ਼ਿੰਮੇਦਾਰੀਆਂ ਨਾਲ ਭਰਪੂਰ ਹੁੰਦਾ ਸੀ। ਅਖਬਾਰ 'ਚ ਲਿਖੀ ਖਬਰ ਦੇ ਸ਼ਬਦਾਂ ਦਾ ਅਸਰ ਇੰਨਾ ਹੁੰਦਾ ਸੀ ਕਿ ਮੈਨੂੰ ਹਾਲੇ ਤੀਕ ਚੇਤੇ ਹੈ ਕਿ ਬਜ਼ੁਰਗ ਕਹਿੰਦੇ ਹੁੰਦੇ ਸਨ ਕਿ ਜੇ ਅਖਬਾਰ 'ਚ ਲਿਖੀ ਖਬਰ ਹੈ ਤਾਂ ਸਮਝੋ ਇਹ ਗੱਲ ਪੱਕੀ ਸਿਆਹੀ ਨਾਲ ਲਿਖੀ ਹੈ ਝੂਠੀ ਨਹੀਂ ਹੋ ਸਕਦੀ।

ਹੁਣ ਜਦ ਮੈਂ ਦੇਖਦਾਂ ਤਾਂ ਲਗਦਾ ਹੈ ਕਿ ਜ਼ੀਰਵੀ ਜਿਹੜੀ ਭਾਸ਼ਾ ਵਰਤਦਾ ਸੀ ਉਸ ਕਰਕੇ ਨੁਕਸਾਨ ਵੀ ਹੋਇਆ। ਜੀਰਵੀ ਤਾਂ ਭਾਸ਼ਾ ਦਾ ਇਸਤੇਮਾਲ ਇਕ ਚੰਗੇ ਟੂਲ ਵਜੋਂ ਹੀ ਕਰਦਾ ਜਾਂ ਕਰਨ ਲਈ ਸਮਝਾਊਂਦਾ ਸੀ ਪਰ ਮਗਰੋਂ ਉਸੇ ਦੀ ਨਕਲ ਬਹੁਤ ਹੀ ਚੀਪ ਮਾਅਨਿਆਂ ਵਿਚ ਹੋਣ ਲੱਗੀ।

ਇਕ ਦਿਨ ਸ਼ੌਕੀਨ ਨੇ ਜ਼ੀਰਵੀ ਨੂੰ ਮੇਰੇ ਖਿਲਾਫ ਭੜਕਾ ਦਿੱਤਾ। ਥੇ ਜਦ ਮੈਂ ਜ਼ੀਰਵੀ ਦੇ ਕਮਰੇ 'ਚ ਗਿਆ ਹੀ ਤਾਂ ਜ਼ੀਰਵੀ ਨੇ ਆਪਣਾ ਫੁੱਟਾ ਚੁੱਕ ਲਿਆ। ਮੈਨੂੰ ਕਹੇ ਹੱਥ ਪੁੱਠਾ ਕਰ। ਮੈਂ ਸੋਚਿਆ ਉਹ ਕੁਝ ਦੇਖਣਾ ਚਾਹੁੰਦਾ ਹੋਵੇਗਾ।ਮੈਂ ਅਭੋਲਤਾ 'ਚ ਹੀ ਆਪਣਾ ਹੱਥ ਪੁੱਠਾ ਕਰ ਦਿੱਤਾ ਤਾਂ ਉਸ ਨੇ ਠਾਹ ਦੇਣੀ ਮੇਰੇ ਹੱਥ 'ਤੇ ਫੁੱਟਾ ਮਾਰ ਦਿਤਾ। ਭਾਰ ਬਾਰ ਮਾਰੀ ਜਾਵੇ। ਮੈਂ ਪੁੱਛਾਂ ਵੀ, ਕਿ ਕਿਉਂ ਮਾਰ ਰਿਹਾਂ ? ਪਰ ਉਹ ਦੱਸੇ ਵੀ ਨਾ। ਅਖੀਰ ਰਾਜ਼ ਖੁੱਲ੍ਹਾ। ਜੀਰਵੀ ਮੈਨੂੰ ਕਹਿੰਦਾ, "ਤੂੰ ਬਦਮਾਸ਼ਾ ! ਦੱਸਿਆ ਕਿਊਂ ਨਹੀਂ ਕਿ ਵਿਆਹਿਆ ਹੋਇਆਂ? ਤੇ ਤੇਰੀ ਇੰਨੀ ਸੁਹਣੀ ਵਹੁਟੀ ਹੈ?" ਸ਼ੌਕੀਨ ਕੋਲ ਖੜ੍ਹਾ ਖਚਰੀ ਹਾਸੀ ਹੱਸ ਰਿਹਾ ਸੀ। ਮੈਨੂੰ ਸਮਝ ਆ ਗਈ ਕਿ ਇਹ ਲਾਂਬੂੰ ਉਸੇ ਦਾ ਹੀ ਲਾਇਆ ਹੋਇਆ।

"ਮੈਨੂੰ ਹੁਣੇ ਹੁਣੇ ਸ਼ੌਕੀਨ ਨੇ ਦੱਸਿਆ ਕਿ ਤੇਰੀ ਵਹੁਟੀ ਤਾਂ ਸੁਹਣੀ ਹੀ ਬਹੁਤ ਹੈ? ਬਦਮਾਸ਼ !ਤੂੰ ਮੇਰੀ ਵਹੁਟੀ ਰੋਜ਼ ਦੇਖ ਜਾਨਾਂ ਪਰ ਆਪਣੀ ਕਦੇ ਦਿਖਾਉਂਦਾ ਹੀ ਨਹੀਂ...ਜਾਹ ਭੱਜ ਕੇ ਤੇ ਉਹਦੇ ਨਾਲ ਹੀ ਇਸ ਦਫਤਰ 'ਚ ਵੜ੍ਹੀਂ !" ਕੋਲ ਕੁਰਸੀ 'ਤੇ ਬੈਠੀ ਅੰਮ੍ਰਿਤ ਵੀ ਮੁਸਕਰਾਈ ਜਾਵੇ ਜਿਵੇਂ ਸਭ ਨੇ ਮਿਲ ਕੇ ਬਟੇਰੇ ਦਾ ਸ਼ਿਕਾਰ ਕਰ ਲਿਆ ਹੋਵੇ।

ਪਰ ਉਸ ਸਾਰੇ ਵਿਚ ਅਪਣੱਤ ਇੰਨੀ ਸੀ ਕਿ ਇਹ ਗੱਲ ਐਨ ਉਸੇ ਤਰ੍ਹਾਂ ਅੱਜ ਤੀਕ ਵੀ ਮੇਰੇ ਜ਼ਿਹਨ 'ਚ ਪਈਆਂ ਮਣਰੀਆਂ ਯਾਦਾਂ ਵਿਚ ਮਹਿਫੂਜ਼ ਹੈ।

ਅਖੀਰ 'ਚ ਸਭ ਨੇ ਜੱਫੀਆਂ ਪਾਈਆਂ ਤੇ ਮੈਂ ਆਪਣੀ ਪਤਨੀ ਨੂੰ ਨਾਲ ਲੈ ਕੇ ਜ਼ੀਰਵੀ ਤੇ ਅੰਮ੍ਰਿਤ ਕੋਲ ਆਇਆ। ਸਾਰੇ ਇਕੱਠੇ। ਲੰਚ ਕੀਤਾ। ਖੁਸ਼ੀਆਂ ਮਨਾਈਆਂ ਤੇ ਇਕ ਨਵੇਂ ਰਿਸ਼ਤੇ ਦੀ ਬੁਨਿਆਦ ਰੱਖੀ ਜੋ ਅੱਜ ਤੀਕ ਕਾਇਮ ਹੈ।

ਮਗਰੋਂ ਹੋਰ ਵੀ ਬਹੁਤ ਕੁਝ ਹੋਇਆ। ਜਦੋਂ ਮੋਗਾ ਕਾਂਡ ਹੋਇਆ ਤਾਂ ਉਸ ਵੇਲੇ ਨੌਜੁਆਨ ਸਭਾ ਦੇ ਪ੍ਰਧਾਨ ਬੰਤ ਸਿੰਘ ਬਰਾੜ ਸਨ। ਬਰਾੜ ਨੂੰ ਲੱਭਦੀ ਪੁਲੀਸ ਨਵਾਂ ਜ਼ਮਾਨਾ'ਚ ਉਸ ਨੂੰ ਲੱਭਣ ਆਈ। ਉਦੋਂ ਜ਼ੀਰਵੀ ਨੇ ਮੈਨੂੰ ਖਬਰਦਾਰ ਕੀਤਾ ਕਿ "ਉਹ ਬੰਤ ਸਿੰਘ ਬਰਾੜ ਨੂੰ ਲੱਭ ਰਹੇ ਹਨ ਪਰ ਤੂੰ ਵੀ ਕਿਧਰੇ ਇੱਧਰ ਉਧਰ ਹੋ ਜਾਹ।"

ਮੈਂ ਉਦੋਂ ਉੱਦਾਂ ਤਾਂ ਪਿੰਡ ਚਲਾ ਗਿਆ। ਪਰਜਲੰਧਰ ਆਏ ਕਿਸੇ ਕੰਮ ਕਰਕੇ ਸਵੇਰੇ ਹੀ ਤੜਕੇ ਅਵਾਮੀ ਪ੍ਰੈੱਸ ਦੇ ਇਕ ਸਟਾਫ ਦੀ ਮੁਖਬਰੀ ਕਾਰਨ ਆਪਣੇ ਜਲੰਧਰ ਵਾਲੇ ਘਰੋਂ ਹੀ ਫੜ੍ਹਿਆ ਗਿਆ। ਉਦੋਂ ਜ਼ੀਰਵੀ ਤੇ ਆਨੰਦ ਹੁਰਾਂ ਦੇ ਕਹਿਣ 'ਤੇ ਅਖਬਾਰਾਂ ਵਿਚ ਕਾਫੀ ਰੌਲਾ ਪਿਆ ।ਨਵਾਂ ਜ਼ਮਾਨਾ, ਅਜੀਤ, ਪੰਜਾਬ ਕੇਸਰੀ ਤੇ ਸ਼ਾਇਦ ਹੋਰ ਅਖਬਾਰਾਂ ਵਿਚ ਪੁਲੀਸ ਦੀਆਂ ਵਧੀਕੀਆਂ ਬਾਰੇ ਸੰਪਾਦਕੀ ਵੀ ਲਿਖੇ ਗਏ ਜਿਸ ਦੇ ਨਤੀਜੇ ਵਜੋਂ ਅਖੀਰ ਪੁਲੀਸ ਨੂੰ ਮੈਨੂੰ ਛੱਡਣਾ ਪਿਆ।

-----

1974 ਵਿਚ ਚੰਡੀਗੜ੍ਹ ਦਾ ਪੰਜਾਬ ਬੁੱਕ ਸੈਂਟਰ ਪੂਰੀ ਤਰ੍ਹਾਂ ਸਥਾਪਤ ਕਰਨ ਉਪਰੰਤ ਅਖੀਰ ਜਦ ਮੈਂ ਦਿੱਲੀ ਚਲਾ ਗਿਆ ਤਾਂ ਵੀ ਪਰ ਮੇਰਾ ਪੰਜਾਬ ਦੇ ਸਾਰੇ ਸਾਥੀਆਂ ਨਾਲ ਵਾਸਤਾ ਬਣਿਆ ਰਿਹਾ। ਜ਼ੀਰਵੀ ਤੇ ਅੰਮ੍ਰਿਤ ਪੂਪੇ ਨੂੰ ਕੈਨੇਡਾ ਛੱਡਣ ਜਾਣ ਵੇਲੇ ਦਿੱਲੀ ਮੇਰੇ ਕੋਲ ਹੀ ਰਹੇ। ਪੂਪੇ ਕੈਨੇਡਾ ਜਾਣ ਲਈ ਬਹੁਤ ਖੁਸ਼ ਸੀ, ਅੰਮ੍ਰਿਤ ਉਸ ਤੋਂ ਘੱਟ ਖੁਸ਼ ਸੀ ਪਰ ਜ਼ੀਰਵੀ ਬਹੁਤ ਉਦਾਸ ਸੀ। ਉਨ੍ਹਾਂ ਦੇ ਕੈਨੇਡਾ ਜਾਣ ਲਈ ਦਿੱਲੀ ਦੇ ਕੰਮ ਮੁਕਾ ਜਦ ਉਹਨਾਂ ਨੂੰ ਅਸੀਂ ਵਿਦਾ ਕੀਤਾ ਤਾਂ ਸਾਡੀਆਂ ਸਭ ਦੀਆਂ ਅੱਖਾਂ ਗਿੱਲੀਆਂ ਸਨ।ਨਵਾਂ ਜ਼ਮਾਨਾ, ਉਮਦਾ ਪੱਤਰਕਾਰੀ ਦਾ ਖੰਭ ਉਸ ਜਹਾਜ਼ 'ਚ ਉੜ ਰਿਹਾ ਸੀ ਤੇ ਸਾਨੂੰ ਸ਼ਾਇਦ ਇਹ ਚਿੱਤ-ਚੇਤਾ ਵੀ ਨਹੀਂ ਸੀ ਕਿ ਇਹਨਾਂ ਖੰਭਾਂ ਕੋਲ ਉਸ ਕੁਰਸੀ ਤੇ ਬੈਠਣ ਲਈ ਵਾਪਸ ਮੁੜਨ ਦੀ ਹਿੰਮਤ ਵੀ ਨਹੀ ਹੋਣੀ।

# ਨੋਟਾਂ ਦੀ ਨੌਟੰਕੀ ਅਤੇ ਵੋਟਾਂ ਦਾ ਵਾ ਰੌਲਾ



ਵਰਗਿਸ ਸਲਾਮਤ
91-98782-61522

ਕਹਿੰਦੇ ਨੇ ਇਤਿਹਾਸ ਦੋਹਰਾਅ ਮੰਗਦਾ ਹੈ ਅਤੇ ਤਬਦੀਲੀ ਕੁਦਰਤ ਦਾ ਅੱਟਲ ਨਿਯਮ ਹੈ। ਅੱਜ ਤੋਂ 32 ਸਾਲ ਪਹਿਲਾਂ ਦੇਸ਼ 'ਚ ਸਭ ਤੋਂ ਲੰਬਾ ਸਮਾਂ ਰਾਜ ਪ੍ਰਬੰਧ ਚਲਾ ਚੁੱਕੀ ਕਾਂਗਰਸ ਪਾਰਟੀ ਨੇ 1984 ਦੀਆਂ ਲੋਕਸਭਾ ਚੋਣਾਂ 'ਚ 533 ਸੀਟਾਂ 'ਚੋਂ 414 ਸੀਟਾਂ ਜਿੱਤ ਕੇ ਰਿਕਾਰਡ ਤੋੜ ਜਿੱਤ ਦਰਜ ਕਰਵਾਈ ਸੀ। ਦੇਸ਼ ਦੀਆਂ ਕੁਲ ਵੋਟਾਂ ਦਾ 49 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਉਸ ਸਮੇ ਭਾਰਤੀ ਜਨਤਾ ਪਾਰਟੀ ਨੂੰ ਵਿਰੋਧੀ ਦਲ ਦੇ ਲਾਲੇ ਪੈ ਗਏ ਸਨ। ਉਸ ਸਮੇਂ ਸਭ ਤੋਂ ਵੱਡਾ ਵਿਰੋਧੀ ਦਲ ਐਨ. ਟੀ. ਰਾਮਾਰਾਓ ਦੀ ਅਗਵਾਹੀ ਵਾਲੀ ਤੇਲਗੁ ਦੇਸ਼ਮ ਪਾਰਟੀ ਪਹਿਲੀ ਵਾਰ ਲੋਕਸਭਾ ਚੋਣਾਂ ਲੜ ਕੇ ਰਾਸ਼ਟਰੀ ਕੈਨਵਸ 'ਤੇ ਉੱਬਰੀ ਸੀ। ਭਾਵੇਂ ਕਿ ਉਸ ਵੇਲੇ ਕਾਂਗਰਸ ਨੂੰ ਦੇਸ਼ ਦੀ ਪੂਰਵ ਪ੍ਰਧਾਨ ਮੰਤਰੀ ਮਰਹੂਮ ਸ਼੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹਮਦਰਦੀ ਵਜੋਂ ਅਜਿਹਾ ਇਤਿਹਾਸ ਰਚਿਆ ਗਿਆ ਸੀ।

ਮੌਜ਼ੂਦਾ 16ਵੀਂ ਲੋਕਸਭਾ 'ਚ ਕਾਂਗਰਸ ਕੋਲ ਸਿਰਫ 44 ਲੋਕ ਸਭਾ ਸੀਟਾਂ ਹੀ ਹਨ। ਜੋ ਕਿ ਪਾਰਟੀ ਦੇ ਇਤਿਹਾਸ 'ਚ ਸਭ ਤੋਂ ਘੱਟ ਹਨ। ਇਸ ਵਾਰ ਉਸ ਨੂੰ ਵਿਰੋਧੀ ਧਿਰ ਦਾ ਵੀ ਦਰਜਾ ਨਹੀ ਮਿਲ ਪਾਇਆ। ਯੂ. ਪੀ. ਏ. 2 ਨੂੰ ਜੇ ਦੇਸ਼ ਦੇ ਵੱਡੇ ਘੋਟਾਲਿਆਂ ਦੇ ਨਸ਼ਰ ਹੋਣ ਦਾ ਕਾਲ ਕਹਿ ਲਈਏ ਤਾਂ ਕੋਈ ਅੱਤਕਥਨੀ ਨਹੀ ਹੋਵੇਗੀ। ਸਿੱਟੇ ਵੱਜੋਂ ਲੋਕਾਂ 'ਚ ਪੂਰਾ ਵਿਸ਼ਵਾਸ ਨਾ ਬਣਾ ਸਕਣ ਵਾਲੀ, ਬਦਲ ਵਜੋਂ ਲੋਕਾਂ ਨੂੰ ਭਾਰਤੀ ਜਨਤਾ ਪਾਰਟੀ ਨੂੰ ਮੌਕਾ ਦੇਣਾ ਪਿਆ ਜੋ ਭਾਰਤ ਦੀਆਂ ਕੁਲ ਵੋਟਾਂ ਦਾ 31 ਫੀਸਦੀ ਵੋਟਾਂ ਲੈ ਕੇ ਸੱਤਾ 'ਤੇ ਕਾਬਜ ਹੈ।ਲੋਕ ਕੁਲੀਸ਼ਨ ਸਰਕਾਰਾਂ ਦੀ ਨਾਕਾਮੀ ਵੀ ਵੇਖ ਅਤੇ ਪਰਖ ਚੁੱਕੇ ਹਨ।

ਭਾਵੇ ਦੇਸ਼ ਵਿਚ ਲੰਬਾ ਸਮਾਂ ਅਤੇ ਲਗਾਤਾਰ ਕਾਂਗਰਸ ਪਾਰਟੀ ਨੇ ਦੇਸ਼ ਪ੍ਰਬੰਧ ਚਲਾਇਆ ਹੈ , ਪਰ 1992 ਤੋਂ ਬਾਅਦ ਸੰਸਾਰੀਕਰਨ, ਉਦਾਰੀਕਰਨ ਅਤੇ ਕੰਪਿਊਟਰੀਕਰਨ ਦੇ ਦੁਸ਼ ਪ੍ਰਭਾਵਾਂ ਹੇਠ ਜਿੱਥੇ ਭਾਰਤ ਸਮੇਤ ਪੂਰੇ ਸੰਸਾਰ 'ਚ ਅਮੀਰੀ ਗਰੀਬੀ ਦਾ ਪਾੜਾ ਵਧਿਆਂ ਹੈ ਉੱਥੇ ਕੁੱਝ ਚੰਗੇ ਪ੍ਰਭਾਵਾਂ ਹੇਠ ਲੋਕਾਂ 'ਚ ਚੇਤਨਤਾ, ਜਾਗਰੂਪਤਾ ਅਤੇ ਨਵਤੁਲਨਾ ਦੇ ਮਾਪ-ਮੀਟਰਾਂ 'ਚ ਵਾਧਾ ਅਤੇ ਤਬਦੀਲੀ ਹੋਈ ਹੈ।ਲਗਦਾ ਹੈ ਭਾਰਤ ਵਿਚ ਈ-ਯੁਗ ਇਥੇ ਕੁ ਜਿਹੇ ਸਟਾਰਟ ਹੋ ਚੁਕਾ ਸੀ ਅਤੇ ਪਹੁੰਚਦੇ ਪੰਹੁਚਦੇ ਅੱਜ ਜੋ ਵਿਸ਼ਵ ਸਨੈਰੀਓ ਸਾਡੇ ਸਾਹਮਣੇ ਹੈ ਇਸ ਵਿਚ ਸਭ ਕੁੱਝ ਬਹੁਤ ਤੇਜ਼ੀ ਨਾ ਬਦਲ ਰਿਹਾ ਹੈ ਅਤੇ ਸਾਡੇ ਪਰਿਵਾਰਿਕ, ਸਮਾਜਿਕ ,ਆਰਥਿਕ ,ਰਾਜਨੀਤਿਕ, ਧਾਰਮਿਕ, ਸਭਿਆਚਾਰਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਰੋਕਾਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਬਿਨਾ ਸ਼ਕ ਯੂ.ਪੀ.ਏ-1 'ਚ ਖੱਬੇ ਪੱਖੀਆਂ ਦੇ ਪ੍ਰਭਾਵ ਨੇ ਦੇਸ਼ ਨੂੰ ਉਸ ਵੇਲੇ ਦੀ ਵਿਸ਼ਵਮੰਦੀ ਤੋਂ ਬਚਾਇਆ, ਪਰ ਯੂ. ਪੀ. ਏ-2 ਦੇ ਸਕੈਂਡਲਾਂ ਨੇ ਕਾਂਗਰਸ ਦਾ ਕੁੱਝ ਰਹਿਣ ਨਹੀ ਦਿੱਤਾ ਅਤੇ ਸ਼ਾਇਦ ਆਉਣ ਸਮੇ 'ਚ ਵੀ ਇਹਨਾਂ ਘੋਟਾਲਿਆਂ ਦੇ ਲੇਬਲ ਦਾ ਖਾਮਿਆਜ਼ਾ ਲਗਾਤਾਰ ਭੁਗਤਣਾ ਪਵੇਗਾ। ਪੰਜਾਬ ਵਿਚ ਵੀ ਅਕਾਲੀ ਦਲ ਦੀ ਦੂਜੀ ਪਾਰੀ ਨੇ ਅਕਾਲੀ ਦਲ ਅਤੇ ਬਾਦਲ ਸਾਹਿਬ ਦੇ ਕੱਦ ਨੂੰ ਘਟਾਇਆ ਹੈ।ਭਾਗੀਵਾਲ ਸਰਕਾਰ ਦੇ ਕੁੱਝ ਗਲਤ ਫੈਸਲਿਆਂ 'ਤੇ ਚੁੱਪ ਨੇ ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਦਾ ਨੁਕਸਾਨ ਕਰਵਾਇਆ ਹੈ। ਦੂਜੀ ਟਰਮ 'ਚ ਅਕਾਲੀ ਦਲ ਸਿਰਫ ਸੱਤਾ ਦਾ ਲਾਲਚੀ ਹੀ ਨਜ਼ਰ ਆਇਆ। ਗੁੰਡਾਗਰਦੀ, ਨਸ਼ਾ, ਧਰਮਪ੍ਰਸਤੀ ਅਤੇ ਪਰਿਵਾਰਵਾਦ ਦੀ ਰਾਜਨੀਤੀ ਹੀ ਭਾਰੀ ਰਹੀ ਹੈ। ਭਾਂਵੇ ਕਿ ਇਹਨਾਂ ਸਾਲਾਂ 'ਚ ਪੰਜਾਬ ਦੀ ਦਿੱਖ 'ਚ ਇਤਿਹਾਸਕ ਵਿਕਾਸ ਹੋਇਆ ਹੈ ਸ਼ਾਇਦ ਉਹ ਪਹਿਲੀ ਟਰਮ ਦੇ ਸ਼ੁਰੂ ਕੰਮਾਂ ਦੇ ਨਤੀਜੇ ਵਜੋਂ ਹੋਇਆ ਹੈ। ਥਰਮਲ ਪਲਾਂਟ, ਹਵਾਈ ਅੱਡੇ, ਸੜਕਾਂ, ਪੁਲ, ਸਕੂਲ, ਕਾਲਜ, ਯੂਨੀਵਰਸੀਟੀਆਂ, ਸਾਂਝ ਕੇਂਦਰ, ਸੇਵਾ ਕੇਂਦਰ, ਵਿਰਾਸਤੀ ਅਤੇ ਧਾਰਮਿਕ ਯਾਦਗਾਰਾਂ ਅਤੇ ਨੌਕਰੀਆਂ ਆਦਿ ਨਾਲ ਸਾਡੀ ਰੂਪ-ਰੇਖਾ ਤਾਂ ਨਿੱਖਰੀ ਹੈ, ਪਰ ਇਸ ਵਿਚ ਨਿੱਜੀਕਰਨ ਦੀ ਹਿੱਸੇਦਾਰੀ ਖਿੜਕੀ ਖੋਲ ਖੋਲ ਝੱਲਕਦੀ ਹੈ।

ਭਲਾਈ ਸਕੀਮਾਂ ਕਿਸੇ ਦੇਸ਼,ਰਾਸ਼ਟਰ ਜਾਂ ਕਿਸੇ ਰਾਜ ਦੇ ਗ਼ਰੀਬ, ਮਜ਼ਬੂਰ ਜਾਂ ਦੱਬੇ ਕੁਚਲੇ ਲੋਕਾਂ ਲਈ ਉਹਨਾਂ ਦਾ ਜੀਵਨ ਸੁਖਾਲਾ ਕਰਨ ਲਈ ਹੂੰਦੀਆਂ ਹਨ। ਮੁਫਤ ਬਿਜਲੀ, ਮਾਈ ਭਾਗੋ ਸਕੀਮ , ਆਟਾ ਦਾਲ ਸਕੀਮ, ਪੈਨਸ਼ਨ ਸਕੀਮ (ਬਜ਼ੁਰਗ/ਵਿਧਵਾ) ਆਸ਼ਰਿਤ ਵਜੀਫਾ, ਮੈਡੀਕਲ ਸੁਵਿਧਾ, ਟਊਬਵਲ ਕੁਨੈਕਸ਼ਨ, ਸ਼ਗੁਨ ਸਕੀਮ, ਬੀਮਾ ਯੋਜਨਾ ਆਦਿ ਸਕੀਮਾਂ ਨੇ ਲੋਕਾਂ ਦਾ ਜੀਵਨ ਕੁੱਝ ਸੁਖਾਲਾ ਕੀਤਾ ਹੈ। ਹਾਲਾਂ ਕਿ ਲੋਕਾਂ ਅਜਿਹੀਆਂ ਮੰਗਾ ਕਦੇ ਨਹੀ ਸੀ ਕੀਤੀਆਂ ਔਰ ਖਾਸ ਕਰਕੇ ਮੁਫਤ ਸਕੀਮਾਂ। ਰਾਜਨੀਤਿਕ ਲਾਹੇ ਅਤੇ ਸੱਤਾ 'ਤੇ ਕਾਬਜ ਰਹਿਣ ਕਾਰਨ ਹੀ ਸਕੀਮਾਂ ਦਾ ਇਹ ਸਿਲਸਿਲਾ ਵੋਟ ਬੈਂਕ ਬਣ ਗਿਆ ਹੈ ਜਦੋਂ ਕਿ ਪੰਜਾਬ ਸਿਰ ਕਰਜਾ ਵਧ ਕੇ ਲੱਗਭਗ 125 ਲੱਖ ਕਰੋੜ ਹੋ ਚੂੱਕਾ ਹੈ ਅਤੇ ਹਰ ਸਾਲ ਜੰਗਲੀ ਵੇਲ ਵਾਂਗ ਵੱਧ ਰਿਹਾ ਹੈ ਕਿਸੇ ਪਾਰਟੀ ਦੇ ਚੋਣ ਮਨੋਰਥ 'ਚ ਪੰਜਾਬ ਦਾ ਕਰਜਾ ਲਾਉਣ ਦੀ ਗਲ ਨਹੀ ਆਈ। ਅਸਲ 'ਚ ਮੰਦਭਾਗੀ ਇਹ ਹੈ ਕਿ ਸਾਡੇ ਦੇਸ਼ ਦੇ ਨੇਤਾ ਕੂੜ ਰਾਜਨੀਤੀ, ਮੌਕਾਪ੍ਰਸਤੀ ਅਤੇ ਭ੍ਰਿਸ਼ਟਾਚਾਰ ਦੀ ਰਾਜਨੀਤੀ ਦੀ ਭੇਂਟ ਚੜ ਚੂੱਕ ਹਨ।ਇਸ ਵੇਲੇ ਦੇਸ਼ 'ਚ ਇਕ ਵੀ ਨੇਤਾ ਅਜਿਹਾ ਨਹੀ ਜੋ ਸਾਰੇ ਦੇਸ਼ ਵਾਸੀਆਂ ਦਾ ਸਾਂਝਾ ਹੋਵੇ। ਲਾਲਚਵਸ਼ ਲੋਕਾਂ ਨੂੰ ਅਜਿਹੇ ਪਰਲੋਬਨ ਦੇ ਕੇ ਆਪਣਾ ਨਾਮ ਅਤੇ ਸ਼ਾਨ ਬਣਾਈ ਰੱਖਣਾ ਚਾਹੂੰਦੇ ਹਨ। ਲੋਕਾਂ ਨੂੰ ਸਕੀਮਾਂ 'ਚ ਓਲਝਾ ਕੇ ਨੀਤੀਆਂ ਦੀ ਗਲ ਨਹੀ ਕਰਦੇ। ਜਦੋਂ ਕਿ ਲੋਕ ਰੋਜ਼ਗਾਰ,ਵਪਾਰ ਅਤੇ ਕੰਮਕਾਰ ਚਾਹੰਦੇ ਹਨ, ਜਿਸ ਨਾਲ ਆਦਮੀ ਦਾ ਮਾਨਸਿਕ ਮਨੋਬਲ, ਪਰਿਵਾਰਕ ਤਾਕਤ ਅਤੇ ਸਮਾਜਿਕ ਪੱਧਰ ਉੱਚਾ ਉਠਦਾ ਹੈ। ਮਜੇ ਦੀ ਗੱਲ ਇਹ ਵੀ ਹੈ ਕਿ ਇਹਨਾਂ ਸਕੀਮਾਂ ਦਾ ਪਹੁੰਚ ਤਰੀਕਾ ਮੈਂ-ਫਲ ਭਾਵ ਮੌਕਾਪ੍ਰਸਤੀ ਜਾਂ ਆਪਣੇ ਫਾਇਦੇ ਦੀ ਰਾਜਨੀਤੀ ਹੈ। ਇਸ ਨਾਲ ਲੋਕ ਰਾਜਨੀਤਿਕ, ਆਰਥਿਕ ਅਤੇ ਮਾਨਸਿਕ ਗੁਲਾਮ ਹੁੰਦੇ ਜਾ ਰਹੇ ਹਨ। ਕੰਮ ਅਤੇ ਮਜਦੂਰੀ ਦਿੰਦੇ ਵੇਲੇ ਗਰੀਬ ਨੂੰ ਜਤਲਾਇਆ ਜਾਂਦਾ ਹੈ ਕਿ ਅਸੀ ਹੀ ਤੇਰੇ ਆਕਾ ਹਾਂ।ਇਥੋਂ ਤਕ ਕਿ ਪਿੰਡਾਂ 'ਚ ਪੰਚਾਂ ਸਰਪੰਚਾ ਅਤੇ ਨੇਤਾਵਾਂ ਅੱਗੇ ਲੋਕ ਹੱਥ ਫੈਲਾਉਂਦੇ ਵੇਖੇ ਗਏ ਹਨ। ਅਤੇ ਇਸ ਤਰਾਂ ਉਹਨਾਂ ਦਾ ਜਾਤੀ , ਜਮਾਤੀ ਅਤੇ ਆਰਥਿਕ ਸ਼ੋਸ਼ਣ ਹੋ ਰਿਹਾ ਹੈ। ਜਿੰਦਗੀ ਦੀ ਜ਼ਦੋਜ਼ਿਹਦ ਜਿਸ ਵਿੱਚੋਂ ਵਿਕਾਸ ਪਨਪਦਾ ਹੈ ਉਸ ਤੋਂ ਮੱਨੁਖ ਨੂੰ ਨਾਕਾਰਾ ਹੋ ਰਿਹਾ ਹੈ। ਸਕੀਮਾਂ ਦੀ ਬਜਾਏ ਲੋਕਾਂ ਨੂੰ ਠੋਸ ਨੀਤੀਆਂ ਤਹਿਤ ਸਿੱਖਿਆ, ਸਿਹਤ, ਰੋਜ਼ਗਾਰ, ਬਿਜਨਸ, ਸਵੈ-ਬਿਜਨੈਸ ਦੇ ਮੌਕੇ ਪ੍ਰਦਾਨ ਕਰਵਾਉਣ ਦੀ ਲੋੜ ਹੈ।

ਪੂਰੇ ਦੇਸ਼ ਵਿਚ ਨੋਟਬੰਦੀ ਨੂੰ 75 ਦਿਨਾਂ ਤੋਂ ਉਪਰ ਹੋ ਗਏ ਹਨ ਅਤੇ ਲੋਕਾਂ ਅਤੇ ਨੋਟਾਂ ਦੀ ਸਥਿਤੀ 'ਚ ਕੋਈ ਸੁਧਾਰ ਨਹੀ ਆਇਆ। ਪਰ 100-150 ਜਾਨਾਂ ਜਾ ਚੁੱਕੀਆਂ। ਸਰਕਾਰ ਭਾਵੇ ਇਹਨਾਂ ਨੂੰ ਰਿਲੀਫ ਦੀ ਗੱਲ ਕਰਦੀ ਹੈ ਪਰ ਲੋਕਾਂ ਦੀਆਂ ਜਾਨਾਂ ਤਾਂ ਜਾ ਹੀ ਰਹੀਆਂ ਹਨ। ਨੋਟਬੰਦੀ ਦੇ ਇਸ ਦੌਰ 'ਚ ਜੋ ਲੋਕਾਂ ਦੀ ਹਾਲਤ ਹੋਈ ਹੈ ਉਹ ਕਿਸੇ ਤੋਂ ਲੁਕੀ ਨਹੀ ਹੈ। ਸਰਕਾਰ ਮੰਨੇ ਨਾ ਮੰਨੇ ਪਰ ਇਹ ਮੰਦੀ ਦਾ ਦੌਰ ਹੈ ਕਿਉਂਕਿ ਲੋਕਾਂ ਦਾ ਸਾਰਾ ਪੈਸਾ ਬੈਂਕ ਕੋਸ਼ ਵਿਚ ਹੈ ਇਸ ਲਈ ਸ਼ਾਇਦ ਸਰਕਾਰ ਨੂੰ ਇਹ ਬੈਕਾਂ ਦੀ ਮੋਟੀ ਰਾਸ਼ੀ ਵਿਖਦੀ ਹੈ ਪਰ ਮੰਦੀ ਨਹੀ ਵਿੱਖ ਰਹੀ ਜਾਂ ਵੇਖਣ ਦੀ ਕੋਸ਼ਿਸ ਨਹੀ ਕੀਤੀ ਜਾ ਰਹੀ।ਪੂੰਜੀਵਾਦ ਦੀਆਂ ਬਾਕੀ ਲੋਕਮਾਰੂ ਨੀਤੀਆਂ ਵਾਂਗ ਹੀ ਨੋਟਬੰਦੀ ਨੇ ਵੀ ਸਾਬਿਤ ਕਰ ਦਿੱਤਾ ਕਿ ਇਸ ਦੇਸ਼ ਵਿਚ ਦੋ ਦੇਸ਼ ਵਸਦੇ ਹਨ , ਇਕ ਭਾਰਤ ਅਤੇ ਇਕ ਇੰਡੀਆ। ਇੰਡੀਆਂ

(ਬਾਕੀ ਅਗਲੇ ਸਫੇ ਤੇ)

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਪਰਸ਼ੋਤਮ ਲਾਲ ਸਰੋਏ ਦੀਆਂ ਦੋ ਰਚਨਾਵਾਂ

### ਵਾਹ ਰੇ ਕੁਦਰਤ ਤੇਰੇ ਰੰਗ



ਪਰਸ਼ੋਤਮ ਲਾਲ ਸਰੋਏ
92175-44348

ਲੋਕ ਪਿਲਾਉਂਦੇ ਦੁੱਧ ਜਿਨ੍ਹਾਂ ਨੂੰ,
ਲੋਕਾਂ ਦੇ ਉਹ ਮਾਰਨ ਡੰਗ।
ਟੇਵਾ ਦੱਸੇ ਮਾੜੇ ਭਾਗ ਲੋਕਾਂ ਦੇ,
ਵਾਹ ਰੇ ਕੁਦਰਤ! ਤੇਰੇ ਰੰਗ।
ਲੋਕ ਪਿਲਾਉਂਦੇ ਦੁੱਧ.......।
ਹਾਸਾ-ਠੱਠਾ ਖੋਹ ਲੈ ਜਾਂਦੇ,
ਮਿੱਠਾ ਬੋਲ, ਦਿਲ ਮੋਹ ਲੈ ਜਾਂਦੇ,
ਖੁੱਲ੍ਹ ਦਿਲੀ ਦਿਖਾ ਕੇ ਪਹਿਲਾਂ,
ਫਿਰ ਹਿਰਦੇ ਕਰ ਲੈਂਦੇ ਤੰਗ।
ਲੋਕ ਪਿਲਾਉਂਦੇ ਦੁੱਧ.......।
ਦਿਲ ਵਿੱਚੋਂ ਰੱਬ ਤਾਈਂ ਭੁਲਾ ਕੇ,
ਬੈਠਣ ਰੱਬ ਦਾ ਚੋਲਾ ਪਾ ਕੇ,
ਉਪਰੋਂ ਪਹਿਨ ਅਮੀਰੀ ਬਾਣਾ,
ਅੰਦਰੋਂ ਹੋ ਜਾਂਦੇ ਨੇ ਨੰਗ।
ਲੋਕ ਪਿਲਾਉਂਦੇ ਦੁੱਧ.......।
ਪਰਸ਼ੋਤਮ! ਕੈਸੀ ਅਮੀਰ ਆਈ,
ਲਕੀਰੀ ਵਾਲੀ ਫ਼ਕੀਰੀ ਆਈ,
ਮੋਹ-ਮੁਹੱਬਤ ਦੂਰ ਹੈ ਨੱਸੀ,
ਕਿਉਂਕਿ ਹਿਰਦੇ ਹੋ ਗਏ ਤੰਗ।
ਲੋਕ ਪਿਲਾਉਂਦੇ ਦੁੱਧ.......।
ਮੈਂ-ਮੇਰੀ ਦਾ ਰੌਲਾ ਪਾਇਆ,
ਤੂੰ-ਹੀ-ਤੂੰ ਇਨ੍ਹਾਂ ਮਾਰ ਮੁਕਾਇਆ
ਸਰੋਏ! ਇਹ ਝੂਠੀ ਚੌਧਰ ਪੱਟੇ,
ਲਾਹ ਕੇ ਫਿਰਦੇ ਆਪਣੀ ਸੰਗ।
ਲੋਕ ਪਿਲਾਉਂਦੇ ਦੁੱਧ.......।

### ਦੁਨੀਆਂ ਤੇ ਛੱਡ ਇਤਬਾਰ ਦਿਲਾ ਕਰਨਾ

ਦੁਨੀਆਂ ’ਤੇ ਛੱਡ, ਇਤਬਾਰ ਦਿਲਾ ਕਰਨਾ,
’ਕੱਲਿਆ ਈ ਜੀਣਾ, ਪੈਂਦਾ ’ਕੱਲਿਆਂ ਈ ਮਰਨਾ।
ਆਪਣਾ ਚਾਲਾਕੀ ਕਰ, ਆਪਣੇ ਨੂੰ ਮਾਰਦਾ,
ਜਿੱਤੇ ਬੰਦਾ ਬਾਹਰੋਂ, ਪਰ ਘਰ ਵਿੱਚ ਹਾਰਦਾ..
ਦੁੱਖਾਂ ਦੇ ਸਮੰਦਰਾਂ ’ਚ, ਸਿੱਖ ਲੈ ਤੂੰ ਤਰਨਾ।
’ਕੱਲਿਆ ਈ ਜੀਣਾ, ਪੈਂਦਾ ’ਕੱਲਿਆਂ ਈ ਮਰਨਾ।
ਦੁਨੀਆਂ ’ਤੇ ਛੱਡ, ਇਤਬਾਰ.................।

ਅੱਜ ਦਾ ਜ਼ਮਾਨਾ, ਨੇੜੇ ਢੁਕੇ ਪੈਸਾ ਦੇਖ ਕੇ,
ਮਾਇਆ ਨੂੰ ਹੀ ਦਿੰਦਾ, ਇਹ ਇੱਜਤ ਮੱਥਾ ਟੇਕ ਕੇ,
ਆਪ ਬੋਲੇ ਕੌੜਾ, ਪਰ ਸਿੱਖਿਆ ਨਾ ਜਰਨਾ।
’ਕੱਲਿਆ ਈ ਜੀਣਾ, ਪੈਂਦਾ ’ਕੱਲਿਆਂ ਈ ਮਰਨਾ।
ਦੁਨੀਆਂ ’ਤੇ ਛੱਡ, ਇਤਬਾਰ.................।

ਪੈਰਾਂ ਉੱਤੇ ਚੱਲਣਾ, ਤਾਂ ਬਾਪ ਈ ਸਿਖਾਉਂਦਾ ਏ,
ਪਰ ਬੰਦਾ ਪੈਸੇ ਤਾਈਂ, ਬਾਪ ਕਿਉਂ ਬਣਾਉਂਦਾ ਏ?
ਬੁੱਢਾਪੇ ਵਿੱਚ ਮਾਪਿਆਂ ਦਾ, ਸਿੱਖ ਹੱਥ ਫੜ੍ਹਨਾ।
’ਕੱਲਿਆ ਈ ਜੀਣਾ, ਪੈਂਦਾ ’ਕੱਲਿਆਂ ਈ ਮਰਨਾ।
ਦੁਨੀਆਂ ’ਤੇ ਛੱਡ ਇਤਬਾਰ.............।

ਪਰਸ਼ੋਤਮ ਜ਼ਮਾਨੇ ਤਾਈਂ, ਆਖ ਕੇ ਸੁਣਾਉਂਦਾ ਏ,
ਕਿਸੇ ਦਾ ਬੁਰਾ ਸੋਚੋ, ਗੱਲ ਸਮਝਾਉਂਦਾ ਏ..
ਮੌਤ ਵਾਲੀ ਬਾਜੀ ਕੋਲੋਂ, ਪੈ ਜਾਂਦਾ ਹਰਨਾ।
’ਕੱਲਿਆ ਈ ਜੀਣਾ, ਪੈਂਦਾ ’ਕੱਲਿਆਂ ਈ ਮਰਨਾ।
ਦੁਨੀਆਂ ’ਤੇ ਛੱਡ ਇਤਬਾਰ..............।

## ਕਲਮ ਤੇ ਸਿਆਹੀ



ਮੈਂ ਕਲਮ ਤੇ ਤੂੰ ਸਿਆਹੀ ਆਪਾਂ ਇਕ ਮੰਜ਼ਿਲ ਦੇ ਰਾਹੀ।
ਸੁਪਨੇ ਪੂਰੇ ਕਰਨ ਲਈ, ਨਿੱਤ ਰਲ ਕੇ ਕਰੀਏ ਕਮਾਈ।

ਲਿਖ ਇਤਿਹਾਸ ਜ਼ਮਾਨੇ ਦਾ, ਦੱਸ ਦਈਏ ਪੁਸ਼ਤਾਂ ਤਾਈਂ।
ਫੁੱਲਾਂ ਵਰਗੇ ਹੱਥ ਛੂਹਣਗੇ ਤੇ ਕਰਨਗੇ ਕਲਮ ਘਸਾਈ।

ਜੱਗ ’ਤੇ ਚੜ੍ਹਦੇ ਨੂੰ ਸਲਾਖਾਂ, ਨਾ ਲਹਿੰਦੇ ਦੀ ਸੁਣਵਾਈ।
ਪਰ ਸਾਡੇ ਖਿਆਲਾਂ ’ਚ, ਲਹਿੰਦੇ ਦੀ ਵੱਧ ਸੁਣਵਾਈ।

ਤੇਰਾ ਮੇਰਾ ਫਰਕ ਮਿਟਾਕੇ, ਸਹਿ ਲਈਏ ਪੀੜ ਪਰਾਈ।
ਕਿਤੇ ਹੱਸਦੀ ਵੱਸਦੀ ਦੁਨੀਆਂ ਦੀ, ਹੋ ਨਾ ਜਾਏ ਤਬਾਹੀ।

ਮੰਜ਼ਿਲ ਤਹਿ ਕਰਨੇ ਲਈ, ਰੱਖੀਏ ਆਸ ਦੀ ਲਹਿਰ ਚਲਾਈ।
ਚਾਹੇ ਸਿਆਹੀ ਕਾਲੀ ਪਰ ਲਿਖਦੀ ਏ ਸੋਹਣੀ ਲਿਖਾਈ।

ਜਿਸ ਦਾ ਸੱਚ ’ਤੇ ਪਹਿਰਾ, ਰੱਖੀਏ ਉਸ ਨਾਲ ਸਾਂਝ ਪਾਈ।
ਅਰਮਾਨ ਦਿਲਾਂ ਦੇ ਲਿਖੀਏ ਨਾਲੇ ਕਰੀਏ ਹੱਥ ਵੰਡਾਈ।

ਤੰਦ ਪਿਆਰ ਦੀ ਪਾ ਕੇ, ਕਰੀਏ ਮੁਹੱਬਤ ਦੀ ਰੁਸ਼ਨਾਈ।
ਪਾਣੀ-ਹਵਾ-ਕੁਦਰਤ ਦਾ ਜ਼ਿਕਰ, ਇਨ੍ਹਾਂ ਹੀ ਦੁਨੀਆਂ ਵਸਾਈ।

ਵਿਹੜੇ ’ਚ ਗੁਲਾਬ ਦੀ ਕਲਮ, ਕਾਗਜ਼ ’ਤੇ ਕਾਨੇ ਦੀ ਲਗਾਈ।
ਨਾਲ ਖਿਆਲ ਮਨ ਦੇ ’ਕਮਲ’ ਕਰੀ ਜਾਂਦੇ ਨੇ ਵਕਤ ਟਪਾਈ।

– ਕਮਲ ਬੰਗਾ ਸੈਕਰਾਮੈਂਟੋ

## ਵੋਟਰ ਨੂੰ



ਮਹਿੰਦਰ ਮਾਨ
91-99158-03554

ਆਪਣੀ ਕੀਮਤ ਜਾਣ ਵੋਟਰਾ
ਆਪਣੀ ਕੀਮਤ ਜਾਣ ।
ਸੋਚ ਜਰਾ ਕਿਉਂ ਨੇਤਾ ਮੁੜ-ਮੁੜ
ਤੇਰੇ ਘਰ ਦੇ ਗੇੜੇ ਲਾਉਣ ।
ਦੇਖ ਦਫਤਰਾਂ ’ਚ ਕਿਵੇਂ
ਫੈਲਿਆ ਹੋਇਆ ਭਰਿਸ਼ਟਾਚਾਰ ।
ਚਾਰ ਦਿਨ ਪਹਿਲਾਂ ਦਿੱਤੀ ਫਾਈਲ
ਦਫਤਰਾਂ ਵਿੱਚੋਂ ਜਾਏ ਗਵਾਚ ।
ਉ ਪਾਣੀ ਜੀਵਨ ਦਾ ਆਧਾਰ ਹੈ ”
ਕਹਿੰਦੇ ਲੋਕ ਸਿਆਣੇ ।
ਪਰ ਪਾਣੀ ਦੀ ਇੱਕ ਇੱਕ ਬੂੰਦ ਨੂੰ
ਤਰਸਣ ਗਰੀਬਾਂ ਦੇ ਨਿਆਣੇ ।
ਦੇਖ ਕਿਸਾਨਾਂ ਦੀ ਫਸਲ
ਕਿਵੇਂ ਮੰਡੀ ਵਿੱਚ ਹੈ ਰੁਲਦੀ ।
ਕੌਡੀਆਂ ਦੇ ਭਾਅ ਖਰੀਦਣ ਆੜ੍ਹਤੀ
ਫਸਲ ਮਹਿੰਗੇ ਮੁੱਲ ਦੀ ,
ਰੋਜ ਵਰਤੋਂ ਦੀਆਂ ਚੀਜ਼ਾਂ ਦੇ ਭਾਅ
ਅਸਮਾਨੀ ਜਾ ਚੜ੍ਹੇ ।
ਦੁਕਾਨਦਾਰਾਂ ਤੋਂ ਉਨ੍ਹਾਂ ਦੇ ਭਾਅ ਸੁਣ ਕੇ
ਗ੍ਰਾਹਕ ਰਹਿ ਜਾਣ ਖੜ੍ਹੇ ਦੇ ਖੜ੍ਹੇ ।
ਦੇਖ ਕਿਵੇਂ ਡਿੱਗਰੀਆਂ ਲੈਕੇ
ਵਿਹਲੇ ਫਿਰਦੇ ਨੌਜਵਾਨ ।
ਨੌਕਰੀ ਨਾ ਮਿਲਣ ਦੇ ਗਮ ’ਚ
ਉਹ ਨਸ਼ੇ ਲੱਗ ਪਏ ਖਾਣ ।
ਹੁਣ ਚੋਣ ਮੈਦਾਨ ਹੈ ਭਖਿਆ
ਤੇਰਾ ਵੱਧ ਗਿਆ ਹੈ ਮੁੱਲ ।
ਸੌ , ਦੋ ਸੌ ਦੇ ਲਾਲਚ ਵਿੱਚ
ਨੇਤਾਵਾਂ ਦੀਆਂ ਕਰਤੂਤਾਂ ਜਾਈਂ ਨਾ ਭੁੱਲ ।
ਜੋ ਤੇਰੀਆਂ ਸਮੱਸਿਆਵਾਂ ਨੂੰ
ਹੱਲ ਕਰਨ ਦੀ ਸਹੁੰ ਖਾਂਦੇ ਨੇ ਹੁਣ ।
ਆਪਣੇ ਹੱਕ ਦੀ ਵਰਤੋਂ ਕਰਕੇ
ਤੂੰ ਉਨ੍ਹਾਂ ਨੂੰ ਲਈਂ ਚੁਣ ।

## ਸਿਆਸੀ ਪਾਰਟੀਆਂ ਨੇ ਉਤਾਰੇ ਪੈਰਾਸ਼ੂਟ ਰਾਹੀਂ ਉਮੀਦਵਾਰ

ਚੰਡੀਗੜ੍ਹ - ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ’ਚ ਸੂਬੇ ਦੀਆਂ ਪ੍ਰਮੁੱਖ ਪਾਰਟੀਆਂ ਨੇ ਵੱਖ-ਵੱਖ ਹਲਕਿਆਂ ’ਚ ਹਲਕੇ ਤੋਂ ਬਾਹਰੀ ਉਮੀਦਵਾਰ ਚੋਣ ਮੈਦਾਨ ’ਚ ਉਤਾਰ ਕੇ ਕਸੂਤੀ ਸਥਿਤੀ ਪੈਦਾ ਕਰ ਦਿੱਤੀ ਹੈ । ਅਜਿਹਾ ਹੋਣ ਨਾਲ ਵੋਟਰ ਵੀ ਭਾਰੀ ਦੁਚਿੱਤੀ ’ਚ ਫ਼ਸਿਆ ਹੋਇਆ ਮਹਿਸੂਸ ਕਰ ਰਿਹਾ ਹੈ । ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਸਮੇਤ ਹੋਰਾਂ ਨੇ ਵੀ ਉਪਰੋਕਤ ਪਿਰਤ ਨੂੰ ਅੱਗੇ ਵਧਾਇਆ ਹੈ । ਹਾਲਾਂਕਿ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ’ਚ ਸੂਬੇ ਦੀਆਂ ਵੱਡੀਆਂ ਪ੍ਰਮੁੱਖ ਅਤੇ ਪੁਰਾਣੀਆਂ ਪਾਰਟੀਆਂ ਵੱਲੋਂ ਅਜਿਹੀ ਹੀ ਕਵਾਇਦ ਨੂੰ ਅੱਗੇ ਤੋਰਦਿਆਂ ਹਲਕੇ ਤੋਂ ਬਾਹਰੀ ਉਮੀਦਵਾਰ ਉਤਾਰਨ ਦਾ ਤਜਰਬਾ ਕੀਤਾ ਸੀ । ਨਵੇਂ ਹਲਕਿਆਂ ’ਚ ਜਾ ਕੇ ਜੇਤੂ ਰਹੇ ਕੁਝ ਉਮੀਦਵਾਰਾਂ ਲਈ ਇਹ ਤਜਰਬਾ ਰਾਸ ਵੀ ਆ ਗਿਆ । ਪਰ ਇਸ ਦਾ ਨਤੀਜਾ ਇਹ ਵੀ ਹੋਇਆ ਕਿ ਹਲਕੇ ’ਚ ਮੂਹਰਲੀ ਕਤਾਰ ਦੇ ਆਗੂਆਂ ਨੂੰ ਦੋ ਨੰਬਰ ’ਤੇ ਰਹਿ ਕੇ ਸਬਰ ਕਰਨਾ ਪਿਆ । ਇਸ ਵਾਰ ਵੀ ਉਕਤ ਪਾਰਟੀਆਂ ਵੱਲੋਂ ਹਲਕੇ ਤੋਂ ਬਾਹਰੀ ਉ-ਮੀਦਵਾਰ ਚੋਣ ਮੈਦਾਨ ’ਚ ਉਤਾਰੇ ਗਏ ਹਨ, ਜਿਵੇਂ ਕਾਂਗਰਸ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੇ ਵਸਨੀਕ ਭਾਈ ਹਰਨਿਰਪਾਲ ਸਿੰਘ ਕੁੱਕੂ ਨੂੰ ਕੋਟਕਪੂਰਾ, ਲੁਧਿਆਣਾ ਦੇ ਵਸਨੀਕ ਗਾਇਕ ਮੁਹੰਮਦ ਸਦੀਕ ਨੂੰ ਭਦੌੜ ਤੋਂ ਜੈਤੋ, ਫ਼ਰੀਦਕੋਟ ਦੇ ਵਸਨੀਕ ਜੋਗਿੰਦਰ ਸਿੰਘ ਪੰਜਗਰਾਈਂ ਨੂੰ ਜੈਤੋ ਤੋਂ ਭਦੌੜ, ਬਠਿੰਡੇ ਦੇ ਵਸਨੀਕ ਅਜੈਬ ਸਿੰਘ ਭੱਟੀ ਨੂੰ ਮਲੋਟ, ਸ਼੍ਰੋਮਣੀ ਅਕਾਲੀ ਦਲ ਨੇ ਜਗਰਾਓਂ ਦੇ ਵਸਨੀਕ ਆਰ.ਐੱਸ. ਕਲੇਰ ਨੂੰ ਰਾਖਵਾਂ ਹਲਕਾ ਨਿਹਾਲ ਸਿੰਘ ਵਾਲਾ, ਨਿਹਾਲ ਸਿੰਘ ਵਾਲਾ ਦੇ ਸਾਬਕਾ ਵਿਧਾਇਕ ਅਜੀਤ ਸਿੰਘ ਸ਼ਾਂਤ ਨੂੰ ਮਹਿਲ ਕਲਾਂ, ਬਠਿੰਡੇ ਦੇ ਦਰਸ਼ਨ ਸਿੰਘ ਕੋਟਫ਼ੱਤਾ ਨੂੰ ਮਲੋਟ, ਮੋਗੇ ਦੀ ਅਮਰਜੀਤ ਕੌਰ ਸਾਹੋਕੇ ਨੂੰ ਜਗਰਾਓਂ, ਲੁਧਿਆਣਾ ਦੇ ਵਸਨੀਕ ਰਵਨੀਤ ਸਿੰਘ ਬਿੱਟੂ ਨੂੰ ਜਲਾਲਾਬਾਦ, ਸੰਗਰੂਰ ਦੇ ਨਿਵਾਸੀ ’ਆਪ’ ਦੇ ਸਟਾਰ ਪ੍ਰਚਾਰਕ ਭਗਵੰਤ ਸਿੰਘ ਮਾਨ ਨੂੰ ਜਲਾਲਾਬਾਦ, ਦਿੱਲੀ ਦੇ ਵਸਨੀਕ ਜਰਨੈਲ ਸਿੰਘ ਨੂੰ ਲੰਬੀ, ਸ਼ਾਹੀ ਸ਼ਹਿਰ ਪਟਿਆਲਾ ਦੇ ਵਸਨੀਕ ਕੈਪਟਨ ਅਮਰਿੰਦਰ ਸਿੰਘ ਨੂੰ ਲੰਬੀ ਦੇ ਚੋਣ ਮੈਦਾਨ ’ਚ ਉਤਾਰਿਆ ਜਾ ਰਿਹਾ ਹੈ। ਹਲਕਿਆਂ ’ਚ ਨਵੇਂ ਚਿਹਰੇ ਉਤਾਰੇ ਜਾਣ ਕਾਰਨ ਇਕ ਪਾਸੇ ਟਿਕਟ ਦੀ ਝਾਕ ’ਚ ਪਿਛਲੇ ਸਮੇਂ ਤੋਂ ਲਗਾਤਾਰ ਕੰਮ ਕਰ ਰਹੇ ਆਗੂਆਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਭਾਰੀ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਦੂਜੇ ਪਾਸੇ ਪਾਰਟੀਆਂ ਦੇ ਪ੍ਰਮੁੱਖ ਆਗੂਆਂ ਨੂੰ ਬਗਾਵਤੀ ਸੁਰਾਂ ਨੂੰ ਠੱਲ੍ਹਣਾ ਔਖਾ ਹੋ ਰਿਹਾ ਹੈ । ਇਸ ਨਿਰਾਸ਼ਾ ਦੇ ਆਲਮ ’ਚ ਕਈਆਂ ਨੂੰ ਪਾਰਟੀਆਂ ਬਦਲਣੀਆਂ ਪੈ ਰਹੀਆਂ ਹਨ ਜਾਂ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ’ਚ ਉਤਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

## ਕੀਤਾ ਮਿਲਣੇ ਦਾ ਇਕਰਾਰ



ਸਰੂਚੀ ਕੰਬੋਜ
Kamboj.saruchi
@gmail.com

ਕੀਤਾ ਮਿਲਣੇ ਦਾ ਇਕਰਾਰ ਤੇ ਝੂਠਾ ਨਹੀਂ ਆਇਆ,
ਮੈਨੂੰ ਦੇ ਗਿਆ ਹੈ ਇੰਤਜ਼ਾਰ ਤੇ ਝੂਠਾ ਨਹੀਂ ਆਇਆ।

ਮੈਨੂੰ ਕਰ ਗਿਆ ਬੇਕਰਾਰ ਤੇ ਝੂਠਾ ਨਹੀਂ ਆਇਆ,
ਕੱਲ ਸੀ ਵੀ ਨਾਲੇ ਇਤਵਾਰ ਤੇ ਝੂਠਾ ਨਹੀਂ ਆਇਆ ।

ਆਉਣ ਦੇ ਉਹਦੇ ਚਾਅ ਚ ਰਾਤ ਮੈਂ ਸੋਈ ਨਾ,
ਮੇਰਾ ਲੁੱਟ ਲਿਆ ਚੈਨ ਕਰਾਰ ਤੇ ਝੂਠਾ ਨਹੀਂ ਆਇਆ ।

ਵਾਲਾਂ ਦੇ ਵਿੱਚ ਫੁੱਲ ਮੈਂ ਟੰਗੇ ਪੈਰੀਂ ਝਾਂਜਰ ਪਾਈ,
ਕੀਤਾ ਰੱਜ ਰੱਜ ਮੈਂ ਸ਼ਿੰਗਾਰ ਤੇ ਝੂਠਾ ਨਹੀਂ ਆਇਆ ।

ਮੱਲ ਕੇ ਰਾਹਾਂ ਮੈਂ ਦੀਵਾਨੀ ਉਸਦੇ ਲਈ ਬੈਠੀ ਰਹੀ,
ਕੀਤਾ ਸੁਬਹ ਤੋਂ ਸ਼ਾਮ ਇੰਤਜ਼ਾਰ ਤੇ ਝੂਠਾ ਨਹੀਂ ਆਇਆ।

ਉਹ ਮੈਨੂੰ ਝੂਠੀ ਆਸ ਲਗਾ ਕੇ ਲਾਰਾ ਲਾ ਗਿਆ ਹੈ,
ਗਲਤੀ ਮੇਰੀ ਕੀਤਾ ਮੈਂ ਇਤਬਾਰ ਤੇ ਝੂਠਾ ਨਹੀਂ ਆਇਆ।

ਉਮੀਦ ਸੀ ਮੈਨੂੰ ਆਵੇਗਾ ਉਹ ਵਾਅਦਾ ਤੋੜ ਚੜ੍ਹਾਵੇਗਾ,
ਉਸ ਕੀਤਾ ਝੂਠਾ ਪਿਆਰ ਕਿ ਝੂਠਾ ਨਹੀਂ ਆਇਆ ।

## ਗਊ ਵਰਗੀ ਧੀ



ਸੁਖਵਿੰਦਰ ਕੌਰ
‘ਹਰਿਆਓ’

ਰਾਜਵੀਰ ਕਾਲਜ ਤੋਂ ਆਈ ਘਰ ਕੁੱਝ ਮਹਿਮਾਨ ਆਏ ਬੈਠੇ ਸਨ। ਉਸਨੇ ਸਾਰਿਆ ਨੂੰ ਸਤਿ ਸ੍ਰੀ ਅਕਾਲ ਬੁਲਾਈ ਤਾਂ ਉਸਦੇ ਪਾਪਾ ਨੇ ਕਿਹਾ, "ਆ ਰਾਜ ਪੁੱਤਰ ਇੱਧਰ ਬੈਠ", ਨੇੜੇ ਪਈ ਕੁਰਸੀ ਵੱਲ ਇਸ਼ਾਰਾ ਕੀਤਾ ਰਾਜਵੀਰ ਬੈਠ ਗਈ।

ਉਸਦੇ ਪਾਪਾ ਨੇ ਗੱਲ ਸ਼ੁਰੂ ਕੀਤੀ, "ਰਾਜ ਪੁੱਤ ਇਹ ਤੇਰੇ ਲਈ ਰਿਸ਼ਤਾ ਲੈ ਕੇ ਆਏ ਨੇ, ਬੜੇ ਖਾਨਦਾਨੀ ਲੋਕ ਨੇ ਸਾਡੀ ਧੀ ਤਾਂ ਜੀ ਬਹੁਤ ਗੁਣੀ ਐ ਨਿਰੀ ਗਊ ਐ ਗਊ...ਕਦੇ ਅੱਖ ਵਿਚ ਪਾਈ ਨੀ ਰੜਕੀ...", ਤਾਂ ਉਹ ਸਾਰੇ ਮਿੰਨਾ ਜਿਹਾ ਮੁਸਕਰਾਏ ਤੇ ਰਾਜਵੀਰ ਨੇ ਕਿਹਾ, "ਹੋਰ ਤਾਂ ਸਭ ਠੀਕ ਐ ਪਾਪਾ ਤੁਹਾਡੇ ਧੀ ਹਾਂ, ਗਊ ਹਾਂ ਪਰ ਦੇਖਿਓ ਕਿੱਤੇ ਪਸ਼ੂ ਸਮਝ ਕੇ ਐ ਬਿਗਾਨੇ ਘਰ ਨਾ ਬੰਨ ਦਿਓ। ਵਰ ਤੇ ਘਰ ਪਰਖ ਕੇ ਭਾਲਿਓ...", ਸਾਰੇ ਰਾਜਵੀਰ ਦੇ ਚਿਹਰੇ ਵੱਲ ਹੈਰਾਨੀ ਨਾਲ ਦੇਖ ਰਹੇ ਸਨ।

## ਨੋਟਾਂ ਦੀ ਨੌਟੰਕੀ ਅਤੇ ਵੋਟਾਂ ਦਾ ਵਾ ਰੌਲਾ

ਉਹ ਹੈ ਜਿਨਾਂ ਕੋਲ ਸਿਸਟਮ ਹੈ ਅਤੇ ਉਹ ਇਸ ਨੂੰ ਟੈਲੀਵਿਜ਼ਨ ਦੇ ਰਿਮੋਟ ਵਾਂਗ ਵਰਤਦੇ ਹਨ। ਨਤੀਜਨ ਪੈਸਾ ਉਹਨਾਂ ਦੇ ਘਰਾਂ,ਦਫਤਰਾਂ ਆਦਿ 'ਚ ਬੈਕਾਂ 'ਚ ਪਹੁੰਚਣ ਤੋ ਪਹਿਲਾਂ ਹੀ ਪਹੁੰਚ ਗਿਆ। ਬਾਕੀ ਭਾਰਤ ਅੱਜ ਵੀ ਬੈਂਕਾਂ ਵਿਚ ਲੰਮੀਆਂ ਕਤਾਰਾਂ ਵਿਚ ਅਤੇ ਏ.ਟੀ.ਅਮੈ. ਦੀਆਂ ਲਾਈਨਾਂ ਵਿਚ ਪੱਕੀ ਡਿਊਟੀ 'ਤੇ ਲੱਗਾ ਹੋਇਆ ਹੈ। ਸਵਾਈਪ , ਪੇ.ਟੀ.ਐਮ ਅਤੇ ਇੰਟਰਨੈਟ ਵਾਲਾ ਭਾਰਤ ਵੀ ਮੀਡੀਆ ਸਾਮ੍ਹਣੇ ਇੰਡੀਆ ਦਾ ਭਾਗ ਦੱਸਣ ਦੀ ਕੋਸਿਸ ਕਰਦਾ ਹੈ। ਇਹ ਕੌੜਾ ਸੱਚ ਹੈ ਕਿ ਅੱਜ ਵੀ ਦੇਸ਼ 'ਚ 40-42 ਫੀਸਦੀ ਲੋਕ ਬੈਂਕ ਖਾਤਿਆਂ ਤੋਂ ਵਾਂਝੇ ਹਨ। ਨਕਦ ਬਿਕਰੀ ਵਾਲੇ ਛੋਟੇ ਕਾਰੋਬਾਰੀ ਬਹੁਤ ਪ੍ਰਭਾਵਿਤ ਹੋਏ ਹਨ। ਨੋਟਬੰਦੀ ਕਾਰਨ ਜਿਥੇ ਕਨਜ਼ੂਮਰ ਸੈਂਟੀਮੈਂਟ ਪ੍ਰਭਾਵਿਤ ਹੋਏ ਹਨ ਉਥੇ ਹੁਣ ਤਕ ਲਗਭਗ 40-45 ਫੀਸਦੀ ਲੋਕਾਂ ਦੀਆਂ ਨੌਕਰੀਆਂ ਦੀ ਕੰਮਬੰਦੀ ਹੋ ਚੁੱਕੀ ਹੈ ਅਤੇ ਵੱਖ ਵੱਖ ਕਾਰੋਬਾਰ ਦੇ ਸੈਕਟਰਾਂ 'ਚ ਲੱਗਭਗ 50 ਤੋਂ 70 ਫੀਸਦੀ ਗਿਰਾਵਟ ਦੇਖਣ ਨੂੰ ਮਿਲੀ ਹੈ। ਲਗਦਾ ਹੈ ਕਿ ਮੰਨ ਦੀ ਬਾਤ ਹੁਣ ਮੰਦੀ ਦੀ ਬਾਤ ਹੋ ਚੁੱਕੀ ਹੈ।

ਜਿੱਥੇ ਨੋਟਾਂ ਦੀ ਨੌਟੰਕੀ ਲੋਕਾਂ ਨੂੰ ਪੁਤਲੀ ਡਾਂਸ ਕਰਵਾ ਰਹੀ ਹੈ। ਉਸੇ ਸਮੇ ਹੀ ਦੇਸ਼ ਦੇ ਪੰਜ ਰਾਜਾਂ 'ਚ ਵਿਧਾਨਸਭਾ ਚੋਣਾਂ ਦਾ ਬਿਗੁਲ ਫਰਵਰੀ 2017 ਦੇ ਪਹਿਲੇ ਹਫਤੇ ਤੋਂ ਵੱਜ ਚੁੱਕਾ ਹੈ। ਭਾਰਤ ਦੁਨਿਆਂ ਦਾ ਸਭ ਤੋਂ ਵੱਡਾ ਲੋਕਤੰਤਰ ਰਾਜ ਹੈ। ਉਮੀਦਵਾਰ ਭਾਵੇਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਿਆਦਾ ਖੁਸ਼ ਨਹੀ ਹੁੰਦੇ। ਪਰ ਲੋਕ ਚੋਣ ਕਮਿਸ਼ਨ ਦੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹਨ।ਇਸ ਨਾਲ ਵੋਟਾਂ ਦਾ ਵਾ-ਰੌਲਾ ਜੋਰਾਂ 'ਤੇ ਹੈ ਅਤੇ ਵੋਟਾਂ ਦੇ ਵਣਜਾਰੇ ਆਪਣੇ ਗਲਾਂ ਵਿਚ ਚਿੱਟੇ, ਨੀਲੇ, ਪੀਲੇ ਅਤੇ ਬੈਂਗਨੀ ਚੋਲਿਆਂ 'ਚ ਜਾਤਾਂ, ਜਮਾਤਾਂ, ਵਰਗਾਂ ਅਤੇ ਬਰਾਦਰੀਆਂ ਲਈ ਮਿੱਠੀਆਂ ਮਿੱਠੀਆਂ ਗੋਲੀਆਂ ਦੇ ਚੋਣ ਮਨੋਰਥ ਗਲੀ-ਗਲੀ, ਬੂਹੇ-ਬੂਹੇ ਲੋਕਾਂ ਨੂੰ ਵੰਡ ਰਹੇ ਹਨ। ਸ਼ੋਸਲ ਮੀਡੀਏ 'ਤੇ ਇਕ ਦੂਜੇ ਦੀਆਂ ਤੰਬੀਆਂ ਖਿੱਚ ਰਹੇ ਹਨ।ਅੱਖਬਾਰਾਂ 'ਚ ਰੈਲੀਆਂ ਦੇ ਹੜ ਲਿਆ ਰਹੇ ਹਨ। ਇਲੈਕਟ੍ਰੋਨਿਕ ਮੀਡੀਏ ਦੇ ਪ੍ਰੀ ਸਰਵੇਖਣ ਅਤੇ ਉਹਨਾਂ ਦੇ ਸੈਂ-ਪਲਾਂ 'ਤੇ ਕਿੰਤੂ-ਪਰੰਤੂ ਹਮੇਸ਼ਾ ਰਹੀ ਹੈ। ਜਨਤਾ ਜਨਾਰਦਨ ਦੀ ਜਾਗਰੂੱਕਤਾ ਹੀ ਹੈ ਜੋ ਸਹੀ ਫੈਸਲਾ ਲੈ ਸਕਦੀ ਹੈ।

ਵਿਸ਼ੇਸਕਰ ਪੰਜਾਬ ਇਸਵਾਰ ਚੋਣਾਂ ਦੀ ਤਿਕੋਣੀ ਸਥਿਤੀ 'ਚ ਹੈ। ਪੰਜਾਬ ਅੱਜ ਤੱਕ ਮੁੱਖ ਰੂਪ 'ਚ ਸਿਰਫ ਦੋ ਪਾਰਟੀਆਂ ਅਕਾਲੀ ਦਲ ਬਾਦਲ ਅਤੇ ਕਾਂਗਰਸ ਪਾਰਟੀ ਦਾ ਚੋਣ ਅਖਾੜਾ ਹੀ ਰਿਹਾ ਹੈ। ਪਿਛਲੀਆਂ ਅਸੈਂਬਲੀ ਚੋਣਾਂ 'ਚ ਆਮ ਆਦਮੀ ਪਾਰਟੀ ਨੇ ਚਾਰ ਸੀਟਾਂ ਜਿੱਤ ਕੇ ਪੰਜਾਬ ਦੇ ਮਹੌਲ ਨੂੰ ਤਿਕੋਣਾ ਕੀਤਾ ਹੈ। ਦਿੱਲੀ ਦੇ ਇਤਿਹਾਸ 'ਚ ਜੋ ਹੋਇਆ, ਉਸਨੇ ਸਾਰੇ ਦੇਸ਼ ਦੇ ਵੋਟਰ ਨੂੰ ਪ੍ਰਭਾਵਿਤ ਕੀਤਾ ਸੀ।ਉਥੇ ਲੋਕਾਂ ਨੇ ਉਸ ਵੇਲੇ ਧਰਮਾਂ, ਜਾਤਾਂ, ਜਮਾਤਾਂ ਅਤੇ ਵਰਗਾਂ ਤੋਂ ਉਪਰ ਉੱਠ ਕੇ ਲੰਮੇ ਸਮੇਂ ਤੋਂ ਕਾਬਜ ਕਾਂਗਰਸ ਦਾ ਕਿਲਾ ਤੋੜਿਆ ਸੀ। ਪਰ ਕਿਉਂਕਿ ਇਹ ਦਿੱਲੀ ਨਹੀ, ਇਥੇ ਉਸ ਤਰਾਂ ਦਾ ਵੋਟਰ ਨਹੀ ।ਭਾਵੇਂ ਸਾਡੇ ਦੇਸ਼ ਦੇ ਸੰਵਿਧਾਨ 'ਚ ਧਰਮ ਵੀ ਰਾਜਨੀਤੀ ਲਈ ਕੋਈ ਥਾਂ ਨਹੀ ਹੈ, ਮਾਨਯੋਗ ਸੁਪਰੀਮ ਕੋਰਟ ਨੇ ਵੀ ਉਸੇ ਆਧਾਰ 'ਤੇ ਧਰਮ ਦੀ ਰਾਜਨੀਤੀ ਨੂੰ ਵਰਜਿਆ ਹੈ ਅਤੇ ਚੋਣ ਕਮਿਸ਼ਨ ਇਸ ਲਈ ਸੁਚੇਤ ਵੀ ਹੈ। ਫਿਰ ਵੀ ਸਾਡੀ ਮੰਦਭਾਗੀ ਹੈ ਕਿ ਵਰਣਾਂ-ਵਰਗਾਂ ਦੀ ਵੰਡ ਨੇ ਵੋਟਰਾਂ ਨੂੰ ਜਾਤਾਂ-ਜਮਾਤਾਂ ਆਦਿ ਦੇ ਚੌਖਟੇ 'ਚ ਬਿਠਾ ਦਿੱਤਾ ਹੈ ਜਿਸ ਵਿਚੋਂ ਵੋਟਰ ਬਾਹਰ ਨਹੀ ਆ ਰਿਹਾ। ਹਰ ਤਰਾਂ ਦੇ ਕਾਨੂੰਨ ਹੋਣ ਦੇ ਬਾਵਜੂਦ ਵੀ ਜਿਵੇਂ ਦੇਸ਼ 'ਚ ਸੜਕ ਹਾਦਸੇ, ਖੁਦਕੁਸ਼ੀਆਂ, ਬਾਲ ਅਪਰਾਧ, ਨਾਰੀ ਸ਼ੋਸ਼ਣ , ਨਸ਼ਾ, ਭ੍ਰਿਸ਼ਟਾਚਾਰ ਅਤੇ ਲੁੱਟ-ਮਾਰ ਵੱਧ ਰਹੇ ਹਨ, ਧਰਮ ਦੀ ਰਾਜਨੀਤੀ ਅਤੇ ਧਰਮਾਂ, ਜਾਤਾਂ ਅਤੇ ਜਮਾਤਾਂ ਦਾ ਪਾੜਾ ਵੀ ਬੁਰੀ ਤਰਾਂ ਵੱਧ ਚੁੱਕਿਆ ਔਰ ਇਸ ਵੇਲੇ ਖਾਸ ਕਰ ਪੰਜਾਬ 'ਚ ਹਰ ਹੀਲੇ ਇਹੀ ਰਾਜਨੀਤੀ ਪ੍ਰਭਾਵਿਤ ਹੈ। ਏਸ ਵੇਲੇ ਦੇਸ਼ ਦੇ ਵੋਟਰ ਦੀ ਜਾਗਰੂਪਤਾ, ਚੇਤਨਾ ਅਤੇ ਲੋਕਤੰਤਰ ਦੀ ਸਮਝ 'ਤੇ ਨਿਰਭਰ ਹੋਵਗਾ ਕਿ ਕੀ ਚੰਗਾ ਹੈ।

## ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।
## ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।



### ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਫਰਵਰੀ ਮਹੀਨੇ ਹੋਣ ਵਾਲੇ ਪ੍ਰੋਗਰਾਮ

ਮਿਤੀ 3, 4, 5 ਫਰਵਰੀ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸ੍ਰੀਮਾਨ ਹਰਬਲਾਸ ਰੱਲ੍ਹ ਜੀ, ਬੀਬੀ ਅਮਰੋ ਰੱਲ੍ਹ ਜੀ, ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ ਗੁਰੂ ਘਰ), ਬੀਬੀ ਰੇਸ਼ਮੋ ਰੱਲ੍ਹ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ।

**********

ਮਿਤੀ 10, 11, 12 ਫਰਵਰੀ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ 2 ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ, ਬੀਬੀ ਪੁਸ਼ਪਾ ਰੱਲ੍ਹ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ ਜੀ।



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 19 ਫਰਵਰੀ ਦਿਨ ਐਤਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। 18 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ 5 ਵਜੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲੇ ਪਹਿਨਾਏ ਜਾਣਗੇ। ਨਿਸ਼ਾਨ ਸਾਹਿਬ ਜੀ ਦੀ ਸੇਵਾ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਪਰਿਵਾਰ ਵੱਲੋਂ ਕੀਤੀ ਜਾਵੇਗੀ। ਇਸ ਤੋਂ ਉਪਰੰਤ ਸ਼ਨਿਚਰਵਾਰ 5 ਵਜੇ ਤੋਂ ਲੈ ਕੇ 9 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਜਸਵੀਰ ਸਿੰਘ ਖਾਲਸਾ ਜੀ, ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਦਾ ਢਾਡੀ ਜਥਾ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

19 ਫਰਵਰੀ ਦਿਨ ਐਤਵਾਰ ਨੂੰ 10 ਵਜੇ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਭਾਈ ਸਤਿਨਾਮ ਸਿੰਘ ਜੀ, ਬੀਬੀ ਕੁਲਵਿੰਦਰ ਕੌਰ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਜਸਵੀਰ ਸਿੰਘ ਜੀ ਖਾਲਸਾ ਇੰਗਲੈਂਡ ਵਾਲੇ, ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਦਾ ਢਾਡੀ ਜਥਾ, ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਗੁਰਪੁਰਬ ਸਬੰਧਤ ਪ੍ਰੋਗਰਾਮਾਂ ਦਾ ਵੇਰਵਾ

* ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
17 ਫਰਵਰੀ (ਦਿਨ ਸ਼ੁੱਕਰਵਾਰ)
** ਸ੍ਰੀ ਨਿਸ਼ਾਨ ਸਾਹਿਬ ਜੀ ਦੀ ਸੇਵਾ
18 ਫਰਵਰੀ (ਦਿਨ ਸ਼ਨਿਚਰਵਾਰ ਸ਼ਾਮੀ 5 ਵਜੇ)
*** ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
19 ਫਰਵਰੀ ਦਿਨ ਐਤਵਾਰ (10 ਵਜੇ ਸਵੇਰੇ)

* **The Taj** ਰੈਸਟੋਰੈਂਟ ਵੱਲੋਂ ਛੋਲੇ-ਭਟੂਰੇ ਦੀ ਸੇਵਾ ਕੀਤੀ ਜਾਵੇਗੀ।
* ਸ੍ਰੀ ਰਾਜ ਕੁਮਾਰ ਜੀ ਵੱਲੋਂ ਚਾਟ, ਗੋਲ ਗੱਪਿਆਂ ਦੀ ਸੇਵਾ ਕੀਤੀ ਜਾਵੇਗੀ।
* ਨੋਟ:- ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।
* ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਫੋਨ ਨੰਬਰ- 916-694-3386

### ਗੁਰੂ ਘਰ ਦੇ ਸੇਵਾਦਾਰ

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) 530-218-4468
ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ) 530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ) 530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3962
ਸ੍ਰੀ ਮਹਿੰਦਰ ਸਿੰਘ ਚੱਡ੍ਹ (ਚੇਅਰਮੈਨ) 530-790-5985
ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ) 530-565-5974

**Sri Guru Ravidas Temple 1480 HAYNE AVE YUBA CITY, Phone- 530-674-2564)**


# TANDOOR
**Indian Restaurant**
**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days 11 AM to 10 PM

Contact Us:
**Ph. 510-885-1212**
**Fax. 510-885-1532**

# L.A. MERCHANDISE
**Whole Sale +Retail**



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**

ੴ

ਐਸੀ ਲਾਲ ਤੁਝ ਬਿਨੁ ਕਉਨ ਕਰੈ॥
ਗਰੀਬ ਨਿਵਾਜ ਗੁਸਾਈਆਂ ਮੇਰਾ ਮਾਥੇ ਛਤ੍ਰ ਧਰੈ॥

# ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ



# ਪ੍ਰਕਾਸ਼ ਪੁਰਬ

## ਸਬੰਧੀ ਵਿਸ਼ੇਸ਼ ਸਮਾਗਮ

## ਸ੍ਰੀ ਗੁਰੂ ਰਵਿਦਾਸ ਟੈਂਪਲ, ਨਿਊਯਾਰਕ

## ਵਿਖੇ 31 ਜਨਵਰੀ 2017 ਤੋਂ 12 ਫਰਵਰੀ 2017

**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 540ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਮੁਬਾਰਕਾਂ**

ਜਦੋਂ ਮਨੁੱਖਤਾ ਕੁਰਾਹੇ ਪੈ ਜਾਂਦੀ ਹੈ ਤਾਂ ਜ਼ਿੰਦਗੀ ਹਰ ਰਾਹ ਤੇ ਭਟਕਦੀ ਠੋਕਰਾਂ ਖਾਂਦੀ ਹੈ। ਫਿਰ ਪਰਮਾਤਮਾ ਦੀ ਕਿਰਪਾ ਸਦਕਾ ਇਕ ਰੱਬੀ ਰੂਹ ਇਸ ਸੰਸਾਰ ਅੰਦਰ ਪੈਦਾ ਹੁੰਦੀ ਹੈ। 14ਵੀਂ ਸਦੀ ਵਿਚ ਕਾਂਸ਼ੀ ਬਨਾਰਸ ਦੀ ਧਰਤੀ ਉਤੇ ਸਤਿਕਾਰਯੋਗ ਪਿਤਾ ਸੰਤੋਖ ਦਾਸ ਅਤੇ ਸਤਿਕਾਰਯੋਗ ਮਾਤਾ ਕਲਸਾ ਜੀ ਦੇ ਕੁੱਖੋਂ ਪ੍ਰਗਟ ਹੋਏ। ਜਿਹਨਾਂ ਨੂੰ ਅੱਜ ਸਮੁੱਚਾ ਸੰਸਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਯਾਦ ਕਰਦਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੁੱਖ ਤੋਂ ਉਚਾਰਣ ਹੋਈ ਰੱਬੀ ਬਾਣੀ 16 ਰਾਗਾਂ ਅਤੇ 40 ਸ਼ਬਦਾਂ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸਮੁੱਚੀ ਮਾਨਵਤਾ ਦੀ ਭਲਾਈ ਕਰਨ ਵਾਲੇ ਮਹਾਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 10 ਫਰਵਰੀ 2017 ਨੂੰ ਆ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਆਫ ਆਫ ਨਿਊਯਾਰਕ ਆਪ ਸਮੁੱਚੀਆਂ ਸੰਗਤਾਂ ਦੇ ਸਹਿਯੋਗ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾ ਰਹੀ ਹੈ।



### ਗੁਰੂ ਪਿਆਰੀ ਸਾਧ ਸੰਗਤ ਜੀਓ,

ਆਪ ਜੀ ਨੂੰ ਬੜੇ ਹੀ ਆਦਰ ਅਤੇ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੰਗਤਾਂ ਦੀ ਪੁਰਜ਼ੋਰ ਮੰਗ ਤੇ ਗੁਰੂ ਘਰ ਦੀ ਸੁੰਦਰ ਬਿਲਡਿੰਗ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਸੋ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੀ ਨੇਕ ਕਮਾਈ ਵਿਚੋਂ ਦਸਵੰਦ ਕੱਢ ਕੇ ਗੁਰੂ ਘਰ ਦੀ ਹੋ ਰਹੀ ਉਸਾਰੀ ਵਿਚ ਤਨ ਮਨ ਧਨ ਨਾਲ ਸਹਿਯੋਗ ਦਿਓ ਜੀ ਤਾਂ ਜੋ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਉਪਰੋਕਤ ਮਾਡਲ ਵਾਂਗ ਦਿੱਤੀ ਜਾ ਸਕੇ ਜੀ। ਆਪ ਜੀ ਦੇ ਬਹੁਤ ਬਹੁਤ ਧੰਨਵਾਦੀ ਹੋਵਾਂਗੇ।

**31 ਜਨਵਰੀ 2017, ਮੰਗਲਵਾਰ** (11 ਅਖੰਡ ਪਾਠਾਂ ਦੀ ਲੜੀ ਦਾ ਆਰੰਭ ਹੋ ਰਿਹਾ ਹੈ)
**9 ਫਰਵਰੀ 2017, ਵੀਰਵਾਰ** (ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਰਾਤ ਪੂਰੇ 12 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।
**12 ਫਰਵਰੀ 2017, ਐਤਵਾਰ** ਦਾ ਮੁੱਖ ਦੀਵਾਨ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਸਜੇਗਾ

**ਨਿਸ਼ਾਨ ਸਾਹਿਬ ਦੀ ਸੇਵਾ 12 ਫਰਵਰੀ 2017 ਦਿਨ ਐਤਵਾਰ ਨੂੰ ਸਵੇਰੇ 9 ਵਜੇ**

### ਪਹੁੰਚ ਰਹੇ ਪੰਥ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ ਅਤੇ ਕਥਾਵਾਚਕ

ਰਾਗੀ ਕੁਲਦੀਪ ਸਿੰਘ ਯੂ. ਕੇ., ਰਾਗੀ ਤਜਿੰਦਰ ਸਿੰਘ ਨਿਊਜਰਸੀ, ਰਾਗੀ ਹਰਿੰਦਰ ਸਿੰਘ ਫੱਕਰ (ਬਾਲੀਵੁੱਡ), ਰਾਗੀ ਖੇਮ ਸਿੰਘ ਜਲੰਧਰ ਵਾਲੇ, ਹੈਡ ਗ੍ਰੰਥੀ ਬਾਬਾ ਬ੍ਰਹਮ ਦਾਸ, ਰਾਗੀ ਮਹਿੰਦਰ ਸਿੰਘ ਸਾਗਰ, ਰਮਤਾ ਨੀਲਾ ਦੀਪਾ, ਮਿਊਜ਼ੀਕਲ ਗਰੁੱਪ।



ਪਹੁੰਚ ਰਹੇ ਕਲਾਕਾਰ
ਦਿਲਜਾਨ (ਪੰਜਾਬ ਕਲਾਕਾਰ)

### ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ
### ਗੁਰੂ ਪਿਆਰੀ ਸਾਧ ਸੰਗਤ ਜੀਓ,

11 ਅਖੰਡ ਪਾਠਾਂ ਦੀ ਲੜੀ ਨੂੰ ਜਾਰੀ ਰੱਖਦੇ ਹੋਏ ਇਸ ਵਾਰ ਵੀ ਗੁਰੂ ਘਰ ਵਿਖੇ 31 ਜਨਵਰੀ 2017 ਤੋਂ 11 ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਕੇ 12 ਫਰਵਰੀ ਨੂੰ ਸਮਾਪਤ ਹੋਵੇਗੀ। 9 ਫਰਵਰੀ ਦਿਨ ਵੀਰਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਰਾਤ 12 ਵਜੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। 12 ਫਰਵਰੀ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 9 ਵਜੇ ਹੋਵੇਗੀ। 31 ਜਨਵਰੀ ਤੋਂ11 ਫਰਵਰੀ ਤੱਕ ਰਾਤ ਦੇ ਦੀਵਾਨ ਰਾਤੀ 7 ਵਜੇ ਤੋਂ 9 ਵਜੇ ਤੱਕ ਹੋਣਗੇ।12 ਫਰਵਰੀ ਦਿਨ ਐਤਵਾਰ ਦਾ ਮੁੱਖ ਦੀਵਾਨ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ, ਕਥਾਵਾਚਕ ਅਤੇ ਮਿਸ਼ਨਰੀ ਗਾਇਕ ਸੰਗਤ ਨੂੰ ਗੁਰਬਾਣੀ ਨਾਲ ਜੋੜਨਗੇ।



ਰਾਗੀ ਕੁਲਦੀਪ ਸਿੰਘ ਯੂ.ਕੇ.



ਰਾਗੀ ਤਜਿੰਦਰ ਸਿੰਘ ਨਿਊ ਜਰਸੀ



ਰਾਗੀ ਮਹਿੰਦਰ ਸਿੰਘ ਸਾਗਰ



ਰਾਗੀ ਖੇਮ ਸਿੰਘ ਜਲੰਧਰ ਵਾਲੇ



ਰਾਗੀ ਹਰਿੰਦਰ ਸਿੰਘ ਫੱਕਰ (ਬਾਲੀਵੁੱਡ)



ਬਾਬਾ ਬ੍ਰਹਮ ਦਾਸ ਹੈਡ ਗ੍ਰੰਥੀ

**ਗੁਰੂ ਘਰ ਦੇ ਮਹਾਨ ਦੀਵਾਨਾਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਦੇਸ਼-ਵਿਦੇਸ਼ ਵਿਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ। ਸਾਰੇ ਪ੍ਰੋਗਰਾਮ ਵਿਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

## ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਟਰੱਸਟ ਕਮੇਟੀ

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ 718-898-8150, ਫੈਕਸ: 718-898-0932**

**ਮੁੱਖ ਸੇਵਾਦਾਰ: ਅਸ਼ੋਕ ਮਾਹੀ**
917-225-0888

**ਚੇਅਰਮੈਨ: ਬਲਵੀਰ ਚੌਹਾਨ**
646-642-9243

**ਕੈਸ਼ੀਅਰ : ਸਰਬਜੀਤ ਸਿੰਘ**
347-449-9820

**ਸ੍ਰੀ ਗੁਰੂ ਰਵਿਦਾਸ ਟੈਂਪਲ, ਨਿਊਯਾਰਕ**
61-01 Broadway,
Woodside NY 11377